Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 206 | Friday, October 28, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਰੈਜ਼ੀਡੈਂਸ਼ੀਅਲ ਸਕੂਲਜ਼ ਵਿੱਚ ਹੋਈਆਂ ਵਧੀਕੀਆਂ ਨੂੰ ਨਸਲਕੁਸ਼ੀ ਦਾ ਦਰਜਾ ਦੇਣ ਦੇ ਮਤੇ ਉੱਤੇ ਐਮਪੀਜ਼ ਨੇ ਪ੍ਰਗਟਾਈ ਸਹਿਮਤੀ



ਓਟਵਾ, 27 ਅਕਤੂਬਰ (ਪੋਸਟ ਬਿਊਰੋ) : ਐਨਡੀਪੀ ਦੀ ਐਮਪੀ ਵੱਲੋਂ ਵੀਰਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਪੇਸ਼ ਕੀਤੇ ਗਏ ਮਤੇ ਵਿੱਚ ਇਹ ਮੰਗ ਕੀਤੀ ਗਈ ਕਿ ਰੈਜ਼ੀਡੈਂਸ਼ੀਅਲ ਸਕੂਲਜ਼ ਵਿੱਚ ਹੋਈਆਂ ਵਧੀਕੀਆਂ ਨੂੰ ਨਸਲਕੁਸ਼ੀ ਦਾ ਦਰਜਾ ਦਿੱਤਾ ਜਾਵੇ। ਇਸ ਮਤੇ ਉੱਤੇ ਸਾਰੇ ਐਮਪੀਜ਼ ਵੱਲੋਂ ਸਰਬਸੰਮਤੀ ਪ੍ਰਗਟਾਈ ਗਈ।

ਇਹ ਮਤਾ ਵਿਨੀਪੈਗ ਸੈਂਟਰ ਦੀ ਨੁਮਾਇੰਦਗੀ ਕਰਨ ਵਾਲੀ ਐਨਡੀਪੀ ਐਮਪੀ ਲੀਏਹ ਗਾਜ਼ਾਨ ਨੇ ਪੇਸ਼ ਕੀਤਾ। ਪਿਛਲੇ ਸਾਲ ਵੀ ਗਾਜ਼ਾਨ ਵੱਲੋਂ ਇਹ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਪਰ ਉਸ ਸਮੇਂ ਇਸ ਮੁੱਦੇ ਉੱਤੇ ਸਰਬਸੰਮਤੀ ਨਹੀਂ ਸੀ ਬਣ ਪਾਈ। ਜ਼ਿਕਰਯੋਗ ਹੈ ਕਿ 150,000 ਤੋਂ ਵੀ ਵੱਧ ਫਰਸਟ ਨੇਸ਼ਨਜ਼, ਮੈਟਿਸ ਤੇ ਇਨੁਇਟ ਬੱਚਿਆਂ ਨੂੰ ਧੱਕੇ ਨਾਲ ਇਨ੍ਹਾਂ ਰੈਜ਼ੀਡੈਂਸ਼ੀਅਲ ਸਕੂਲ ਅਟੈਂਡ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਇੱਕ ਸਦੀ ਤੋਂ ਵੀ ਵੱਧ ਸਮੇਂ ਤੱਕ ਫੈਡਰਲ ਸਰਕਾਰ ਵੱਲੋਂ ਇਨ੍ਹਾਂ ਸਕੂਲਾਂ ਨੂੰ ਫੰਡ ਦਿੱਤੇ ਜਾਂਦੇ ਰਹੇ ਤੇ ਵੱਖ ਵੱਖ ਚਰਚ ਇਨ੍ਹਾਂ ਨੂੰ ਆਪਰੇਟ ਕਰਦੇ ਰਹੇ। ਕੈਨੇਡਾ ਵਿੱਚ ਬਹੁਤੇ ਰੈਜ਼ੀਡੈਂਸ਼ੀਅਲ ਸਕੂਲਾਂ ਨੂੰ ਕੈਥੋਲਿਕ ਚਰਚ ਚਲਾਉਂਦੇ ਸਨ।

... ਬਾਕੀ ਸਫਾ 6 'ਤੇ

## ਫੈਡਰਲ ਡੈਂਟਲ ਕੇਅਰ ਬੈਨੇਫਿਟ ਬਿੱਲ ਨੂੰ ਹਾਊਸ ਆਫ ਕਾਮਨਜ਼ ਵਿੱਚੋਂ ਮਿਲੀ ਹਰੀ ਝੰਡੀ



ਓਟਵਾ, 27 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਤੇ ਬਲਾਕ ਕਿਊਬਿਕੁਆ ਵੱਲੋਂ ਵਿਰੋਧ ਦੇ ਬਾਵਜੂਦ ਵੀਰਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਲਿਬਰਲਾਂ ਵੱਲੋਂ ਲਿਆਂਦਾ ਡੈਂਟਲ ਕੇਅਰ ਬੈਨੇਫਿਟ ਬਿੱਲ ਤੀਜੀ ਰੀਡਿੰਗ ਵਿੱਚ ਵੀ ਪਾਸ ਹੋ ਗਿਆ।

ਇਹ ਬਿੱਲ 172 ਦੇ ਮੁਕਾਬਲੇ 138 ਵੋਟਾਂ ਨਾਲ ਪਾਸ ਹੋਇਆ। ਇਸ ਤਹਿਤ ਸਾਲ ਵਿੱਚ 90,000 ਡਾਲਰ ਤੋਂ ਵੀ ਘੱਟ ਕਮਾਉਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਦੰਦਾਂ ਦੀ ਸੰਭਾਲ ਲਈ 650 ਡਾਲਰ ਪ੍ਰਤੀ ਬੱਚੇ ਦੇ ਹਿਸਾਬ ਨਾਲ ਮਿਲਣਗੇ। ਇਸ ਮਕਸਦ ਲਈ ਯੋਗ ਹੋਣ ਵਾਸਤੇ ਪਰਿਵਾਰਾਂ ਨੂੰ ਕੈਨੇਡਾ ਰੈਵਨਿਊ ਏਜੰਸੀ ਰਾਹੀਂ ਅਪਲਾਈ ਕਰਨਾ ਹੋਵੇਗਾ ਤੇ ਇਹ ਤਸਦੀਕ ਕਰਨਾ ਹੋਵੇਗਾ ਕਿ ਉਨ੍ਹਾਂ ਨੇ ਆਪਣੇ ਬੱਚੇ ਲਈ ਡੈਂਟਲ ਵਿਜ਼ਿਟ ਬੁੱਕ ਕਰਵਾਈ ਹੈ, ਉਨ੍ਹਾਂ ਕੋਲ ਪ੍ਰਾਈਵੇਟ ਇੰਸ਼ੋਰੈਂਸ ਨਹੀਂ ਹੈ ਤੇ ਇਸ ਅਪੁਆਇੰਟਮੈਂਟ ਲਈ ਹੋਣ ਵਾਲਾ ਖਰਚਾ ਉਨ੍ਹਾਂ ਨੂੰ ਵਾਰਾ ਨਹੀਂ ਖਾਂਦਾ।

ਇਸ ਤੋਂ ਇਲਾਵਾ ਪਰਿਵਾਰਾਂ ਨੂੰ ਇਸ ਸਬੰਧੀ ਰਸੀਦਾਂ ਵੀ ਕੋਲ ਰੱਖਣੀਆਂ ਹੋਣਗੀਆਂ ਕਿਉਂਕਿ ਆਡਿਟ ਹੋਣ ਦੀ ਸੂਰਤ ਵਿੱਚ ਇਹ ਉਨ੍ਹਾਂ ਦੇ ਕੰਮ ਆਉਣਗੀਆਂ। ਇੱਥੇ ਦੱਸਣਾ ਬਣਦਾ ਹੈ ਕਿ ਲਿਬਰਲਾਂ ਤੇ ਐਨਡੀਪੀ ਦਰਮਿਆਨ ਹੋਈ ਸਪਲਾਈ ਤੇ ਕੌਨਫੀਡੈਂਸ ਡੀਲ ਦਾ ਧੁਰਾ ਡੈਂਟਲ ਕੇਅਰ ਹੀ ਹੈ। ਲਿਬਰਲਾਂ ਨੇ 2022 ਦੇ ਅੰਤ ਤੱਕ ਫੈਡਰਲ ਡੈਂਟਲ ਕੇਅਰ ਇੰਸ਼ੋਰੈਂਸ ਪ੍ਰੋਗਰਾਮ ਲਾਂਚ ਕਰਨ ਦਾ ਵਾਅਦਾ ਕੀਤਾ ਸੀ। ਇਹ ਵੀ ਤੈਅ ਹੋਇਆ ਸੀ ਕਿ ਘੱਟ ਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਇਸ ਪ੍ਰੋਗਰਾਮ ਤਹਿਤ ਪਹਿਲ ਦੇ ਅਧਾਰ ਉੱਤੇ ਕਵਰ ਕੀਤਾ ਜਾਵੇਗਾ।

## ਐਲਨ ਮਸਕ ਨੇ ਸਾਂਭਿਆ ਟਵਿੱਟਰ ਦਾ ਕੰਟਰੋਲ, ਕੰਪਨੀ ਦੇ ਟੌਪ ਐਗਜ਼ੈਕਟਿਵਜ਼ ਨੂੰ ਕੀਤਾ ਬਾਹਰ



ਵਾਸ਼ਿੰਗਟਨ, 27 ਅਕਤੂਬਰ (ਪੋਸਟ ਬਿਊਰੋ) : ਐਲਨ ਮਸਕ ਵੱਲੋਂ ਟਵਿੱਟਰ ਦਾ ਕੰਟਰੋਲ ਆਪਣੇ ਹੱਥ ਲੈ ਲਿਆ ਗਿਆ ਹੈ ਤੇ ਪੈਂਦੀ ਸੱਟੇ ਉਸ ਨੇ ਟਵਿੱਟਰ ਦੇ ਸੀਈਓ ਤੇ ਚੀਫ ਫਾਇਨਾਂਸ਼ੀਅਲ ਆਫੀਸਰ ਦੇ ਨਾਲ ਨਾਲ ਕੰਪਨੀ ਦੇ ਜਨਰਲ ਕਾਊਂਸਲ ਨੂੰ ਬਾਹਰ ਕਰ ਦਿੱਤਾ ਹੈ। ਇਸ ਡੀਲ ਤੋਂ ਜਾਣੂ ਦੋ ਵਿਅਕਤੀਆਂ ਵੱਲੋਂ ਵੀਰਵਾਰ ਰਾਤ ਨੂੰ ਇਹ ਖੁਲਾਸਾ ਕੀਤਾ ਗਿਆ।

ਇਨ੍ਹਾਂ ਜਾਣਕਾਰ ਵਿਅਕਤੀਆਂ ਵੱਲੋਂ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ 44 ਬਿਲੀਅਨ ਡਾਲਰ ਦੀ ਇਸ ਡੀਲ ਨਾਲ ਸਬੰਧਤ ਸਾਰਾ ਪੇਪਰਵਰਕ ਪੂਰਾ ਹੋ ਚੁੱਕਿਆ ਹੈ ਜਾਂ ਨਹੀਂ ਜਾਂ ਡੀਲ ਸਿਰੇ ਚੜ੍ਹ ਚੁੱਕੀ ਹੈ ਜਾਂ ਇਸ ਉੱਤੇ ਦਸਤਖ਼ਤ ਹੋ ਚੁੱਕੇ ਹਨ। ਪਰ ਉਨ੍ਹਾਂ ਦੱਸਿਆ ਕਿ ਹੁਣ ਸੋਸ਼ਲ ਮੀਡੀਆ ਪਲੇਟਫਾਰਮ ਦੇ ਇਨ ਚਾਰਜ ਐਲਨ ਮਸਕ ਹਨ ਤੇ ਉਨ੍ਹਾਂ ਵੱਲੋਂ ਸੀਈਓ ਪਰਾਗ ਅਗਰਵਾਲ, ਸੀਐਫਓ ਨੈੱਡ ਸੀਗਲ ਤੇ ਜਨਰਲ ਕਾਊਂਸਲ ਵਿਜਿਆ ਗੱਡੇ ਨੂੰ ਹਟਾ ਦਿੱਤਾ ਗਿਆ ਹੈ। ਮਾਮਲੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ ਦੋਵਾਂ ਵਿਅਕਤੀਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇਹ ਜਾਣਕਾਰੀ ਦਿੱਤੀ।

ਡੈਲਾਵੇਅਰ ਦੀ ਜੱਜ ਵੱਲੋਂ ਇਸ ਡੀਲ ਨੂੰ ਫਾਈਨਲ ਕਰਨ ਦੀ ਮਿਥੀ ਗਈ ਡੈੱਡਲਾਈਨ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਇਹ ਜਾਣਕਾਰੀ ਹਾਸਲ ਹੋਈ। ਇਸ ਜੱਜ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਦੋਵਾਂ ਧਿਰਾਂ ਦਰਮਿਆਨ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਹੁੰਦਾ ਤਾਂ ਉਨ੍ਹਾਂ ਵੱਲੋਂ ਟ੍ਰਾਇਲ ਸ਼ੁਰੂ ਕੀਤਾ ਜਾਵੇਗਾ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL
For Ourr Exclusive Deals
PRICE $4699
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010 | 5781 Highway 7 Unit 10, Vaughan, ON L4L 1T8, (416)-477-5556
416-551-5553
WWW.OURRHOMEAPPLIANCES.COM

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE
WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਅੱਜ ਸ਼ੁਰੂ ਹੋਵੇਗੀ ਓਨਟਾਰੀਓ ਵਿਧਾਨਸਭਾ ਦੀ ਕਾਰਵਾਈ, ਹਾਊਸਿੰਗ, ਹੈਲਥ ਕੇਅਰ ਤੇ ਅਰਥਚਾਰੇ ਵਰਗੇ ਮੁੱਦੇ ਰਹਿਣਗੇ ਮੁੱਖ ਤਰਜੀਹ



ਓਨਟਾਰੀਓ, 27 ਅਕਤੂਬਰ (ਪੋਸਟ ਬਿਊਰੋ) : ਛੇ ਹਫਤਿਆਂ ਮਗਰੋਂ ਮੰਗਲਵਾਰ ਨੂੰ ਸ਼ੁਰੂ ਹੋਣ ਜਾ ਰਹੀ ਓਨਟਾਰੀਓ ਵਿਧਾਨਸਭਾ ਦੀ ਕਾਰਵਾਈ ਵਿੱਚ ਹਾਊਸਿੰਗ, ਹੈਲਥ ਕੇਅਰ ਤੇ ਅਰਥਚਾਰੇ ਵਰਗੇ ਮੁੱਦੇ ਤਰਜੀਹੀ ਤੌਰ ਉੱਤੇ ਵਿਚਾਰੇ ਜਾਣਗੇ।

ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਓਨਟਾਰੀਓ ਨੂੰ ਇਸ ਸਮੇਂ ਕਈ ਸੰਕਟਾਂ ਨੇ ਘੇਰਿਆ ਹੋਇਆ ਹੈ। ਜਿਵੇਂ ਹੀ ਵਿਧਾਇਕ ਕੁਈਨਜ਼ ਪਾਰਕ ਪਰਤਣਗੇ ਉਨ੍ਹਾਂ ਦੇ ਸਿਰ ਉੱਤੇ ਐਮਰਜੰਸੀ ਡਿਪਾਰਟਮੈਂਟਸ ਵਿੱਚ ਲੱਗਣ ਵਾਲੀ ਭੀੜ, ਐਂਬੂਲੈਂਸਾਂ ਦੀ ਘਾਟ, ਗਰੌਸਰੀ ਬਿੱਲਾਂ ਵਿੱਚ ਰਿਕਾਰਡ ਤੋੜ ਵਾਧਾ, ਆਸਮਾਨੀ ਚੜ੍ਹ ਚੁੱਕੀ ਮਹਿੰਗਾਈ, ਹਾਊਸਿੰਗ ਸੰਕਟ ਤੇ ਐਜੂਕੇਟਰਜ਼ ਦੀ ਸੰਭਾਵੀ ਹੜਤਾਲ ਵਰਗੇ ਮੁੱਦਿਆਂ ਦੀ ਤਲਵਾਰ ਲਟਕ ਰਹੀ ਹੋਵੇਗੀ।

ਦੂਜੇ ਪਾਸੇ ਸਿਆਲਾਂ ਵੱਲੋਂ ਵੀ ਦਸਤਕ ਦੇ ਦਿੱਤੀ ਗਈ ਹੈ ਜਿਸ ਕਾਰਨ ਕੋਵਿਡ-19 ਤੇ ਫਲੂ ਵਰਗੀਆਂ ਅਲਾਮਤਾਂ ਵੀ ਵੱਡੀ ਸਿਰਦਰਦੀ ਬਣੀਆਂ ਹੋਈਆਂ ਹਨ। ਪ੍ਰੋਵਿੰਸ ਵੱਲੋਂ ਪਹਿਲਾਂ ਹੀ ਇਹ ਸਪਸ਼ਟ ਕੀਤਾ ਜਾ ਚੁੱਕਿਆ ਹੈ ਕਿ ਹਾਊਸਿੰਗ ਉੱਤੇ ਉਨ੍ਹਾਂ ਵੱਲੋਂ ਮੁੱਖ ਤੌਰ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਪ੍ਰੀਮੀਅਰ ਡੱਗ ਫੋਰਡ ਦੀ ਤਰਜ਼ਮਾਨ ਕ੍ਰਿਸਟੀਨ ਵੁੱਡ ਨੇ ਆਖਿਆ ਕਿ ਅਸੀਂ ਸਮਝ ਸਕਦੇ ਹਾਂ ਕਿ ਓਨਟਾਰੀਓ ਦੇ ਹਾਊਸਿੰਗ ਸਪਲਾਈ ਸੰਕਟ ਤੋਂ ਭਾਵ ਹੈ ਕਿ ਕਈ ਨੌਜਵਾਨਾਂ ਦੇ ਘਰ ਖਰੀਦਣ ਦਾ ਸੁਪਨਾ ਪੂਰਾ ਨਹੀਂ ਹੋ ਪਾ ਰਿਹਾ ਕਿਉਂਕਿ ਉਨ੍ਹਾਂ ਨੂੰ ਅਜਿਹੇ ਘਰ ਹੀ ਨਹੀਂ ਮਿਲ ਪਾ ਰਹੇ ਜਿਹੜੇ ਉਨ੍ਹਾਂ ਦੀਆਂ ਲੋੜਾਂ ਤੇ ਬਜਟ ਦੇ ਮੁਤਾਬਕ ਢੁਕਵੇਂ ਹੋਣ। ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਦਾ ਬਹੁਤਾ ਧਿਆਨ ਹਾਊਸਿੰਗ, ਹੈਲਥ ਕੇਅਰ ਤੇ ਅਰਥਚਾਰੇ ਉੱਤੇ ਰਹੇਗਾ।

# ਹੁਣ ਵਿਦੇਸ਼ੀ ਨਾਗਰਿਕਾਂ ਲਈ ਓਨਟਾਰੀਓ ਵਿੱਚ ਘਰ ਖਰੀਦਣਾ ਹੋਵੇਗਾ ਹੋਰ ਵੀ ਮਹਿੰਗਾ




ਓਨਟਾਰੀਓ, 27 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਵਿਦੇਸ਼ੀ ਨਾਗਰਿਕਾਂ ਤੇ ਨੌਨ-ਰੈਜ਼ੀਡੈਂਟਸ ਵੱਲੋਂ ਘਰ ਖਰੀਦੇ ਜਾਣ ਉੱਤੇ ਟੈਕਸ ਵਿੱਚ ਵਾਧਾ ਕਰਨ ਜਾ ਰਿਹਾ ਹੈ। ਇਸ ਟੈਕਸ ਵਿੱਚ 20 ਤੋਂ 25 ਫੀ ਸਦੀ ਦਾ ਵਾਧਾ ਹੋਵੇਗਾ। ਇਹ ਫੈਸਲਾ ਮੰਗਲਵਾਰ ਤੋਂ ਲਾਗੂ ਹੋਣ ਜਾ ਰਿਹਾ ਹੈ।

ਵਿੱਤ ਮੰਤਰੀ ਪੀਟਰ ਬੈਥਲੇਨਫੈਲਵੀ ਨੇ ਦੱਸਿਆ ਕਿ ਇਸ ਕਦਮ ਨਾਲ ਓਨਟਾਰੀਓ ਵਿੱਚ ਟੈਕਸ ਦਰ ਪੂਰੇ ਕੈਨੇਡਾ ਨਾਲੋਂ ਸੱਭ ਤੋਂ ਵੱਧ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਗੈਰ ਰਿਹਾਇਸ਼ੀ ਰੈਜ਼ੀਡੈਂਟਸ ਉੱਤੇ ਲਾਏ ਜਾਣ ਵਾਲੇ ਇਸ ਟੈਕਸ ਵਿੱਚ ਮਾਰਚ ਵਿੱਚ 15 ਫੀ ਸਦੀ ਤੋਂ 20 ਫੀ ਸਦੀ ਦਾ ਵਾਧਾ ਕੀਤਾ ਸੀ ਤੇ ਇਸ ਨੂੰ ਦੱਖਣੀ ਓਨਟਾਰੀਓ ਦੇ ਸਿਰਫ ਗ੍ਰੇਟਰ ਗੋਲਡਨ ਹੌਰਸਸ਼ੂ ਦੀ ਥਾਂ ਪੂਰੇ ਪ੍ਰੋਵਿੰਸ ਵਿੱਚ ਲਾਗੂ ਕੀਤਾ ਸੀ।

ਮਿਊਂਸਪਲ ਅਫੇਅਰਜ਼ ਐਂਡ ਹਾਊਸਿੰਗ ਮੰਤਰੀ ਸਟੀਵ ਕਲਾਰਕ ਵੱਲੋਂ ਵੀ ਅੱਜ ਹਾਊਸਿੰਗ ਸਬੰਧੀ ਬਿੱਲ ਪੇਸ਼ ਕੀਤਾ ਜਾਣਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਰਕਾਰ ਅਗਲੇ 10 ਸਾਲਾਂ ਵਿੱਚ 1·5 ਮਿਲੀਅਨ ਡਾਲਰ ਘਰਾਂ ਦਾ ਨਿਰਮਾਣ ਕਰਨਾ ਚਾਹੁੰਦੀ ਹੈ। ਕਲਾਰਕ ਨੇ ਆਖਿਆ ਕਿ ਟੈਕਸਾਂ ਵਿੱਚ ਵਾਧਾ ਕਰਕੇ ਅਸੀਂ ਓਨਟਾਰੀਓ ਵਿੱਚ ਹਾਊਸਿੰਗ ਸੰਕਟ ਨੂੰ ਖ਼ਤਮ ਕਰਨ ਦੇ ਇੱਕ ਹੋਰ ਕਦਮ ਨੇੜੇ ਪਹੁੰਚ ਗਏ ਹਾਂ।

# ਮਿਸੀਸਾਗਾ ਦੇ ਪਾਰਕਿੰਗ ਲੌਟ ਵਿੱਚ ਹੋਈ ਲੜਾਈ ਵਿੱਚ 500 ਲੋਕ ਸ਼ਾਮਲ





ਮਿਸੀਸਾਗਾ, 27 ਅਕਤੂਬਰ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਸੋਮਵਾਰ ਰਾਤ ਨੂੰ ਮਿਸੀਸਾਗਾ ਵਿੱਚ ਗੋਰਵੇਅ ਅਤੇ ਐਟਿਊਡ ਡਰਾਈਵਜ਼ ਦੇ ਪਾਰਕਿੰਗ ਲੌਟ ਵਿੱਚ ਹੋਈ ਲੜਾਈ ਵਿੱਚ 400 ਤੋਂ 500 ਲੋਕ ਸ਼ਾਮਲ ਸਨ।

ਪੁਲਿਸ ਨੂੰ ਰਾਤੀਂ 9:41 ਉੱਤੇ ਕਾਲ ਕਰਕੇ ਇਸ ਇਲਾਕੇ ਵਿੱਚ ਸੱਦਿਆ ਗਿਆ। ਇੱਕ ਵਿਅਕਤੀ ਦੇ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਕਾਰਨ ਪੀਲ ਪੈਰਾਮੈਡਿਕਸ ਵੱਲੋਂ ਮੌਕੇ ਉੱਤੇ ਹੀ ਉਸ ਦਾ ਇਲਾਜ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਜਲਦ ਹੀ ਸਥਿਤੀ ਉੱਤੇ ਕਾਬੂ ਪਾ ਲਿਆ ਗਿਆ ਤੇ ਜਦੋਂ ਤੱਕ ਘਟਨਾ ਵਾਲੀ ਥਾਂ ਨੂੰ ਖਾਲੀ ਨਹੀਂ ਕਰਵਾ ਲਿਆ ਗਿਆ ਉਦੋਂ ਤੱਕ ਗੋਰਵੇਅ ਡਰਾਈਵ ਨੂੰ ਐਟਿਊਡ ਡਰਾਈਵ ਤੇ ਮੌਰਨਿੰਗ ਸਟਾਰ ਡਰਾਈਵ ਦਰਮਿਆਨ ਦੋਵਾਂ ਦਿਸ਼ਾਵਾਂ ਤੋਂ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ। ਇਸ ਸਬੰਧ ਵਿੱਚ ਹੋਰ ਵੇਰਵੇ ਹਾਸਲ ਨਹੀਂ ਹੋ ਸਕੇ ਹਨ।

## ਸੱਤਾ ਪੱਖੀ ਗੀਤ ਗਾਉਣ ਤੋਂ ਇਨਕਾਰ ਕਰਨ ਵਾਲੀ ਸਕੂਲੀ ਵਿਦਿਆਰਥਣ ਦੀ ਪੁਲਸ ਕੁੱਟਮਾਰ ਤੋਂ ਬਾਅਦ ਹੋਈ ਮੌਤ

ਤਹਿਰਾਨ, 27 ਅਕਤੂਬਰ (ਪੋਸਟ ਬਿਊਰੋ)- ਈਰਾਨ 'ਚ ਇਕ ਹੋਰ ਸਕੂਲੀ ਵਿਦਿਆਰਥਣ ਨੂੰ ਉਸ ਦੇ ਸਕੂਲ 'ਤੇ ਛਾਪੇਮਾਰੀ ਦੌਰਾਨ ਮਾਰ ਦਿੱਤਾ ਗਿਆ ਹੈ। ਦਿ ਗਾਰਡੀਅਨ ਦੀ ਖਬਰ ਮੁਤਾਬਕ ਸੁਰੱਖਿਆ ਬਲਾਂ ਨੇ ਉਸ ਦੀ ਕੁੱਟਮਾਰ ਕੀਤੀ। ਸੁਰੱਖਿਆ ਬਲ ਚਾਹੁੰਦੇ ਸਨ ਕਿ ਬੱਚੇ ਸਕੂਲ ਵਿੱਚ ਸੱਤਾ ਪੱਖੀ ਗੀਤ ਗਾਉਣ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਸੁਰੱਖਿਆ ਬਲਾਂ ਨੇ ਸਕੂਲੀ ਬੱਚਿਆਂ ਦੀ ਕੁੱਟਮਾਰ ਕੀਤੀ। ਇਸ ਘਟਨਾ ਤੋਂ ਬਾਅਦ ਰੋਸ ਦੀ ਨਵੀਂ ਲਹਿਰ ਪੈਦਾ ਹੋ ਗਈ ਸੀ। ਇਹ ਘਟਨਾ 13 ਅਕਤੂਬਰ ਨੂੰ ਅਰਦਬੀਲ ਦੇ ਸ਼ਹੀਦ ਗਰਲਜ਼ ਸਕੂਲ ਵਿਚ ਵਾਪਰੀ ਸੀ। ਇਸ ਘਟਨਾ 'ਚ ਜ਼ਖਮੀ ਹੋਏ ਕਈ ਸਕੂਲੀ ਵਿਦਿਆਰਥੀਆਂ 'ਚੋਂ ਇਕ 15 ਸਾਲਾ ਲੜਕੀ ਅਰਸਾ ਪਨਹੀ ਸੀ, ਬਾਅਦ 'ਚ ਉਸ ਦੀ ਮੌਤ ਹੋ ਗਈ। ਦਿ ਗਾਰਡੀਅਨ ਦੀ ਰਿਪੋਰਟ ਮੁਤਾਬਕ ਈਰਾਨੀ ਅਧਿਕਾਰੀਆਂ ਨੇ ਸਪੱਸ਼ਟ ਕਿਹਾ ਹੈ ਕਿ ਦੇਸ਼ ਦੇ ਸੁਰੱਖਿਆ ਬਲ ਇਸ ਕਿਸ਼ੋਰ ਦੀ ਮੌਤ ਲਈ ਜ਼ਿੰਮੇਵਾਰ ਨਹੀਂ ਹਨ।

## ਕੈਨੇਡਾ ਵਿੱਚ ਵਧ ਰਹੇ ਆਰਐਸਵੀ ਦੇ ਮਾਮਲਿਆਂ ਨਾਲ ਸਿੱਝਣ ਲਈ ਜੂਝ ਰਹੇ ਹਨ ਹਸਪਤਾਲ



ਓਟਵਾ, 27 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਬੱਚਿਆਂ ਦੇ ਹਸਪਤਾਲ ਵਿੱਚ ਸਾਹ ਸਬੰਧੀ ਵਾਇਰਸ ਦੇ ਕਈ ਮਰੀਜ਼ਾਂ ਨੂੰ ਭਰਤੀ ਕਰਵਾਏ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਵਾਇਰਸ ਦੇ ਮਾਮਲੇ ਕੈਨੇਡਾ ਵਿੱਚ ਵੀ ਵੱਧ ਰਹੇ ਹਨ।

ਰੈਸਪੀਰੇਟਰੀ ਸਿੰਸ਼ੀਅਲ ਵਾਇਰਸ ਜਾਂ ਆਰਐਸਵੀ ਆਮ ਤੇ ਤੇਜ਼ੀ ਨਾਲ ਫੈਲਣ ਵਾਲਾ ਵਾਇਰਸ ਹੈ ਜਿਹੜਾ ਅਕਸਰ ਨਿੱਕੇ ਬੱਚਿਆਂ ਨੂੰ ਆਪਣੀ ਚਪੇਟ ਵਿੱਚ ਲੈਂਦਾ ਹੈ। ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਅਨੁਸਾਰ ਦੋ ਸਾਲ ਤੱਕ ਪਹੁੰਚਣ ਤੋਂ ਪਹਿਲਾਂ ਹੀ ਸਾਰੇ ਬੱਚਿਆਂ ਨੂੰ ਆਮ ਤੌਰ ਉੱਤੇ ਆਰਐਸਵੀ ਇਨਫੈਕਸ਼ਨ ਹੋ ਚੁੱਕਿਆ ਹੁੰਦਾ ਹੈ।

ਇਸ ਵਾਇਰਸ ਦੌਰਾਨ ਹਲਕਾ ਜ਼ੁਕਾਮ, ਨੱਕ ਵਗਣਾ, ਛਿੱਕਾਂ ਆਉਣੀਆਂ, ਖੰਘ ਤੇ ਬੁਖਾਰ ਆਦਿ ਹੁੰਦਾ ਹੈ ਪਰ ਇਸ ਦੇ ਵਿਗੜਨ ਉੱਤੇ ਨਿਮੋਨੀਆ ਤੇ ਬ੍ਰੌਂਕੀਓਲਿਟਿਸ ਤੱਕ ਹੋ ਸਕਦਾ ਹੈ। ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚੇ ਤੇ ਅਜਿਹੇ ਬੱਚੇ ਜਿਨ੍ਹਾਂ ਨੂੰ ਦਮਾ ਤੇ ਕੰਜੈਸਟਿਵ ਹਾਰਟ ਫੇਲੀਅਰ ਵਰਗੀਆਂ ਤਕਲੀਫਾਂ ਹਨ, ਉਨ੍ਹਾਂ ਨੂੰ ਇਹ ਵਾਇਰਸ ਹੋਣ ਦਾ ਖਤਰਾ ਵਧੇਰੇ ਹੁੰਦਾ ਹੈ।

ਅਮਰੀਕਾ ਦੇ ਹਸਪਤਾਲ ਵਿੱਚ ਇਸ ਵਾਇਰਸ ਦੇ ਕਈ ਮਾਮਲੇ ਪਾਏ ਜਾ ਰਹੇ ਹਨ। ਸ਼ਿਕਾਗੋ ਵਿੱਚ ਐਡਵੋਕੇਟ ਚਿਲਡਰਨਜ਼ ਹੌਸਪਿਟਲ ਦੇ ਡਾ· ਫਰੈਂਕ ਬੈਲਮੌਂਟ ਨੇ ਆਖਿਆ ਕਿ ਸਾਡੇ ਲਈ ਇਹ ਸਮਾਂ ਮਾਰਚ 2020 ਤੋਂ ਘੱਟ ਨਹੀਂ ਹੈ। ਇਹ ਬੱਚਿਆਂ ਵਿੱਚ ਮਹਾਂਮਾਰੀ ਫੈਲਣ ਵਾਲੀ ਗੱਲ ਹੈ। ਕਨੈਕਟੀਕਟ ਚਿਲਡਰਨਜ਼ ਮੈਡੀਕਲ ਸੈਂਟਰ ਵਿਖੇ ਹਸਪਤਾਲ ਦੀ ਸਮਰੱਥਾ ਵਧਾਉਣ ਲਈ ਕੌਮੀ ਪੱਧਰ ਉੱਤੇ ਮਦਦ ਮੰਗੀ ਜਾ ਰਹੀ ਹੈ।

ਇਸ ਦੌਰਾਨ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਵੀ ਦੇਸ਼ ਵਿੱਚ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਹੋਏ ਵਾਧੇ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਖਾਸਤੌਰ ਉੱਤੇ ਕਿਊਬਿਕ ਵਿੱਚ ਹਾਲ ਕਾਫੀ ਮਾੜੇ ਹਨ ਕਿਉਂਕਿ ਕਈ ਕੈਨੇਡੀਅਨ ਐਮਰਜੰਸੀ ਰੂਮਜ਼ ਪਹਿਲਾਂ ਹੀ ਭਰ ਚੁੱਕੇ ਹਨ ਤੇ ਲੰਮੇਂ ਉਡੀਕ ਸਮੇਂ ਤੇ ਕਪੈਸਿਟੀ ਇਸ਼ੂਜ਼ ਨਾਲ ਹਸਪਤਾਲਾਂ ਨੂੰ ਜੂਝਣਾ ਪੈ ਰਿਹਾ ਹੈ।

## ਟਰਾਂਸਪੋਰਟ ਮੰਤਰੀ ਦੇ ਹੁਕਮਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਰੋਡਵੇਜ ਦੇ ਜਨਰਲ ਮੈਨੇਜਰ ਸਣੇ ਚਾਰ ਮੁਲਾਜ਼ਮਾਂ ਮੁਅੱਤਲ




ਚੰਡੀਗੜ, 27 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹੁਕਮਾਂ 'ਤੇ ਅੱਜ ਪੰਜਾਬ ਰੋਡਵੇਜ ਦੇ ਜਨਰਲ ਮੈਨੇਜਰ ਸਮੇਤ ਚਾਰ ਮੁਲਾਜਮਾਂ ਨੂੰ ਬੇਨਿਯਮੀਆਂ ਅਤੇ ਭ੍ਰਿਸ਼ਟ ਗਤੀਵਿਧੀਆਂ ਦੇ ਦੋਸ਼ਾਂ ਤਹਿਤ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਰੋਡਵੇਜ ਦੇ ਸ੍ਰੀ ਮੁਕਤਸਰ ਸਾਹਿਬ ਡਿਪੂ ਵਿਖੇ ਹੋ ਰਹੀਆਂ ਬੇਨਿਯਮੀਆਂ ਸਬੰਧੀ ਉਨਾਂ ਨੂੰ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਸ ਸਬੰਧੀ ਮੁਢਲੀ ਪੜਤਾਲ ਕਰਵਾਉਣ ਲਈ ਜਾਂਚ ਟੀਮ ਗਠਿਤ ਕੀਤੀ ਗਈ ਸੀ।

ਉਨਾਂ ਦੱਸਿਆ ਕਿ ਜਾਂਚ ਟੀਮ ਵੱਲੋਂ ਪੇਸ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਸ੍ਰੀ ਮੁਕਤਸਰ ਸਾਹਿਬ ਡਿਪੂ ਦੇ ਜਨਰਲ ਮੈਨੇਜਰ ਰਣਜੀਤ ਸਿੰਘ ਬੱਗਾ, ਸਬ ਇੰਸਪੈਕਟਰ ਬਲਵਿੰਦਰ ਸਿੰਘ, ਸੀਨੀਅਰ ਸਹਾਇਕ ਪਰਗਟ ਸਿੰਘ ਅਤੇ ਕੰਡਕਟਰ ਗੁਰਸਰਨ ਸਿੰਘ ਨੂੰ ਸਰਕਾਰੀ ਖਜਾਨੇ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਅਤੇ ਭ੍ਰਿਸਟਾਚਾਰ ਗਤੀਵਿਧੀਆਂ ਚਲਾਉਣ ਦੇ ਗੰਭੀਰ ਦੋਸਾਂ ਤਹਿਤ ਮੁਅੱਤਲ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਇਹ ਅਧਿਕਾਰੀ ਅਤੇ ਕਰਮਚਾਰੀ ਪ੍ਰਾਈਵੇਟ ਬੱਸਾਂ ਦੀ ਅੱਡਾ ਫੀਸ ਤਾਂ ਲੈ ਲੈਂਦੇ ਸਨ ਪਰ ਉਸ ਦੀ ਪਰਚੀ ਨਹੀਂ ਸਨ ਦਿੰਦੇ ਅਤੇ ਬਣਦੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮਾਂ ਕਰਵਾਉਣ ਦੀ ਥਾਂ ਆਪਣੀਆਂ ਜੇਬਾਂ ਵਿੱਚ ਪਾ ਲੈਂਦੇ ਸਨ।

ਇਨਾਂ ਮੁਲਾਜ਼ਮਾਂ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ, 1970 ਦੇ ਨਿਯਮ 4 (2) (ਏ) ਤਹਿਤ ਤੁਰੰਤ ਡਿਊਟੀ ਤੋਂ ਮੁਅੱਤਲ ਕੀਤਾ ਗਿਆ ਹੈ। ਮੁਲਾਜਮਾਂ ਦਾ ਮੁਅੱਤਲੀ ਸਮੇਂ ਦੌਰਾਨ ਹੈੱਡ ਕੁਆਰਟਰ ਦਫਤਰ ਡਾਇਰੈਕਟਰ ਸਟੇਟ ਟਰਾਂਸਪੋਰਟ, ਪੰਜਾਬ, ਚੰਡੀਗੜ ਹੋਵੇਗਾ।

## ਪੁਤਿਨ, ਰੂਸ ਨੇ ਪ੍ਰਮਾਣੂ ਯੁੱਧ ਦੇ ਡਰ ਦੇ ਵਿਚਕਾਰ ਐਕਸ਼ਨ ਮੋਡ ਵਿੱਚ ਬੈਲਿਸਟਿਕ ਮਿਜ਼ਾਈਲ ਲਾਂਚ ਕੀਤੀ



ਮਾਸਕੋ, 27 ਅਕਤੂਬਰ (ਪੋਸਟ ਬਿਊਰੋ)- ਯੂਕਰੇਨ ਨਾਲ ਪਰਮਾਣੂ ਜੰਗ ਦੀਆਂ ਧਮਕੀਆਂ ਦਰਮਿਆਨ ਰੂਸ ਨੇ ਬੈਲਿਸਟਿਕ ਮਿਜ਼ਾਈਲ ਦਾਗੀ ਹੈ। ਕ੍ਰੇਮਲਿਨ ਨੇ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਬੁੱਧਵਾਰ ਨੂੰ ਮਾਸਕੋ ਦੇ ਰਣਨੀਤਕ ਬਚਾਅ ਬਲਾਂ ਦੀ ਸਿਖਲਾਈ ਦੀ ਨਿਗਰਾਨੀ ਕੀਤੀ, ਜੋ ਪ੍ਰਮਾਣੂ ਯੁੱਧ ਦੀਆਂ ਧਮਕੀਆਂ ਦਾ ਜਵਾਬ ਦੇਣ ਲਈ ਤਾਇਨਾਤ ਹਨ। ਸਰਕਾਰੀ ਟੈਲੀਵਿਜ਼ਨ ਨੇ ਪੁਤਿਨ ਨੂੰ ਕੰਟਰੋਲ ਰੂਮ ਤੋਂ ਅਭਿਆਸ ਦੀ ਨਿਗਰਾਨੀ ਕਰਦੇ ਦਿਖਾਇਆ। ਇਸ ਦੇ ਨਾਲ ਹੀ, ਕ੍ਰੇਮਲਿਨ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਲੰਬੀ ਦੂਰੀ ਦੇ ਜਹਾਜ਼ਾਂ ਨੂੰ ਵੀ ਅਭਿਆਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਇੱਥੇ ਦੱਸ ਦੇਈਏ ਕਿ ਬੁੱਧਵਾਰ ਨੂੰ ਰੂਸ ਦੇ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਅਤੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵਿਚਾਲੇ ਫੋਨ 'ਤੇ ਗੱਲਬਾਤ ਹੋਈ ਸੀ। ਇਸ ਦੌਰਾਨ ਰਾਜਨਾਥ ਸਿੰਘ ਨੇ ਆਪਣੇ ਰੂਸੀ ਹਮਰੁਤਬਾ ਸਰਗੇਈ ਸ਼ੋਇਗੂ ਨੂੰ ਕਿਹਾ ਕਿ ਯੂਕਰੇਨ ਯੁੱਧ ਵਿੱਚ ਕਿਸੇ ਵੀ ਪਾਸਿਓਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ "ਪਰਮਾਣੂ ਜਾਂ ਰੇਡੀਓਲੌਜੀਕਲ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਮਨੁੱਖਤਾ ਦੇ ਬੁਨਿਆਦੀ ਸਿਧਾਂਤਾਂ ਦੇ ਵਿਰੁੱਧ ਹੈ." ਸਿੰਘ ਨੇ ਸ਼ੋਇਗੂ ਨੂੰ ਕਿਹਾ, ਗੱਲਬਾਤ ਅਤੇ ਕੂਟਨੀਤੀ ਰਾਹੀਂ ਜੰਗ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ

## ਅਸਾਮ ਪੁਲਿਸ ਨੇ ਵੀਜ਼ਾ ਨਿਯਮਾਂ ਦੀ ਉਲੰਘਣਾ ਦੇ ਦੋਸ਼ ਵਿੱਚ 3 ਸਵੀਡਿਸ਼ ਨਾਗਰਿਕਾਂ ਨੂੰ ਕੀਤਾ ਹਿਰਾਸਤ ਵਿੱਚ, ਵਾਪਸ ਭੇਜਿਆ ਜਾਵੇਗਾ



ਗੁਹਾਟੀ, 27 ਅਕਤੂਬਰ (ਪੋਸਟ ਬਿਊਰੋ)- ਆਸਾਮ ਪੁਲਿਸ ਨੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲਿਸ ਮੁਤਾਬਕ ਤਿੰਨੋਂ ਨਾਗਰਿਕ ਮੂਲ ਰੂਪ ਤੋਂ ਸਵੀਡਨ ਦੇ ਰਹਿਣ ਵਾਲੇ ਹਨ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਹਿਰਾਸਤ ਵਿਚ ਲਏ ਗਏ ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਉਸ ਸਮੇਂ ਕਾਬੂ ਕੀਤਾ ਗਿਆ ਜਦੋਂ ਉਹ ਆਸਾਮ ਦੇ ਡਿਬਰੂਗੜ੍ਹ ਜ਼ਿਲੇ ਦੇ ਨਾਮਰੂਪ ਥਾਣਾ ਖੇਤਰ ਦੇ ਘਨਈ ਵਿਚ ਟੂਰਿਸਟ ਵੀਜ਼ੇ 'ਤੇ ਪ੍ਰਾਰਥਨਾ ਅਤੇ ਸ਼ਾਂਤੀ ਮੀਟਿੰਗ ਵਿਚ ਸ਼ਾਮਲ ਹੋਣ ਜਾ ਰਹੇ ਸਨ। ਪੁਲਸ ਨੇ ਇਸ ਸਬੰਧੀ ਖੁਦ ਨੋਟਿਸ ਲਿਆ ਹੈ।

ਤਿੰਨ ਦਿਨਾਂ ਪ੍ਰਾਰਥਨਾ ਸਭਾ ਦਾ ਆਯੋਜਨ ਯੂਨਾਈਟਿਡ ਚਰਚ ਫੋਰਮ ਦੁਆਰਾ ਕੀਤਾ ਗਿਆ ਸੀ, ਜੋ ਕਿ 12 ਵੱਖ-ਵੱਖ ਚਰਚਾਂ ਦੀ ਇੱਕ ਸੰਸਥਾ ਹੈ, ਜਿਸ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੋਂ ਉਚਿਤ ਆਗਿਆ ਹੈ। ਵਿਦੇਸ਼ੀ ਕਾਨੂੰਨ 1946 ਦੀ ਧਾਰਾ 14ਬੀ ਅਤੇ 14ਸੀ ਤਹਿਤ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ। ਪੁਲਸ ਸੂਤਰਾਂ ਅਨੁਸਾਰ ਉਹ ਦੋਸ਼ੀ ਪਾਏ ਗਏ ਹਨ ਪਰ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕਰੇਗੀ ਸਗੋਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ। ਇਸ ਦੀਆਂ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

## ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਕਾਂਗਰਸ ਅਤੇ ਮੇਰੇ ਲਈ ਵੱਡਾ ਤੋਹਫਾ: ਮਲਿਕਾਅਰਜੁਨ ਖੜਗੇ



ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਨਵੇਂ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਾਰਟੀ ਦੀ ਕੇਂਦਰੀ ਚੋਣ ਕਮੇਟੀ (ਸੀਈਸੀ) ਨਾਲ ਪਹਿਲੀ ਮੀਟਿੰਗ ਕੀਤੀ। ਇਸ ਦੌਰਾਨ ਖੜਗੇ ਨੇ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੀ ਖੁੱਲ੍ਹ ਕੇ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਸਮਝ ਗਏ ਹਨ ਕਿ ਵੋਟਰ ਕਾਂਗਰਸ ਤੋਂ ਨਾਰਾਜ਼ ਹਨ। ਇਸੇ ਲਈ ਉਸ ਨੇ ਭਾਰਤ ਜੋੜੋ ਯਾਤਰਾ ਕਰਨ ਦਾ ਫੈਸਲਾ ਕੀਤਾ। ਕਾਂਗਰਸ ਦੇ ਨਵੇਂ ਪ੍ਰਧਾਨ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲਣ ਤੋਂ ਬਾਅਦ ਇੱਕ ਇਕੱਠ ਵਿੱਚ ਖੜਗੇ ਨੇ ਕਿਹਾ, "ਭਾਰਤ ਜੋੜੋ ਯਾਤਰਾ ਸਾਡੀ ਪਾਰਟੀ ਦੀ ਇੱਕ ਵੱਡੀ ਉਪਲਬਧੀ ਹੈ। ਇਹ ਕਾਂਗਰਸ ਅਤੇ ਖਾਸ ਕਰਕੇ ਮੇਰੇ ਲਈ ਇੱਕ ਮਹਾਨ ਤੋਹਫ਼ਾ ਹੈ।"ਮਲਿਕਾਅਰਜੁਨ ਖੜਗੇ ਨੇ ਕਿਹਾ ਕਿ ਭਾਰਤ ਜੋੜੋ ਯਾਤਰਾ ਰਾਹੀਂ ਲੱਖਾਂ ਲੋਕਾਂ ਨੂੰ ਕਾਂਗਰਸ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਪਾਰਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਜੋੜੋ ਯਾਤਰਾ ਦੇ ਸੰਦੇਸ਼ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਇਕੱਠੇ ਹੋਣ।

ਖੜਗੇ ਨੇ ਕਿਹਾ, 'ਮੈਂ ਜਾਣਦਾ ਹਾਂ ਕਿ ਇਹ ਔਖਾ ਸਮਾਂ ਹੈ। ਕਾਂਗਰਸ ਵੱਲੋਂ ਸਥਾਪਿਤ ਲੋਕਤੰਤਰ ਨੂੰ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ। "ਕਾਂਗਰਸ ਦੇਸ਼ ਵਿੱਚ ਮੌਜੂਦ ਝੂਠ ਅਤੇ ਨਫ਼ਰਤ ਦੀ ਇਸ ਪ੍ਰਣਾਲੀ ਨੂੰ ਤੋੜ ਦੇਵੇਗੀ," ਉਸਨੇ ਕਿਹਾ। ਖੜਗੇ ਨੇ ਕਿਹਾ ਕਿ ਰਾਹੁਲ ਗਾਂਧੀ ਦੇਸ਼ ਵਿੱਚ ਨਵੀਂ ਊਰਜਾ ਭਰ ਰਹੇ ਹਨ। ਕਾਂਗਰਸ ਦੇ ਨਵੇਂ ਪ੍ਰਧਾਨ ਨੇ ਕਿਹਾ, "ਕਾਂਗਰਸ ਪਾਰਟੀ 137 ਸਾਲਾਂ ਤੋਂ ਲੋਕਾਂ ਦੇ ਜੀਵਨ ਦਾ ਹਿੱਸਾ ਰਹੀ ਹੈ। ਸਾਡੇ ਚੰਗੇ ਕੰਮ ਅਤੇ ਸਾਡੇ ਨੇਤਾਵਾਂ ਦੀਆਂ ਕੁਰਬਾਨੀਆਂ ਦੇ ਬਾਵਜੂਦ ਵੋਟਰ ਸਾਡੇ ਤੋਂ ਕੁਝ ਨਾਰਾਜ਼ ਹਨ। ਮੈਂ ਰਾਹੁਲ ਗਾਂਧੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਗੱਲ ਨੂੰ ਸਮਝਿਆ ਅਤੇ ਭਾਰਤ ਦੀ ਯਾਤਰਾ 'ਤੇ ਗਿਆ। ਇਸ ਨਾਲ ਉਸ ਨੇ ਹਰ ਸਮੱਸਿਆ ਨੂੰ ਬਾਈਪਾਸ ਕੀਤਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਕੰਨਿਆਕੁਮਾਰੀ ਤੋਂ ਕਸ਼ਮੀਰ ਜਾ ਰਹੇ ਹਨ ਅਤੇ ਲੱਖਾਂ ਲੋਕ ਕਾਂਗਰਸ ਵਿੱਚ ਸ਼ਾਮਲ ਹੋ ਰਹੇ ਹਨ। ਖੜਗੇ ਨੇ ਕਿਹਾ, "ਦੇਸ਼ ਵਿੱਚ ਇੱਕ ਨਵੀਂ ਊਰਜਾ ਪੈਦਾ ਕੀਤੀ ਜਾ ਰਹੀ ਹੈ ਅਤੇ ਅਸੀਂ ਇਸ ਊਰਜਾ ਨੂੰ ਬਰਬਾਦ ਨਹੀਂ ਹੋਣ ਦੇਵਾਂਗੇ। ਕਾਂਗਰਸ ਪ੍ਰਧਾਨ ਦੇ ਤੌਰ 'ਤੇ ਤੁਹਾਡੀ ਮਦਦ ਲੈਣਾ ਮੇਰਾ ਫਰਜ਼ ਹੈ।"

ਨਵੇਂ ਕਾਂਗਰਸ ਪ੍ਰਧਾਨ ਨੇ ਕਿਹਾ, "ਅੱਜ ਮੈਂ ਆਪਣੇ ਕਾਂਗਰਸ ਪਰਿਵਾਰ ਨੂੰ ਭਾਰਤ ਜੋੜੋ ਯਾਤਰਾ ਦੇ ਸੰਦੇਸ਼ ਨੂੰ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਇਕੱਠੇ ਹੋਣ ਦਾ ਸੱਦਾ ਦੇਣਾ ਚਾਹਾਂਗਾ, ਜੋ ਆਰਥਿਕ ਬਰਾਬਰੀ, ਸੰਵਿਧਾਨਕ ਕਦਰਾਂ-ਕੀਮਤਾਂ ਦੀ ਰੱਖਿਆ, ਫਿਰਕੂ ਸਦਭਾਵਨਾ ਦਾ ਸੰਦੇਸ਼ ਦੇਣ। ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਮੌਕੇ ਪ੍ਰਦਾਨ ਕਰਨ ਲਈ ਸਾਨੂੰ ਇਕਜੁੱਟ ਹੋਣਾ ਪਵੇਗਾ।

## ਗਲੋਬਲ ਵਾਰਮਿੰਗ ਨੂੰ 1.5 ਡਿਗਰੀ ਤੱਕ ਸੀਮਤ ਕਰਨ ਦੀਆਂ ਯੋਜਨਾਵਾਂ ਅਜੇ ਵੀ ਨਾਕਾਫੀ: ਸੰਯੁਕਤ ਰਾਸ਼ਟਰ



ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)- ਸੰਯੁਕਤ ਰਾਸ਼ਟਰ ਦੀ ਇੱਕ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੇਸ਼ ਗਲੋਬਲ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਲਈ ਯਤਨ ਕਰ ਰਹੇ ਹਨ, ਪਰ ਇਹ ਕੋਸ਼ਿਸ਼ਾਂ ਸਦੀ ਦੇ ਅੰਤ ਤੱਕ ਵਿਸ਼ਵ ਦੇ ਤਾਪਮਾਨ ਵਿੱਚ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ ਕਾਫ਼ੀ ਨਹੀਂ ਹਨ।

ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਦੇ ਕਾਰਜਕਾਰੀ ਸਕੱਤਰ ਸਾਈਮਨ ਸਟੀਲ ਨੇ ਕਿਹਾ, "ਅਸੀਂ ਅਜੇ ਵੀ 1.5 ਡਿਗਰੀ ਸੈਲਸੀਅਸ ਸੀਮਾ ਵੱਲ ਵਧਣ ਲਈ ਲੋੜੀਂਦੇ ਨਿਕਾਸੀ ਕਟੌਤੀ ਦੇ ਸੰਭਾਵਿਤ ਪੈਮਾਨੇ ਅਤੇ ਗਤੀ ਦੇ ਨੇੜੇ ਨਹੀਂ ਹਾਂ। ਇਸ ਟੀਚੇ ਨੂੰ ਕਾਇਮ ਰੱਖਣ ਲਈ, ਰਾਸ਼ਟਰੀ ਸਰਕਾਰਾਂ ਨੂੰ ਆਪਣੀਆਂ ਜਲਵਾਯੂ ਕਾਰਜ ਯੋਜਨਾਵਾਂ ਨੂੰ ਮਜ਼ਬੂਤ ਕਰਨ ਅਤੇ ਅਗਲੇ ਅੱਠ ਸਾਲਾਂ ਵਿੱਚ ਉਹਨਾਂ ਨੂੰ ਲਾਗੂ ਕਰਨ ਦੀ ਲੋੜ ਹੈ।

ਸਿੰਥੇਸਿਸ 2022 ਦੀ ਰਿਪੋਰਟ ਬੁੱਧਵਾਰ ਨੂੰ ਜਾਰੀ ਕੀਤੀ ਗਈ। ਇਸ ਰਿਪੋਰਟ ਦੇ ਅਨੁਸਾਰ, ਪੈਰਿਸ ਸਮਝੌਤੇ ਦੇ ਤਹਿਤ 193 ਦੇਸ਼ਾਂ ਦਾ ਇੱਕ ਸੰਯੁਕਤ ਜਲਵਾਯੂ ਸੰਕਲਪ ਵਿਸ਼ਵ ਨੂੰ ਸਦੀ ਦੇ ਅੰਤ ਤੱਕ ਲਗਭਗ 2.5 ਡਿਗਰੀ ਸੈਲਸੀਅਸ ਦੇ ਗਲੋਬਲ ਵਾਰਮਿੰਗ ਲਈ ਪਟੜੀ 'ਤੇ ਲਿਆ ਸਕਦਾ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੌਜੂਦਾ ਵਚਨਬੱਧਤਾਵਾਂ 2010 ਦੇ ਪੱਧਰਾਂ ਦੇ ਮੁਕਾਬਲੇ 2030 ਤੱਕ 10.6 ਪ੍ਰਤੀਸ਼ਤ ਤੱਕ ਨਿਕਾਸੀ ਵਧਾਏਗਾ। ਇਹ ਪਿਛਲੇ ਸਾਲ ਦੇ ਮੁਲਾਂਕਣ ਨਾਲੋਂ ਇਕ ਸੁਧਾਰ ਹੈ, ਜਿਸ ਵਿੱਚ ਪਾਇਆ ਗਿਆ ਹੈ ਕਿ ਦੇਸ਼ 2010 ਦੇ ਪੱਧਰ ਤੋਂ 2030 ਤੱਕ 13.7 ਪ੍ਰਤੀਸ਼ਤ ਤੱਕ ਨਿਕਾਸ ਵਧਾਉਣ ਦੇ ਰਾਹ 'ਤੇ ਸਨ।

ਪਿਛਲੇ ਸਾਲ ਦੇ ਅਨੁਮਾਨਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਅਨੁਮਾਨਿਤ ਨਿਕਾਸ 2030 ਤੋਂ ਬਾਅਦ ਵਧਣਾ ਜਾਰੀ ਰਹੇਗਾ। ਹਾਲਾਂਕਿ, ਇਸ ਸਾਲ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ 2030 ਤੋਂ ਬਾਅਦ ਨਿਕਾਸ ਵਿੱਚ ਵਾਧਾ ਨਹੀਂ ਹੋਵੇਗਾ, ਪਰ ਉਹ ਇੱਕ ਤਿੱਖੀ ਗਿਰਾਵਟ ਦਾ ਰੁਝਾਨ ਨਹੀਂ ਦਿਖਾਉਂਦੇ ਹਨ। ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਸੰਮੇਲਨ 'ਸੀਓਪੀ 27' ਇਸ ਸਾਲ 6 ਤੋਂ 18 ਨਵੰਬਰ ਤੱਕ ਮਿਸਰ ਦੇ ਸ਼ਰਮ ਅਲ-ਸ਼ੇਖ ਵਿੱਚ ਆਯੋਜਿਤ ਕੀਤਾ ਜਾਵੇਗਾ।

# ਪੀਲ ਪੁਲਿਸ ਨੇ 25 ਮਿਲੀਅਨ ਡਾਲਰ ਦੇ ਡਰੱਗਜ਼ ਕੀਤੇ ਬਰਾਮਦ

## * ਪੰਜਾਬੀ ਮੂਲ ਦੇ ਤਿੰਨ ਵਿਅਕਤੀਆਂ ਸਮੇਤ ਪੰਜ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਵੱਲੋਂ ਕਮਰਸ਼ੀਅਲ ਟਰੱਕਿੰਗ ਬਿਜ਼ਨਸ ਦੀ ਵਰਤੋਂ ਕਰਕੇ ਅਮਰੀਕਾ-ਕੈਨੇਡਾ ਸਰਹੱਦਾਂ ਦੇ ਆਰ ਪਾਰ ਡਰੱਗਜ਼ ਦੀ ਸਮਗਲਿੰਗ ਕਰਨ ਵਾਲੇ ਗਰੁੱਪ ਦਾ ਪਰਦਾਫਾਸ਼ ਕਰਨ ਮਗਰੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਇਸ ਮਾਮਲੇ ਦੀ ਜਾਂਚ ਪੁਲਿਸ ਵੱਲੋਂ ਪਿਛਲੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਕੀਤੀ ਜਾ ਰਹੀ ਸੀ।

ਗ੍ਰੇਟਰ ਟੋਰਾਂਟੋ ਏਰੀਆ ਵਿੱਚ ਡਰੱਗ ਡੀਲਿੰਗ ਕਰਨ ਵਾਲੇ ਮਸ਼ਕੂਕਾਂ ਦੀ ਪਛਾਣ ਕਰਨ ਤੋਂ ਬਾਅਦ ਪੁਲਿਸ ਵੱਲੋਂ ਨਵੰਬਰ 2021 ਤੋਂ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ। ਬੁੱਧਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਜਲਦੀ ਹੀ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਇਹ ਕੋਈ ਨਿੱਕਾ ਮੋਟਾ ਮਾਮਲਾ ਨਹੀਂ ਹੈ ਸਗੋਂ ਇਹ ਸਮਗਲਿੰਗ ਕੌਮਾਂਤਰੀ ਸਰਹੱਦਾਂ ਦੇ ਆਰ ਪਾਰ ਤੱਕ ਹੋ ਰਹੀ ਹੈ।




ਪ੍ਰੋਜੈਕਟ ਜ਼ੁਕਾਰਿਤਸ ਮੁੱਕਣ ਤੱਕ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ 182 ਕਿੱਲੋ ਮੈਥਾਮਫੈਟਾਮਾਈਨ, 166 ਕਿੱਲੋ ਕੋਕੀਨ ਤੇ 38 ਕਿੱਲੋ ਕੈਟਾਮਾਈਨ ਬਰਾਮਦ ਕੀਤੀ ਗਈ। ਇਨ੍ਹਾਂ ਨਸ਼ਿਆਂ ਦੀ ਬਾਜ਼ਾਰ ਵਿੱਚ ਕੀਮਤ 25 ਮਿਲੀਅਨ ਡਾਲਰ ਬਣਦੀ ਹੈ। ਪੀਲ ਰੀਜਨਲ ਪੁਲਿਸ ਚੀਫ ਨਿਸ਼ਾਨ ਦੁਰੱਈਅੱਪਾ ਨੇ ਆਖਿਆ ਕਿ ਸਾਡੇ ਜਾਂਚਕਾਰਾਂ ਵੱਲੋਂ ਸੰਗਠਿਤ ਜੁਰਮ ਉੱਤੇ ਨਕੇਲ ਕੱਸੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਗਰੁੱਪ ਵੱਲੋਂ ਅਮਰੀਕਾ ਤੋਂ ਸਿੱਧਾ ਪੀਲ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਵਿੱਚ ਡਰੱਗ ਸਮਗਲ ਕਰਨ ਲਈ ਟਰੱਕਾਂ ਦੀ ਵਰਤੋਂ ਕੀਤੀ ਗਈ।

ਪੀਲ ਪੁਲਿਸ ਦੇ ਸਪੈਸ਼ਲਾਈਜ਼ਡ ਐਨਫੋਰਸਮੈਂਟ ਬਿਊਰੋ ਦੇ ਇੰਸਪੈਕਟਰ ਟੌਡ ਕਸਟੈਂਸ ਨੇ ਦੱਸਿਆ ਕਿ ਇਨ੍ਹਾਂ ਨਸ਼ਿਆਂ ਦੇ ਫੜ੍ਹੇ ਜਾਣ ਨਾਲ ਸੰਗਠਿਤ ਜੁਰਮ ਨੂੰ ਅੰਜਾਮ ਦੇਣ ਵਾਲਿਆਂ ਨੂੰ ਕਾਫੀ ਆਰਥਿਕ ਨੁਕਸਾਨ ਪਹੁੰਚੇਗਾ ਤੇ ਭਵਿੱਖ ਵਿੱਚ ਉਹ ਇਸ ਤਰ੍ਹਾਂ ਦੇ ਜੁਰਮ ਕਰਨ ਤੋਂ ਥੋੜ੍ਹਾ ਝਿਜਕਣਗੇ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੱਖਣੀ ਓਨਟਾਰੀਓ ਦੇ ਦੋ ਬਿਜ਼ਨਸਿਜ਼ ਨੂੰ ਟਰਾਂਸਫਰ ਹੱਬਜ਼ ਵਾਂਗ ਵਰਤਿਆ ਜਾ ਰਿਹਾ ਸੀ। ਇਹ ਬਿਜ਼ਨਸ ਸਨ :

-ਨੌਰਥ ਕਿੰਗ ਲਾਜਿਸਟਿਕਸ, ਇਹ ਇੱਕ ਕਮਰਸ਼ੀਅਲ ਟਰੱਕਿੰਗ ਕੰਪਨੀ ਹੈ ਜਿਹੜੀ ਮਿਲਟਨ ਵਿੱਚ 50 ਸਟੀਲਜ਼ ਐਵਨਿਊ ਉੱਤੇ ਸਥਿਤ ਹੈ।
-ਫਰੈਂਡ ਫਰਨੀਚਰ, ਇਹ ਬਿਜ਼ਨਸ ਮਿਸੀਸਾਗਾ ਵਿੱਚ 2835 ਅਰਜਨਟੀਨਾ ਰੋਡ ਉੱਤੇ ਸਥਿਤ ਹੈ।

ਇਸ ਮਾਮਲੇ ਵਿੱਚ ਹੇਠ ਲਿਖੇ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਮੂਲ ਦੇ ਹਨ :

-ਕੇਲਡਨ ਦੇ 46 ਸਾਲਾ ਖਲੀਲਉੱਲ੍ਹਾ ਆਮਿਨ ਨੂੰ ਪਾਬੰਦੀਸ਼ੁਦਾ ਪਦਾਰਥ ਦੀ ਸਮਗਲਿੰਗ ਦੇ ਦੋ ਮਾਮਲਿਆਂ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ।
-ਬਰੈਂਪਟਨ ਦੇ 28 ਸਾਲਾ ਜਸਪ੍ਰੀਤ ਸਿੰਘ ਨੂੰ ਪਾਬੰਦੀਸ਼ੁਦਾ ਪਦਾਰਥ ਦੀ ਸਮਗਲਿੰਗ ਕਰਨ ਦੇ ਇੱਕ ਮਾਮਲੇ ਤੇ ਜੁਰਮ ਨਾਲ ਹਾਸਲ ਕੀਤੀ ਪ੍ਰਾਪਰਟੀ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ।
-ਰਿਚਮੰਡ ਹਿੱਲ ਦੇ 27 ਸਾਲਾ ਰੇਅ ਆਈਪੀ ਨੂੰ ਪਾਬੰਦੀਸ਼ੁਦਾ ਪਦਾਰਥ ਸਮਗਲਿੰਗ ਦੇ ਇਰਾਦੇ ਨਾਲ ਕੋਲ ਰੱਖਣ ਦੇ ਚਾਰ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ।
-ਮਿਸੀਸਾਗਾ ਦੇ 27 ਸਾਲਾ ਰਵਿੰਦਰ ਬੋਪਾਰਾਏ ਨੂੰ ਜੁਰਮ ਨਾਲ ਹਾਸਲ ਕੀਤੀ ਪ੍ਰਾਪਰਟੀ ਰੱਖਣ ਦੇ ਇੱਕ ਮਾਮਲੇ ਤੇ ਪਾਬੰਦੀਸ਼ੁਦਾ ਪਦਾਰਥ ਸਮਗਲ ਕਰਨ ਦੇ ਇੱਕ ਮਾਮਲੇ ਵਿੱਚ ਚਾਰਜ ਕੀਤਾ ਗਿਆ।
-ਕੇਲਡਨ ਦੇ 38 ਸਾਲਾ ਗੁਰਦੀਪ ਗਾਖਲ ਨੂੰ ਪਾਬੰਦੀਸ਼ੁਦਾ ਪਦਾਰਥ ਦੀ ਸਮਗਲਿੰਗ ਦੇ ਇੱਕ ਮਾਮਲੇ ਵਿੱਚ ਚਾਰਜ ਕੀਤਾ ਗਿਆ।

# ਸਿਟੀ ਖਿਲਾਫ ਕਾਨੂੰਨੀ ਕਾਰਵਾਈ ਦੀ ਤਿਆਰੀ ਕਰ ਰਹੀ ਹੈ ਨਿੱਕੀ ਕੌਰ

ਬਰੈਂਪਟਨ, 27 ਅਕਤੂਬਰ (ਪੋਸਟ ਬਿਊਰੋ) : ਪੈਟ੍ਰਿਕ ਬ੍ਰਾਊਨ ਦੇ ਮੁੜ ਮੇਅਰ ਚੁਣੇ ਜਾਣ ਤੋਂ ਇੱਕ ਦਿਨ ਬਾਅਦ ਸਿਟੀ ਆਫ ਬਰੈਂਪਟਨ ਨਾਲ ਡਾਇਰੈਕਟਰ ਵਜੋਂ ਕੰਮ ਕਰ ਰਹੀ ਨਿੱਕੀ ਕੌਰ ਨੂੰ ਨੌਕਰੀ ਤੋਂ ਕੱਢ ਦਿੱਤੇ ਜਾਣ ਦੇ ਮਾਮਲੇ ਵਿੱਚ ਨਵਾਂ ਮੋੜ ਆ ਗਿਆ ਹੈ। ਨਿੱਕੀ ਕੌਰ ਦੇ ਵਕੀਲਾਂ ਨੇ ਇੱਕ ਪੱਤਰ ਜਾਰੀ ਕੀਤਾ ਹੈ ਜਿਸ ਵਿੱਚ ਇਹ ਆਖਿਆ ਗਿਆ ਹੈ ਕਿ ਉਸ ਨੂੰ ਗਲਤ ਢੰਗ ਨਾਲ ਨੌਕਰੀ ਤੋਂ ਕੱਢੇ ਜਾਣ ਦੇ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਿੱਕੀ ਸਿਟੀ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ ਤੇ ਉਹ ਹਰਜਾਨੇ ਦੀ ਮੰਗ ਵੀ ਕਰੇਗੀ।



ਪੱਤਰ ਵਿੱਚ ਸਿਟੀ ਨੂੰ ਵੀ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਨਿੱਕੀ ਕੌਰ ਨੂੰ ਨੌਕਰੀ ਤੋਂ ਕੱਢੇ ਜਾਣ ਸਬੰਧੀ ਦਸਤਾਵੇਜ਼ਾਂ ਨੂੰ ਸਹੇਜ ਕੇ ਰੱਖਣ। ਮੈਸੀ ਐਲਐਲਪੀ ਫਰਮ ਨਾਲ ਕੰਮ ਕਰ ਰਹੇ ਨਿੱਕੀ ਦੇ ਵਕੀਲਾਂ ਨੇ ਇਹ ਵੀ ਦੋਸ਼ ਲਾਇਆ ਹੈ ਕਿ ਨਿੱਕੀ ਨੂੰ ਬਦਲਾਲਊ ਕਾਰਵਾਈ ਤਹਿਤ ਸਾਜ਼ਿਸ਼ਨ ਨੌਕਰੀ ਤੋਂ ਕੱਢਿਆ ਗਿਆ ਹੈ। ਇਹ ਵੀ ਆਖਿਆ ਗਿਆ ਹੈ ਕਿ ਇਸ ਮਾਮਲੇ ਵਿੱਚ ਸਿਟੀ ਦਾ ਸੀਨੀਅਰ ਸਟਾਫ ਤੇ ਮੇਅਰ ਦਾ ਆਫਿਸ ਵੀ ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਬ੍ਰਾਊਨ 60 ਫੀ ਸਦੀ ਵੋਟਾਂ ਹਾਸਲ ਕਰਕੇ ਜੇਤੂ ਰਹੇ ਤੇ ਮੇਅਰ ਨਿਯੁਕਤ ਕੀਤੇ ਗਏ ਜਦਕਿ 25·5 ਫੀ ਸਦੀ ਵੋਟਾਂ ਹਾਸਲ ਕਰਨ ਵਾਲੀ ਨਿੱਕੀ ਕੌਰ ਦੂਜੇ ਸਥਾਨ ਉੱਤੇ ਰਹੀ। ਮੰਗਲਵਾਰ ਨੂੰ ਨੌਕਰੀ ਤੋਂ ਕੱਢੇ ਜਾਣ ਉੱਤੇ ਨਿੱਕੀ ਕੌਰ ਨੇ ਆਖਿਆ ਕਿ ਬਰੈਂਪਟਨ ਸਿਟੀ ਹਾਲ ਵਿੱਚ ਹੋਣ ਵਾਲੀਆਂ ਗੜਬੜਾਂ ਤੇ ਕੁਪ੍ਰਬੰਧਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਾਰਨ ਉਸ ਨੂੰ ਚੁੱਪ ਕਰਵਾਉਣ ਲਈ ਇਹ ਸੱਭ ਕੀਤਾ ਗਿਆ। ਪਰ ਸਹੀ ਗੱਲ ਆਖਣ ਤੋਂ ਉਹ ਕਦੇ ਚੁੱਪ ਨਹੀਂ ਰਹੇਗੀ। ਅਜੇ ਤੱਕ ਨਿੱਕੀ ਕੌਰ ਵੱਲੋਂ ਲਾਏ ਗਏ ਦੋਸ਼ਾਂ ਵਿੱਚੋਂ ਕੋਈ ਵੀ ਸਿੱਧ ਨਹੀਂ ਹੋਏ ਹਨ।

# ਹਥਿਆਰਬੰਦ ਕਾਰਜੈਕਿੰਗ ਕਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਸਕਾਰ-ਬਰੋ ਵਿੱਚ ਹਥਿਆਰਬੰਦ ਕਾਰਜੈਕਿੰਗ ਕਰਨ ਵਾਲੇ ਮਸ਼ਕੂਕ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਰਾਤੀਂ 9:30 ਵਜੇ ਮੌਰਨਿੰਗਸਾਈਡ ਐਵਨਿਊ ਤੇ ਮਿਲਟਰੀ ਟਰੇਲ ਇਲਾਕੇ ਵਿੱਚ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਇਸ ਇਲਾਕੇ ਵਿੱਚ ਮੌਜੂਦ ਗੈਸ ਸਟੇਸ਼ਨ ਉੱਤੇ ਆਪਣੀ ਪੌਰਸ਼ਾ ਗੱਡੀ ਵਿੱਚ ਗੈਸ ਭਰ ਰਿਹਾ ਸੀ ਜਦੋਂ ਇੱਕ ਮਸ਼ਕੂਕ ਗੰਨ ਲੈ ਕੇ ਉਸ ਕੋਲ ਪਹੁੰਚਿਆ।

ਉਸ ਵਿਅਕਤੀ ਨੇ ਗੱਡੀ ਦੀਆਂ ਚਾਬੀਆਂ ਮੰਗੀਆਂ ਤੇ ਗੱਡੀ ਵਾਲੇ ਵਿਅਕਤੀ ਵੱਲੋਂ ਉਸ ਨੂੰ ਚਾਬੀਆਂ ਦੇ ਦਿੱਤੀਆਂ ਗਈਆਂ। ਮਸ਼ਕੂਕ ਗੱਡੀ ਵਿੱਚ ਸਵਾਰ ਹੋ ਕੇ ਉੱਥੋਂ ਚਲਾ ਗਿਆ। ਨਾ ਹੀ ਕਿਸੇ ਗੱਡੀ ਤੇ ਨਾ ਹੀ ਮਸ਼ਕੂਕ ਸਬੰਧੀ ਕੋਈ ਵੇਰਵਾ ਜਾਰੀ ਕੀਤਾ ਗਿਆ ਹੈ।




ਟੋਰਾਂਟੋ ਪੁਲਿਸ ਦੇ ਡਾਟਾ ਅਨੁਸਾਰ ਇਸ ਸਾਲ ਸਿਟੀ ਵਿੱਚ ਲੱਗਭਗ 7,400 ਕਾਰਾਂ ਚੋਰੀ ਕੀਤੀਆਂ ਗਈਆਂ ਹਨ ਤੇ ਇਸ ਤਰ੍ਹਾਂ ਦੇ ਕਾਰਜੈਕਿੰਗ ਦੇ ਮਾਮਲਿਆਂ ਵਿੱਚ 2021 ਦੇ ਮੁਕਾਬਲੇ 43 ਫੀ ਸਦੀ ਵਾਧਾ ਹੋਇਆ ਹੈ।

# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਕੀਤਾ ਵਾਧਾ, 2023 ਵਿੱਚ ਪ੍ਰਗਟਾਈ ਮੰਦਵਾੜੇ ਦੀ ਸੰਭਾਵਨਾ

ਓਟਵਾ, 27 ਅਕਤੂਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ 3·25 ਫੀ ਸਦੀ ਤੋਂ 3·75 ਫੀ ਸਦੀ ਦਾ ਵਾਧਾ ਕੀਤਾ ਗਿਆ ਹੈ। ਮਾਰਚ ਤੋਂ ਹੀ ਸੈਂਟਰਲ ਬੈਂਕ ਵੱਲੋਂ ਛੇ ਵਾਰੀ ਆਪਣੀ ਪਾਲਿਸੀ ਦਰ ਵਿੱਚ ਵਾਧਾ ਕੀਤਾ ਜਾ ਚੁੱਕਿਆ ਹੈ। ਇਹ ਸੱਭ ਬੈਂਕ ਵੱਲੋਂ ਮਹਿੰਗਾਈ ਉੱਤੇ ਕਾਬੂ ਪਾਉਣ ਤੇ ਆਪਣੇ ਪਹਿਲਾਂ ਵਾਲੇ 2 ਫੀ ਸਦੀ ਦੇ ਟੀਚੇ ਨੂੰ ਪੂਰਾ ਕਰਨ ਲਈ ਕੀਤਾ ਜਾ ਰਿਹਾ ਹੈ।




ਆਪਣੀ ਤਾਜ਼ਾ ਮੌਨੇਟਰੀ ਪਾਲਿਸੀ ਰਿਪੋਰਟ ਅਨੁਸਾਰ ਬੈਂਕ ਵੱਲੋਂ ਇਹ ਪੇਸ਼ੀਨਿਗੋਈ ਕੀਤੀ ਗਈ ਹੈ ਕਿ 2023 ਦੀ ਪਹਿਲੀ ਛਿਮਾਹੀ ਵਿੱਚ ਕੈਨੇਡਾ ਨੂੰ ਮੰਦਵਾੜੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ 2022 ਦੇ ਅੰਤ ਵਿੱਚ ਤੇ 2023 ਦੇ ਪਹਿਲੇ ਮੱਧ ਵਿੱਚ ਕੁੱਲ ਘਰੇਲੂ ਉਤਪਾਦ ਦਰ 0 ਫੀ ਸਦੀ ਤੇ 0·5 ਫੀ ਸਦੀ ਦਰਮਿਆਨ ਰਹਿਣ ਦੀ ਸੰਭਾਵਨਾ ਹੈ। ਬੈਂਕ ਵੱਲੋਂ ਇਹ ਭਵਿੱਖਬਾਣੀ ਵੀ ਕੀਤੀ ਗਈ ਹੈ ਕਿ ਕੈਨੇਡਾ ਦੀ ਵਿਕਾਸ ਦਰ ਇਸ ਸਾਲ 3·25 ਫੀ ਸਦੀ ਤੋਂ 2023 ਵਿੱਚ ਇੱਕ ਫੀ ਸਦੀ ਦੇ ਹੇਠਾਂ ਰਹਿ ਸਕਦੀ ਹੈ।

ਇਹ ਵੀ ਆਖਿਆ ਗਿਆ ਹੈ ਕਿ ਗਲੋਬਲ ਵਿਕਾਸ ਦਰ ਵੀ ਅਗਲੇ ਸਾਲ 1·5 ਫੀ ਸਦੀ ਤੱਕ ਰਹਿਣ ਦੀ ਸੰਭਾਵਨਾ ਹੈ। ਕੋਵਿਡ-19 ਮਹਾਂਮਾਰੀ ਤੇ 2008 ਦੇ ਵਿੱਤੀ ਸੰਕਟ ਨੂੰ ਛੱਡ ਕੇ 1982 ਤੋਂ ਐਨੀ ਮੱਠੀ ਵਿਕਾਸ ਦਰ ਪਹਿਲਾਂ ਕਦੇ ਨਹੀਂ ਵੇਖੀ ਗਈ। ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲੈਮ ਨੇ ਆਖਿਆ ਕਿ ਅਰਥਚਾਰੇ ਦਾ ਇਸ ਤਰ੍ਹਾਂ ਸੁੰਗੜਨਾ ਖਤਰਨਾਕ ਨਹੀਂ ਹੈ ਪਰ ਇਸ ਨਾਲ ਅਰਥਚਾਰੇ ਦੀ ਰਫਤਾਰ ਮੱਠੀ ਜ਼ਰੂਰ ਪੈ ਜਾਵੇਗੀ। ਆਉਣ ਵਾਲੇ ਸਮੇਂ ਵਿੱਚ ਮੈਕਲੈਮ ਨੇ ਵਿਆਜ਼ ਦਰਾਂ ਵਿੱਚ ਹੋਰ ਵਾਧਾ ਹੋਣ ਦਾ ਸੰਕੇਤ ਵੀ ਦਿੱਤਾ।

# ਬੈਂਕ ਆਫ ਕੈਨੇਡਾ ਵੱਲੋਂ ਮੁੜ ਵਧਾਈਆਂ ਗਈਆਂ ਵਿਆਜ਼ ਦਰਾਂ ਦੀ ਪੌਲੀਏਵਰ ਨੇ ਕੀਤੀ ਨਿਖੇਧੀ

ਓਟਵਾ, 27 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੇ ਆਗੂ ਤੇ ਮੁੱਖ ਵਿਰੋਧੀ ਧਿਰ ਦੇ ਨੇਤਾ ਪਿਏਰ ਪੌਲੀਏਵਰ ਵੱਲੋਂ ਇੱਕ ਬਿਆਨ ਜਾਰੀ ਕਰਕੇ ਬੈਂਕ ਆਫ ਕੈਨੇਡਾ ਵੱਲੋਂ ਮੁੜ ਵਧਾਈਆਂ ਗਈਆਂ ਵਿਆਜ਼ ਦਰਾਂ ਦੀ ਨਿਖੇਧੀ ਕੀਤੀ ਗਈ।



ਬਿਆਨ ਵਿੱਚ ਪੌਲੀਏਵਰ ਨੇ ਆਖਿਆ ਕਿ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ 0·5 ਫੀ ਸਦੀ ਦਾ ਹੋਰ ਵਾਧਾ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਕੀਤੇ ਜਾ ਰਹੇ ਵਾਧਿਆਂ ਕਾਰਨ ਕੈਨੇਡੀਅਨਜ਼ ਨੂੰ ਆਪਣੀਆਂ ਮਾਰਗੇਜ, ਕਰਜ਼ਿਆਂ ਤੇ ਜਸਟਿਨ ਟਰੂਡੋ ਦਾ ਕਰਜ਼ਾ ਲਾਹੁਣ ਲਈ ਹਜ਼ਾਰਾਂ ਡਾਲਰ ਵੱਧ ਅਦਾ ਕਰਨੇ ਪੈ ਰਹੇ ਹਨ। ਬਹੁਤ ਸਾਰੇ ਕੈਨੇਡੀਅਨਜ਼ ਦਾ ਪਹਿਲਾਂ ਹੀ ਜੂਨ ਗੁਜ਼ਾਰਾ ਮੁਸ਼ਕਲ ਨਾਲ ਚੱਲ ਰਿਹਾ ਹੈ ਤੇ ਉਸ ਉੱਤੇ ਇਸ ਤਰ੍ਹਾਂ ਵਿਆਜ਼ ਦਰਾਂ ਵਿੱਚ ਵਾਧਾ ਕੀਤੇ ਜਾਣ ਨਾਲ ਕੈਨੇਡੀਅਨਜ਼ ਸਿਰ ਮੁਸੀਬਤਾਂ ਦਾ ਵੱਡਾ ਪਹਾੜ ਹੋਰ ਡਿੱਗ ਜਾਵੇਗਾ।

ਉਨ੍ਹਾਂ ਆਖਿਆ ਕਿ ਲੋਕਾਂ ਨੂੰ ਆਪਣਾ ਢਿੱਡ ਭਰਨ ਲਈ ਤੇ ਆਪਣੇ ਘਰਾਂ ਨੂੰ ਸਿਆਲਾਂ ਵਿੱਚ ਨਿੱਘਾ ਰੱਖਣ ਲਈ, ਕਾਰਾਂ ਵਿੱਚ ਗੈਸ ਭਰਵਾਉਣ ਲਈ ਤੇ ਆਪਣੀਆ ਮਾਰਗੇਜ ਅਦਾ ਕਰਨ ਲਈ ਹੋਰ ਕਰਜ਼ਾ ਚੁੱਕਣਾ ਪੈ ਰਿਹਾ ਹੈ। ਇਸ ਸਾਲ ਦੂਜੀ ਛਿਮਾਹੀ ਵਿੱਚ ਇਹ ਕਰਜ਼ਾ 2·32 ਟ੍ਰਿਲੀਅਨ ਤੱਕ ਪਹੁੰਚ ਚੁੱਕਿਆ ਹੈ ਜੋ ਕਿ ਪਿਛਲੇ ਸਾਲ ਇਸ ਅਰਸੇ ਦੌਰਾਨ ਨਾਲੋਂ 8·2 ਫੀ ਸਦੀ ਵੱਧ ਹੈ। ਪੌਲੀਏਵਰ ਨੇ ਅੱਗੇ ਆਖਿਆ ਕਿ ਟਰੂਡੋ ਤੇ ਉਨ੍ਹਾਂ ਦੀ ਮੁੱਦਰਾਸਫਿਤੀ ਦੇ ਘਾਟੇ ਦੀ ਮਿਹਰਬਾਨੀ ਸਦਕਾ ਇਸ ਕਰਜ਼ੇ ਉੱਤੇ ਹੋਰ ਲਾਗਤ ਆਵੇਗੀ।

ਕੈਨੇਡੀਅਨਜ਼ ਕੋਲ ਪੈਸੇ ਨਹੀਂ ਹਨ ਤੇ ਇਸ ਸੱਭ ਦਾ ਹੱਲ ਕੱਢਣ ਲਈ ਟਰੂਡੋ ਕੋਈ ਹੱਥ ਪੱਲਾ ਨਹੀਂ ਫੜਾ ਰਹੇ। ਸਰਕਾਰੀ ਖਰਚਿਆਂ ਕਾਰਨ ਰਹਿਣੀ ਸਹਿਣੀ ਵੀ ਦਿਨੋਂ ਦਿਨ ਮਹਿੰਗੀ ਹੁੰਦੀ ਜਾ ਰਹੀ ਹੈ। ਟਰੂਡੋ ਨੇ ਕੈਨੇਡਾ ਸਿਰ ਚੜ੍ਹੇ ਕਰਜ਼ੇ ਨੂੰ ਨਾ ਸਿਰਫ ਦੁੱਗਣਾ ਕੀਤਾ ਹੈ ਸਗੋਂ ਕੈਨੇਡਾ ਦੇ ਹੁਣ ਤੱਕ ਰਹੇ ਸਾਰੇ ਪ੍ਰਧਾਨ ਮੰਤਰੀਆਂ ਨਾਲੋਂ ਦੇਸ਼ ਸਿਰ ਚੜ੍ਹੇ ਕਰਜ਼ੇ ਨੂੰ ਹੋਰ ਵਧਾਇਆ ਹੈ।

ਪੌਲੀਏਵਰ ਨੇ ਆਖਿਆ ਕਿ ਟਰੂਡੋ ਸਰਕਾਰ ਵੱਲੋਂ ਲਿਆਂਦੀ ਗਈ ਮਹਿੰਗਾਈ ਰੂਪੀ ਮੁਸੀਬਤ ਨਾਲ ਸਿੱਝਣ ਲਈ ਉਨ੍ਹਾਂ ਦੀ ਪਾਰਟੀ ਕੋਲ ਪਲੈਨ ਹੈ। ਉਨ੍ਹਾਂ ਆਖਿਆ ਕਿ ਅਸੀਂ ਸਰਕਾਰ ਦੇ ਖਰਚਿਆਂ ਉੱਤੇ ਨਕੇਲ ਕੱਸਾਂਗੇ, ਅਸੀਂ ਹੋਰ ਐਨਰਜੀ ਬਣਾਵਾਂਗੇ, ਖਾਣੇ ਤੇ ਘਰਾਂ ਦੀ ਕੋਈ ਕਮੀ ਨਹੀਂ ਰਹਿਣ ਦੇਵਾਂਗੇ ਤੇ ਅਸੀਂ ਕਾਰਬਨ ਟੈਕਸ ਦਾ ਸਫਾਇਆ ਵੀ ਕਰਾਂਗੇ। ਕੈਨੇਡੀਅਨਜ਼ ਹੁਣ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਮਹਿੰਗੇ ਗੱਠਜੋੜ ਨੂੰ ਹੋਰ ਸਹਾਰ ਨਹੀਂ ਸਕਦੇ। ਹੁਣ ਇੱਕ ਇੱਕ ਪਾਈ ਮੁੜ ਓਟਵਾ ਲਿਆਉਣ ਦਾ ਸਮਾਂ ਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com


ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਪੰਜਾਬੀ ਭਵਨ ਟੋਰਾਂਟੋ' ਵੱਲੋਂ ਸੀਨੀਅਰ ਪੱਤਰਕਾਰ ਤੇ ਲੇਖਕ ਕੁਲਦੀਪ ਸਿੰਘ ਬੇਦੀ ਨਾਲ ਰੂ-ਬ-ਰੂ

## * ਅਤੁਲ ਕੰਬੋਜ 'ਚੰਨ' ਦੀ ਕਾਵਿ-ਪੁਸਤਕ 'ਮਿਸ਼ਰੀ' ਲੋਕ-ਅਰਪਿਤ * ਸੁਰਜੀਤ ਕੌਰ ਤੇ ਡਾ. ਸੁਖਦੇਵ ਸਿੰਘ ਝੰਡ ਨੇ ਪੁਸਤਕ ਬਾਰੇ ਦਿੱਤੀ ਜਾਣਕਾਰੀ





ਬਰੈਂਪਟਨ, (ਡਾ. ਝੰਡ) -ਲੰਘੇ ਸ਼ਨੀਵਾਰ 22 ਅਕਤੂਬਰ ਨੂੰ ਅਦਾਰਾ 'ਪੰਜਾਬੀ ਭਵਨ ਟੋਰਾਂਟੋ' ਵੱਲੋਂ ਜਲੰਧਰ ਦੇ ਪ੍ਰਸਿੱਧ ਅਖ਼ਬਾਰ 'ਜੱਗ ਬਾਣੀ' ਨਾਲ ਸਾਲਾਂ ਬੱਧੀ ਜੁੜੇ ਰਹੇ ਸੀਨੀਅਰ ਪੱਤਰਕਾਰ ਅਤੇ ਲੇਖਕ ਕੁਲਦੀਪ ਸਿੰਘ ਬੇਦੀ ਨਾਲ ਰੂ-ਬ-ਰੂ ਰਚਾਇਆ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਬਰੈਂਪਟਨ ਦੇ ਉੱਘੇ ਵਕੀਨ ਵਿਪਨਦੀਪ ਸਿੰਘ ਮਰੋਕ ਅਤੇ 'ਓਮਨੀ ਟੀ.ਵੀ.' ਵਰਗੇ ਅਹਿਮ ਅਦਾਰੇ ਨਾਲ ਜੁੜੇ ਰਹੇ ਸੀਨੀਅਰ ਪੱਤਰਕਾਰ ਸ਼ਮੀਲ ਜਸਵੀਰ ਸ਼ਾਮਲ ਸਨ। ਸ਼ਮੀਲ ਨੇ ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਵੀ ਸੰਭਾਲੀ।

ਆਪਣੇ ਬਾਰੇ ਬੋਲਦਿਆਂ ਕੁਲਦੀਪ ਸਿੰਘ ਬੇਦੀ ਨੇ ਦੱਸਿਆ ਪੰਜਾਬ ਵਿਚ 1981-82 ਤੋਂ ਲੈ ਕੇ 1992 ਤੱਕ ਚੱਲੇ ਕਾਲ਼ੇ ਦੌਰ ਦੇ ਦੌਰਾਨ ਜਲੰਧਰ ਦੇ 'ਹਿੰਦ ਸਮਾਚਾਰ ਗਰੁੱਪ' ਦੇ ਅਖ਼ਬਾਰ 'ਜੱਗ ਬਾਣੀ' ਵਿਚ ਕੰਮ ਕਰਦਿਆਂ ਉਨ੍ਹਾਂ ਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਖ਼ਾੜਕੂਆਂ ਵੱਲੋਂ ਉਨ੍ਹਾਂ ਅਤੇ ਉਨ੍ਹਾਂ ਦੇ ਸਟਾਫ਼-ਮੈਂਬਰਾਂ ਨੂੰ ਹਰ ਵੇਲੇ ਜਾਨ 'ਤੇ ਖ਼ਤਰਾ ਬਣਿਆਂ ਰਹਿੰਦਾ ਸੀ ਪਰ ਫਿਰ ਵੀ ਉਨ੍ਹਾਂ ਨੇ ਇਸ ਸਮੇਂ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਆਪਣੀ ਡਿਊਟੀ ਨਿਭਾਈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਈ ਦਿਲਚਸਪ ਘਟਨਾਵਾਂ ਦਾ ਜ਼ਿਕਰ ਕੀਤਾ, ਜਿਵੇਂ ਕਿ ਕਈ ਖਾੜਕੂ ਉਨ੍ਹਾਂ ਦੀ ਅਖ਼ਬਾਰ ਵੱਲੋਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਂ ਨਾਲ ਸ਼ਬਦ 'ਸੰਤ' ਨਾ ਲਿਖਣ ਤੋਂ ਹੀ ਉਨ੍ਹਾਂ ਦੇ ਨਾਲ ਔਖੇ-ਭਾਰੇ ਰਹਿੰਦੇ ਸਨ ਅਤੇ ਉਨ੍ਹਾਂ ਨੂੰ ਅਕਸਰ ਹੀ ਕਈ ਤਰ੍ਹਾਂ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ।

ਉਨ੍ਹਾਂ ਦੱਸਿਆ ਕਿ ਪੱਤਰਕਾਰ ਵਜੋਂ ਉਨ੍ਹਾਂ ਨੇ ਆਪਣਾ ਕਰੀਅਰ 'ਕੌਮੀ ਦਰਦ' ਅਖ਼ਬਾਰ ਤੋਂ ਆਰੰਭ ਕੀਤਾ ਅਤੇ ਕੁਝ ਸਮਾਂ 'ਨਵਾਂ ਜ਼ਮਾਨਾ' ਅਖ਼ਬਾਰ ਨਾਲ ਵੀ ਜੁੜੇ ਰਹੇ। ਫਿਰ 'ਹਿੰਦ ਸਮਾਚਾਰ ਗਰੁੱਪ' ਦੇ ਮਾਲਕ ਰਮੇਸ਼ ਚੰਦਰ ਦੇ ਕਹਿਣ 'ਤੇ ਉਨ੍ਹਾਂ ਵੱਲੋਂ ਪੰਜਾਬੀ ਵਿਚ ਆਰੰਭ ਕੀਤੀ ਗਈ ਅਖ਼ਬਾਰ 'ਜੱਗ ਬਾਣੀ' ਵਿਚ ਆਏ ਅਤੇ ਇਸ ਵਿਚ ਪੰਜਾਬੀ ਦੇ ਨਾਮਵਰ ਸਾਹਿਤਕਾਰਾਂ ਅਜੀਤ ਕੌਰ, ਬਲਵੰਤ ਗਾਰਗੀ, ਸ਼ਿਵ ਕੁਮਾਰ ਬਟਾਲਵੀ ਆਦਿ ਦੇ ਨਾਲ ਨਾਲ ਕਈ ਨਵੇਂ ਲੇਖਕਾਂ ਸਬੰਧੀ ਕਾਲਮ ਦੇਣੇ ਸ਼ੁਰੂ ਕੀਤੇ। ਉਨ੍ਹਾਂ ਦੱਸਿਆ ਕਿ ਪੱਤਰਕਾਰੀ ਕਰਦਿਆਂ ਹੀ ਉਨ੍ਹਾਂ ਨੇ ਪ੍ਰਾਈਵੇਟ ਉਮੀਦਵਾਰ ਵਜੋਂ ਪੰਜਾਬੀ ਦੀ ਐੱਮ.ਏ. ਕੀਤੀ ਅਤੇ ਸਾਹਿਤ ਰਚਨਾ ਕਰਦਿਆਂ ਹੋਇਆਂ ਕਹਾਣੀਆਂ ਅਤੇ ਨਾਵਲਾਂ ਦੀਆਂ ਆਪਣੀਆਂ ਦਰਜਨ ਦੇ ਕਰੀਬ ਪੁਸਤਕਾਂ ਛਪਵਾਈਆਂ। ਸੁਆਲ-ਜਵਾਬ ਸੈਸ਼ਨ ਵਿਚ ਲਵੀਨ ਗਿੱਲ, ਡਾ. ਸੁਖਦੇਵ ਸਿੰਘ ਝੰਡ ਅਤੇ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਕੁਝ ਨੁਕਤੇ ਉਠਾਏ ਗਏ ਜਿਨ੍ਹਾਂ ਦੇ ਜੁਆਬ ਕੁਲਦੀਪ ਬੇਦੀ ਜੀ ਵੱਲੋਂ ਬੜੇ ਤਸੱਲੀਪੂਰਵਕ ਦਿੱਤੇ ਗਏ।

ਇਸ ਦੌਰਾਨ ਪੰਜਾਬ ਵਿਚ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਵਜੋਂ ਸੇਵਾ ਨਿਭਾਅ ਰਹੇ ਜੱਜ ਅਤੁਲ ਕੰਬੋਜ 'ਚੰਨ' ਦੀ ਕਾਵਿ-ਪੁਸਤਕ 'ਮਿਸ਼ਰੀ' ਪ੍ਰਧਾਨਗੀ-ਮੰਡਲ ਅਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਵੱਲੋਂ ਮਿਲ ਕੇ ਲੋਕ-ਅਰਪਿਤ ਕੀਤੀ ਗਈ। ਇਸ ਪੁਸਤਕ ਬਾਰੇ ਜਾਣਕਾਰੀ ਪ੍ਰਸਿੱਧ ਕਵਿੱਤਰੀ ਸੁਰਜੀਤ ਕੌਰ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਵੱਲੋਂ ਸਰੋਤਿਆਂ ਨਾਲ ਸਾਂਝੀ ਕੀਤੀ ਗਈ। ਸੁਰਜੀਤ ਕੌਰ ਵੱਲੋਂ ਆਪਣੇ ਪਰਚੇ ''ਅਤੁਲ ਕੰਬੋਜ ਦੀ ਪੁਸਤਕ 'ਮਿਸ਼ਰੀ' ਨੂੰ ਪੜ੍ਹਦਿਆਂ'' ਵਿਚ ਜਿੱਥੇ ਇਸ ਕਾਵਿ-ਪੁਸਤਕ ਦੀਆਂ ਕਈ ਕਵਿਤਾਵਾਂ ਦੇ ਹਵਾਲਿਆਂ ਨਾਲ ਇਨ੍ਹਾਂ ਨੂੰ ਮੁਹੱਬਤ ਦਾ ਖ਼ੂਬਸੂਰਤ ਇਜ਼ਹਾਰ ਕਰਦੀਆਂ ਹੋਈਆਂ ਕਵਿਤਾਵਾਂ ਦਰਸਾਇਆ ਗਿਆ ਅਤੇ ਇਸ ਵਿਚ ਸ਼ਾਮਲ 'ਟੱਪਿਆਂ' ਦੀ ਵਿਸ਼ੇਸ਼ ਸਰਾਹਨਾ ਕੀਤੀ ਗਈ, ਉੱਥੇ ਡਾ. ਝੰਡ ਦਾ ਕਹਿਣਾ ਸੀ ਕਿ ਕਵੀ ਨੇ ਇਸ ਪੁਸਤਕ ਵਿਚ ਕੇਵਲ ਪਿਆਰ-ਮੁਹੱਬਤ ਦਾ ਹੀ ਵਿਸ਼ਾ ਲਿਆ ਹੈ ਅਤੇ ਇਸ ਵਿਚ ਸ਼ਾਮਲ 61 ਕਵਿਤਾਵਾਂ ਏਸੇ ਵਿਸ਼ੇ ਦੇ ਇਰਦ-ਗਿਰਦ ਹੀ ਘੁੰਮਦੀਆਂ ਹਨ, ਜਦਕਿ ਇਸ ਕਵੀ ਵੱਲੋਂ ਇਸ ਤੋਂ ਪਹਿਲਾਂ 2021 ਵਿਚ ਛਪੀ ਪੁਸਤਕ 'ਤਰਾਟਾਂ' ਵਿਚ ਕਈ ਲੋਕ-ਵਿਸ਼ੇ ਲਏ ਗਏ ਸਨ ਅਤੇ ਉਸ ਵਿਚਲੀਆਂ ਕਵਿਤਾਵਾਂ 'ਵਖ਼ਤਾਂ ਮਾਰੇ ਲੋਕ', 'ਪਛਤਾਵਾ', ਵਿਤਕਰਾ', 'ਲੁੱਟ', 'ਭਟਕੇ ਰਾਹੀ', ਆਦਿ ਬੜੀਆਂ ਦਿਲਚਸਪ ਤੇ ਮਾਣਯੋਗ ਸਨ। ਦੋਹਾਂ ਬੁਲਾਰਿਆਂ ਵੱਲੋਂ ਕਵੀ-ਜੱਜ ਅਤੁਲ ਕੰਬੋਜ ਨੂੰ ਆਪਣੀ ਇਸ ਤੀਸਰੀ ਪੁਸਤਕ ਲਿਆਉਣ 'ਤੇ ਮੁਬਾਰਕਬਾਦ ਦਿੱਤੀ ਗਈ।

ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਵਿਪਨਦੀਪ ਮਰੋਕ ਵੱਲੋਂ ਸਮਾਗ਼ਮ ਦੇ ਮੁੱਖ-ਮਹਿਮਾਨ ਕੁਲਦੀਪ ਸਿੰਘ ਬੇਦੀ, ਸਮੂਹ ਬੁਲਾਰਿਆਂ ਅਤੇ ਹਾਜ਼ਰ ਸਰੋਤਿਆਂ ਦਾ ਹਾਰਦਿਕ ਧੰਨਵਾਦ ਕਰਦਿਆਂ ਹੋਇਆਂ 'ਪੰਜਾਬ ਭਵਨ ਟੋਰਾਂਟੋ' ਵਿਚ ਸਫ਼ਲਤਾ ਪੂਰਵਕ ਚੱਲ ਰਹੀ ਲਾਇਬ੍ਰੇਰੀ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਸਰੋਤਿਆਂ ਵਿਚ ਲੇਖਕ ਗੁਰਦੇਵ ਚੌਹਾਨ, ਲਹਿੰਦੇ ਪੰਜਾਬ ਦੇ ਦਾਨਿਸ਼ਵਰ ਪ੍ਰੋ. ਆਸ਼ਿਕ ਰਹੀਲ, ਪ੍ਰੋ. ਰਾਮ ਸਿੰਘ, ਪੱਤਰਕਾਰ ਹਰਜੀਤ ਬਾਜਵਾ, ਕਵੀ ਸੁਖਿੰਦਰ, ਇੰਜੀ. ਈਸ਼ਰ ਸਿੰਘ, ਅਜੀਤ ਸਿੰਘ, ਸਾਗਰ ਸਿੰਘ, ਆਜ਼ਾਦ, ਪ੍ਰੀਤਮ ਸਿੰਘ ਢੀਡਸਾ, ਜੰਗ ਪਨਾਂਗ, ਮੱਲ ਸਿੰਘ ਬਾਸੀ, ਔਜਲਾ ਬ੍ਰਦਰਜ਼, ਅਮਨਬੀਰ ਗਿੱਲ, ਨਰਿੰਦਰ ਭੱਚੂ,ਰਿਸ਼ੀ ਬਾਲਾ, ਕਹਾਣੀਕਾਰ ਗੁਰਮੀਤ ਪਨਾਂਗ, ਸਰਬਜੀਤ ਕੌਰ ਕਾਹਲੋਂ, ਰਿੰਟੂ ਭਾਟੀਆ ਤੇ ਕਈ ਹੋਰ ਸ਼ਾਮਲ ਸਨ।

# ਟੋਰੀ, ਕ੍ਰੌਂਬੀ, ਬ੍ਰਾਊਨ ਤੇ ਥੌਂਪਸਨ ਮੁੜ ਬਣੇ ਮੇਅਰ



ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਜੌਹਨ ਟੋਰੀ ਨੂੰ ਤੀਜੀ ਵਾਰੀ ਟੋਰਾਂਟੋ ਦਾ ਮੇਅਰ ਬਣਨ ਦਾ ਮੌਕਾ ਮਿਲ ਗਿਆ ਹੈ। ਜੇ ਉਹ ਆਪਣੇ ਇਸ ਕਾਰਜਕਾਲ ਦੇ ਚਾਰ ਸਾਲ ਪੂਰੇ ਕਰਦੇ ਹਨ ਤਾਂ ਉਹ ਟੋਰਾਂਟੋ ਦੇ ਸੱਭ ਤੋਂ ਲੰਮਾਂ ਸਮਾਂ ਰਹਿਣ ਵਾਲੇ ਮੇਅਰ ਬਣ ਜਾਣਗੇ।

ਦੇਰ ਰਾਤ ਤੱਕ ਐਲਾਨੇ ਗਏ ਚੋਣਾਂ ਦੇ ਨਤੀਜਿਆਂ ਅਨੁਸਾਰ 93 ਫੀ ਸਦੀ ਪਈਆਂ ਵੋਟਾਂ ਵਿੱਚੋਂ ਟੋਰੀ ਨੂੰ 62 ਫੀ ਸਦੀ ਵੋਟਾਂ ਹਾਸਲ ਹੋਈਆਂ, ਉਨ੍ਹਾਂ ਦੂਜੇ ਸਥਾਨ ਉੱਤੇ ਚੱਲ ਰਹੇ ਜਿਲ ਪੈਨਾਲੋਸਾ ਨੂੰ ਅਸਾਨੀ ਨਾਲ ਹਰਾ ਦਿੱਤਾ। ਪੈਨਾਲੋਸਾ ਨੂੰ 18 ਫੀ ਸਦੀ ਵੋਟਾਂ ਮਿਲੀਆਂ। ਜਿੱਤ ਦੀਆਂ ਖਬਰਾਂ ਮਿਲਣ ਤੋਂ ਬਾਅਦ ਟੋਰੀ ਨੇ ਫੇਅਰਮਾਊਂਟ ਰੌਇਲ ਯੌਰਕ ਹਟਲ ਵਿੱਚ ਆਪਣੇ ਸਮਰਥਕਾਂ ਨੂੰ ਪਾਰਟੀ ਦਿੱਤੀ। ਉਨ੍ਹਾਂ ਆਖਿਆ ਕਿ ਉਹ ਆਪਣੀ ਸਿਟੀ ਨੂੰ ਪਿਆਰ ਕਰਦੇ ਹਨ ਤੇ ਇੱਥੋਂ ਦੇ ਲੋਕਾਂ ਲਈ ਕੰਮ ਕਰਨਾ ਉਨ੍ਹਾਂ ਨੂੰ ਪਸੰਦ ਹੈ ਤੇ ਇਸੇ ਲਈ ਉਹ ਮੁੜ ਚੋਣਾਂ ਵਿੱਚ ਖੜ੍ਹੇ ਹੋਏ। ਉਨ੍ਹਾਂ ਅੱਗੇ ਆਖਿਆ ਕਿ ਅੱਠ ਸਾਲਾਂ ਵਿੱਚ ਉਨ੍ਹਾਂ ਕਈ ਵਧੀਆ ਕੰਮ ਕੀਤੇ ਹਨ ਪਰ ਕਈ ਕੰਮ ਅਜੇ ਵੀ ਅਧੂਰੇ ਪਏ ਹਨ ਜਿਨ੍ਹਾਂ ਨੂੰ ਜਲਦ ਤੋਂ ਜਲਦ ਪੂਰਾ ਕੀਤੇ ਜਾਣ ਦੀ ਲੋੜ ਹੈ।

ਇਸ ਦੌਰਾਨ ਲਗਾਤਾਰ ਚਲਾਈ ਗਈ ਕੈਂਪੇਨ ਤੇ ਪਹਿਲੇ ਕਾਰਜਕਾਲ ਦੌਰਾਨ ਕਾਊਂਸਲ ਡਵੀਜ਼ਨ ਨਾਲ ਲੜਨ ਤੋਂ ਬਾਅਦ ਵੀ ਪੈਟ੍ਰਿਕ ਬ੍ਰਾਊਨ ਨੂੰ ਵੀ ਮੁੜ ਬਰੈਂਪਟਨ ਦਾ ਮੇਅਰ ਚੁਣ ਲਿਆ ਗਿਆ। ਮਾਰਚ ਵਿੱਚ ਬ੍ਰਾਊਨ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਖੜ੍ਹੇ ਹੋਏ ਸਨ ਪਰ ਉਨ੍ਹਾਂ ਦੀ ਕੈਂਪੇਨ ਦੇ ਇੱਕ ਵਾਲੰਟੀਅਰ ਨੂੰ ਕਿਸੇ ਹੋਰ ਕੰਪਨੀ ਵੱਲੋਂ ਅਦਾਇਗੀ ਕਰਨ ਦੇ ਦੋਸ਼ ਲੱਗਣ ਤੋਂ ਬਾਅਦ ਬ੍ਰਾਊਨ ਨੂੰ ਡਿਸਕੁਆਲੀਫਾਈ ਕਰ ਦਿੱਤਾ ਗਿਆ। ਬ੍ਰਾਊਨ ਵੱਲੋਂ ਇਨ੍ਹਾਂ ਦੋਸ਼ਾਂ ਤੋਂ ਲਗਾਤਾਰ ਇਨਕਾਰ ਕੀਤਾ ਗਿਆ।

ਇਸ ਦੌਰਾਨ ਲਗਾਤਾਰ ਤੀਜੀ ਵਾਰੀ ਬੌਨੀ ਕ੍ਰੌਂਬੀ ਨੂੰ ਮਿਸੀਸਾਗਾ ਦਾ ਮੇਅਰ ਚੁਣਿਆ ਗਿਆ ਹੈ। ਕ੍ਰੌਂਬੀ 2014 ਤੋਂ ਹੀ ਮਿਸੀਸਾਗਾ ਦੀ ਮੇਅਰ ਹੈ। ਕ੍ਰੌਂਬੀ ਨੇ ਹੇਜ਼ਲ ਮੈਕੈਲੀਅਨ ਦੀ ਥਾਂ ਲਈ ਸੀ, ਜੋ 1970ਵਿਆਂ ਤੋਂ ਹੀ ਮੇਅਰ ਦੇ ਅਹੁਦੇ ਉੱਤੇ ਬਿਰਾਜਮਾਨ ਸੀ। ਆਪਣੇ ਪਹਿਲੇ ਕਾਰਜਕਾਲ ਤੋਂ ਬਾਅਦ ਕ੍ਰੌਂਬੀ ਨੂੰ 2018 ਵਿੱਚ ਮੁੜ ਮੇਅਰ ਚੁਣ ਲਿਆ ਗਿਆ ਸੀ ਤੇ ਉਸ ਸਮੇਂ ਉਨ੍ਹਾਂ ਨੂੰ 75 ਫੀ ਸਦੀ ਵੋਟਾਂ ਹਾਸਲ ਹੋਈਆਂ ਸਨ।

ਸਕਾਰਬਰੋ ਸੈਂਟਰ ਤੋਂ ਮਾਈਕਲ ਥੌਂਪਸਨ ਮੇਅਰ ਚੁਣੇ ਗਏ ਹਨ। ਉਨ੍ਹਾਂ ਉੱਤੇ ਮੁਜਰਮਾਨਾ ਦੋਸ਼ ਲੱਗਣ ਤੇ ਉਨ੍ਹਾਂ ਦੀ ਕੈਂਪੇਨ ਨੂੰ ਬਰਬਾਦ ਕਰਨ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਮੇਅਰ ਚੁਣਿਆ ਗਿਆ ਹੈ।

# ਚੋਣਾਂ ਤੋਂ ਇੱਕ ਦਿਨ ਬਾਅਦ ਹੀ ਨਿੱਕੀ ਕੌਰ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ



ਬਰੈਂਪਟਨ, 27 ਅਕਤੂਬਰ (ਪੋਸਟ ਬਿਊਰੋ) : ਮਿਊਂਸਪਲ ਚੋਣਾਂ ਵਿੱਚ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਤੋਂ ਹਾਰਨ ਵਾਲੀ ਨਿੱਕੀ ਕੌਰ ਨੇ ਆਖਿਆ ਕਿ ਉਸ ਨੂੰ ਅਗਲੇ ਹੀ ਦਿਨ ਨੌਕਰੀ ਤੋਂ ਕੱਢ ਦਿੱਤਾ ਗਿਆ।

ਸਿਟੀ ਆਫ ਬਰੈਂਪਟਨ ਵਿੱਚ ਸਾਬਕਾ ਡਾਇਰੈਕਟਰ ਨਿੱਕੀ ਕੌਰ ਨੇ ਦਾਅਵਾ ਕੀਤਾ ਕਿ ਉਸ ਨੂੰ ਨੋਟਿਸ ਤੋਂ ਬਿਨਾਂ ਨੌਕਰੀ ਤੋਂ ਹਟਾਇਆ ਗਿਆ। ਉਨ੍ਹਾਂ ਆਖਿਆ ਕਿ ਬਰੈਂਪਟਨ ਦਾ ਮੇਅਰ ਬਣਨ ਲਈ ਉਨ੍ਹਾਂ ਕਾਫੀ ਦਮਦਾਰ ਕੈਂਪੇਨ ਚਲਾਈ ਤੇ ਕੋਸ਼ਿਸ਼ ਕੀਤੀ ਕਿ ਸਿਟੀ ਹਾਲ ਵਿੱਚ ਏਕਤਾ ਤੇ ਇਮਾਨਦਾਰੀ ਬਣੀ ਰਹੇ। ਪਰ ਮੰਗਲਵਾਰ ਦੁਪਹਿਰ ਨੂੰ ਬਿਨਾਂ ਕਿਸੇ ਨੋਟਿਸ ਤੇ ਸਫਾਈ ਦੇ ਉਨ੍ਹਾ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ।

ਸੋਮਵਾਰ ਨੂੰ ਬ੍ਰਾਊਨ ਨੂੰ 60 ਫੀ ਸਦੀ ਵੋਟਾਂ ਲੈ ਕੇ ਜੇਤੂ ਰਹਿਣ ਤੋਂ ਬਾਅਦ ਬਰੈਂਪਟਨ ਦਾ ਮੇਅਰ ਚੁਣ ਲਿਆ ਗਿਆ ਜਦਕਿ ਨਿੱਕੀ ਕੌਰ 25·5 ਫੀ ਸਦੀ ਵੋਟਾਂ ਨਾਲ ਦੂਜੇ ਸਥਾਨ ਉੱਤੇ ਰਹੀ। ਨਿੱਕੀ ਕੌਰ ਨੇ ਦੋਸ਼ ਲਾਇਆ ਕਿ ਸਿਟੀ ਹਾਲ ਵਿੱਚ ਹੋ ਰਹੀ ਕਥਿਤ ਗੜਬੜ ਤੇ ਕੁਪ੍ਰਬੰਧਾਂ ਦਾ ਪਰਦਾਫਾਸ਼ ਕਰਨ ਬਦਲੇ ਹੀ ਉਨ੍ਹਾਂ ਨਾਲ ਇਸ ਤਰ੍ਹਾਂ ਦੀ ਖੁੰਧਕ ਕੱਢੀ ਗਈ ਹੈ।

ਉਨ੍ਹਾਂ ਆਖਿਆ ਕਿ ਉਹ ਅਜੇ ਵੀ ਚੁੱਪ ਨਹੀਂ ਬੈਠੇਗੀ ਤੇ ਹਮੇਸ਼ਾਂ ਸਹੀ ਲਈ ਆਵਾਜ਼ ਉਠਾਉਂਦੀ ਰਹੇਗੀ। ਉਨ੍ਹਾਂ ਇਹ ਵੀ ਆਖਿਆ ਕਿ ਉਹ ਅਗਲੀ ਕਾਰਵਾਈ ਆਪਣੇ ਵਕੀਲਾਂ ਰਾਹੀਂ ਪੂਰੀ ਕਰੇਗੀ।

ਇਸ ਦੌਰਾਨ ਮੇਅਰ ਬ੍ਰਾਊਨ ਦਾ ਪੱਖ ਜਾਨਣ ਲਈ ਉਨ੍ਹਾਂ ਦੇ ਤਰਜ਼ਮਾਨ ਨਾਲ ਸੰਪਰਕ ਨਹੀਂ ਹੋ ਸਕਿਆ।

# ਦੋ ਬੱਚੀਆਂ ਉੱਤੇ ਜਿਨਸੀ ਹਮਲਾ ਕਰਨ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪਾਰਕ ਵਿੱਚ ਦੋ ਲੜਕੀਆਂ ਉੱਤੇ ਹੋਏ ਜਿਨਸੀ ਹਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਬੁੱਧਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਅਨੁਸਾਰ 25 ਅਕਤੂਬਰ ਨੂੰ ਨੌਰਥ ਯੌਰਕ ਵਿੱਚ ਸੈਂਟੇਨੀਅਲ ਪਾਰਕ ਇਲਾਕੇ ਵਿੱਚ ਇੱਕ 10 ਸਾਲਾ ਤੇ 11 ਸਾਲਾ ਬੱਚੀਆਂ ਘੁੰਮ ਰਹੀਆਂ ਸਨ। ਜਾਂਚਕਾਰਾਂ ਨੇ ਦੋਸ਼ ਲਾਇਆ ਕਿ ਇਨ੍ਹਾਂ ਬੱਚੀਆਂ ਕੋਲ ਬਾਈਕ ਉੱਤੇ ਇੱਕ ਵਿਅਕਤੀ ਆਇਆ ਤੇ ਇਨ੍ਹਾਂ ਉੱਤੇ ਜਿਨਸੀ ਹਮਲਾ ਕਰ ਦਿੱਤਾ।

ਪੁਲਿਸ ਵੱਲੋਂ ਮਸ਼ਕੂਕ ਬਾਰੇ ਦਿੱਤੇ ਗਏ ਵੇਰਵੇ ਅਨੁਸਾਰ ਉਹ ਬਲੈਕ ਵਿਅਕਤੀ ਦਰਮਿਆਨੀ ਕੱਦਕਾਠੀ ਵਾਲਾ ਸੀ, ਉਸ ਦੀਆਂ ਅੱਖਾਂ ਦਾ ਰੰਗ ਹੇਜ਼ਲ ਸੀ, ਉਸ ਦਾ ਕੱਦ 6 ਫੁੱਟ ਤੇ ਉਮਰ 40 ਤੋਂ 60 ਸਾਲ ਦਰਮਿਆਨ ਸੀ। ਉਸ ਨੂੰ ਆਖਰੀ ਵਾਰੀ ਗੂੜ੍ਹੇ ਹਰੇ ਰੰਗ ਦੇ ਸਵੈਟਰ, ਕਾਲੀ ਪੈਂਟ ਪਾਇਆਂ ਤੇ ਗ੍ਰੇਅ ਤੇ ਚਿੱਟਾ ਬੈਕਪੈਕ ਪਾਈ ਕਾਲੇ ਰੰਗ ਦੀ ਬਾਈਕ ਉੱਤੇ ਵੇਖਿਆ ਗਿਆ।

# ਮਿਸੀਸਾਗਾ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਜ਼ਖ਼ਮੀ



ਮਿਸੀਸਾਗਾ, 27 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਨੇ ਦਿੱਤੀ।

ਪੁਲਿਸ ਅਧਿਕਾਰੀਆਂ ਨੂੰ ਹਾਦਸੇ ਦੀ ਜਾਣਕਾਰੀ ਰਾਤੀਂ 9:30 ਉੱਤੇ ਦਿੱਤੀ ਗਈ। ਇਹ ਹਾਦਸਾ ਰੈਥਬੌਰਨ ਰੋਡ ਵੈਸਟ ਤੇ ਡਿਊਕ ਆਫ ਯੌਰਕ ਬੁਲੇਵਾਰਡ ਉੱਤੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਮੌਕੇ ਉੱਤੇ ਪਹੁੰਚਣ ਉੱਤੇ ਪਾਇਆ ਕਿ ਇੱਕ 20 ਸਾਲਾ ਰਾਹਗੀਰ ਨੂੰ ਗੱਡੀ ਵੱਲੋਂ ਟੱਕਰ ਮਾਰ ਦਿੱਤੀ ਗਈ ਹੈ ਤੇ ਉਸ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਇਸ ਵਿਅਕਤੀ ਨੂੰ ਟੱਕਰ ਮਾਰਨ ਵਾਲੀ ਗੱਡੀ ਦਾ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਜਾਂਚ ਲਈ ਰੈਥਬੌਰਨ ਰੋਡ ਵੈਸਟ ਤੇ ਡਿਊਕ ਆਫ ਯੌਰਕ ਬੁਲੇਵਾਰਡ ਦੇ ਪੂਰਬੀ ਹਿੱਸੇ ਨੂੰ ਬੰਦ ਕਰ ਦਿੱਤਾ ਗਿਆ ਸੀ ਪਰ ਥੋੜ੍ਹੀ ਦੇਰ ਬਾਅਦ ਇਹ ਰਾਹ ਖੋਲ੍ਹ ਦਿੱਤਾ ਗਿਆ।

# ਨਵਾਂ ਕਾਨੂੰਨ ਪਾਸ ਹੋਣ ਤੋਂ ਬਾਅਦ ਇੱਕ ਪਲਾਟ ਉੱਤੇ ਹੀ ਤਿੰਨ ਯੂਨਿਟਸ ਬਣਾ ਸਕਣਗੇ ਓਨਟਾਰੀਓ ਵਾਸੀ

ਓਨਟਾਰੀਓ, 27 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਮੰਗਲਵਾਰ ਨੂੰ ਹਾਊਸਿੰਗ ਦੇ ਸਬੰਧ ਵਿੱਚ ਨਵੀਆਂ ਤਬਦੀਲੀਆਂ ਦਾ ਐਲਾਨ ਕੀਤਾ ਗਿਆ। ਇਸ ਨਾਲ ਕੁੱਝ ਹਾਲਾਤ ਵਿੱਚ ਮਿਊਂਸਪਲ ਜ਼ੋਨਿੰਗ ਕਾਨੂੰਨ ਵਿੱਚ ਫੇਰਬਦਲ ਹੋਵੇਗਾ ਤੇ ਲੋਕਾਂ ਨੂੰ ਇੱਕ ਰਿਹਾਇਸ਼ੀ ਪਲਾਟ ਉੱਤੇ ਤਿੰਨ ਯੂਨਿਟਸ ਤੱਕ ਉਸਾਰਨ ਦੀ ਖੁੱਲ੍ਹ ਮਿਲ ਜਾਵੇਗੀ।

ਇਸ ਸਬੰਧੀ ਨਵੇਂ ਕਾਨੂੰਨ ਦੇ ਖਰੜੇ ਨੂੰ ਟੋਰਾਂਟੋ ਰੀਜਨ ਬੋਰਡ ਆਫ ਟਰੇਡ ਦੇ ਇੱਕ ਈਵੈਂਟ ਵਿੱਚ ਜਨਤਕ ਕੀਤਾ ਗਿਆ। ਇਸ ਈਵੈਂਟ ਵਿੱਚ ਪ੍ਰੀਮੀਅਰ ਡੱਗ ਫੋਰਡ ਤੇ ਮਿਊਂਸਪਲ ਅਫੇਅਰਜ਼ ਮੰਤਰੀ ਸਟੀਵ ਕਲਾਰਕ ਵੀ ਹਾਜ਼ਰ ਹੋਏ। ਇਸ ਮੌਕੇ ਇੱਕਠ ਨੂੰ ਸੰਬੋਧਨ ਕਰਦਿਆਂ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਦੇ ਹਾਊਸਿੰਗ ਐਕਸ਼ਨ ਪਲੈਨ ਦੀ ਤੀਜੀ ਕਿਸ਼ਤ ਵਿੱਚ ਨਵੇਂ ਹੱਲ ਪੇਸ਼ ਕੀਤੇ ਜਾਣਗੇ ਜਿਨ੍ਹਾਂ ਸਦਕਾ ਓਨਟਾਰੀਓ ਵਾਸੀਆਂ ਦੀ ਅਗਲੀ ਪੀੜ੍ਹੀ ਆਪਣਾ ਘਰ ਬਣਾ ਸਕਣ ਦਾ ਸੁਪਨਾ ਪੂਰਾ ਕਰ ਸਕੇਗੀ। ਉਨ੍ਹਾਂ ਆਖਿਆ ਕਿ ਸਾਡੇ ਕੋਲ ਬਰਬਾਦ ਕਰਨ ਲਈ ਸਮਾਂ ਨਹੀਂ ਹੈ। ਪਿਛਲੀਆਂ ਸਰਕਾਰਾਂ ਨੂੰ ਇਸ ਮੁਸੀਬਤ ਦਾ ਪਤਾ ਸੀ ਪਰ ਉਨ੍ਹਾਂ ਘੇਸਲ ਮਾਰ ਛੱਡੀ।

ਫੋਰਡ ਨੇ ਆਖਿਆ ਕਿ ਇਸ ਤਰ੍ਹਾਂ ਦੇ ਮੁਸ਼ਕਲ ਫੈਸਲੇ ਲੈਣ ਲਈ ਤੁਹਾਡੇ ਕੋਲ ਰੀੜ੍ਹ ਦੀ ਹੱਡੀ ਹੋਣਾ ਵੀ ਜ਼ਰੂਰੀ ਹੁੰਦਾ ਹੈ। ਸਾਡੀ ਸਰਕਾਰ ਨੇ ਆਪਣਾ ਘਰ ਹੋਣ ਦੀ ਓਨਟਾਰੀਓ ਦੇ ਪਰਿਵਾਰਾਂ ਦੀ ਇੱਛਾ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ। ਸਰਕਾਰ ਨੇ ਮੰਗਲਵਾਰ ਨੂੰ ਬਿੱਲ ਪੇਸ਼ ਕੀਤਾ ਜਿਸ ਦਾ ਨਾਂ ਹੈ ਮੋਰ ਹੋਮਜ਼, ਬਿਲਟ ਫਾਸਟਰ ਐਕਟ। ਇਸ ਬਿੱਲ ਵਿੱਚ ਸਰਕਾਰ ਨੇ ਆਖਿਆ ਕਿ ਕੁੱਝ ਵਿਧਾਨਕ ਤਬਦੀਲੀਆਂ ਤੇ ਪ੍ਰਸਤਾਵਾਂ ਨਾਲ ਘਰਾਂ ਦੇ ਨਿਰਮਾਣ ਦਾ ਕੰਮ ਤੇਜ਼ ਹੋ ਜਾਵੇਗਾ ਤੇ ਹਾਊਸਿੰਗ ਸੈਕਟਰ ਨਾਲ ਜੁੜੀਆਂ ਕੀਮਤਾਂ ਹੇਠਾਂ ਆ ਜਾਣਗੀਆਂ।

ਇਸ ਕਾਨੂੰਨ ਤਹਿਤ ਇਕਹਿਰੇ ਰਿਹਾਇਸ਼ੀ ਪਲਾਟ ਉੱਤੇ ਤਿੰਨ ਯੂਨਿਟਸ ਬਣਾਏ ਜਾ ਸਕਣਗੇ ਤੇ ਇਸ ਲਈ ਕਿਸੇ ਤਰ੍ਹਾਂ ਦੇ ਬਾਇਲਾਅ ਵਿੱਚ ਸੋਧ ਦੀ ਲੋੜ ਨਹੀਂ ਹੋਵੇਗੀ ਤੇ ਨਾ ਹੀ ਮਿਊਂਸਪਲ ਇਜਾਜ਼ਤਾਂ ਦੀ ਲੋੜ ਹੈ। ਸਰਕਾਰ ਵੱਲੋਂ ਇਸ ਲਈ ਪੇਸ਼ ਕੀਤੀ ਮਿਸਾਲ ਵਿੱਚ ਇੱਕ ਬੇਸਮੈਂਟ ਅਪਾਰਟਮੈਂਟ ਤੇ ਗਾਰਡਨ ਜਾਂ ਲੇਨਵੇਅ ਹਾਊਸ ਦਰਸਾਇਆ ਗਿਆ ਜਿਹੜਾ ਇੱਕੋ ਪਲਾਟ ਉੱਤੇ ਬਣ ਸਕਣਗੇ ਤੇ ਇਨ੍ਹਾਂ ਨੂੰ ਅਗਾਂਹ ਕਿਰਾਏਦਾਰਾਂ ਨੂੰ ਵੀ ਕਿਰਾਏ ਉੱਤੇ ਦਿੱਤਾ ਜਾ ਸਕੇਗਾ। ਇਕਹਿਰੇ ਰਿਹਾਇਸ਼ੀ ਪਲਾਟ ਉੱਤੇ ਡੂਪਲੈਕਸ ਤੇ ਟ੍ਰਿਪਲੈਕਸ ਵੀ ਬਣਾਏ ਜਾ ਸਕਣਗੇ। ਇਹ ਯੂਨਿਟ ਡਿਵੈਲਪਮੈਂਟ ਚਾਰਜਾਂ ਤੇ ਪਾਰਕਲੈਂਡ ਡੈਡੀਕੇਸ਼ਨ ਫੀਸ ਤੋਂ ਮੁਕਤ ਹੋਣਗੇ।

# 6 ਰਾਜਾਂ ਵੱਲੋਂ ਰਾਸ਼ਟਰਪਤੀ ਦੀ ਕਰਜ਼ਾ ਮੁਆਫੀ ਯੋਜਨਾ ਵਿਰੁੱਧ ਅਪੀਲ ਦਾਇਰ, ਅਦਾਲਤ ਨੇ ਯੋਜਨਾ ਉਪਰ ਲਾਈ ਆਰਜੀ ਰੋਕ

ਸੈਕਰਾਮੈਂਟੋ 27 ਅਕਤੂਬਰ (ਹੁਸਨ ਲੜੋਆ ਬੰਗਾ)- ਅਮਰੀਕਾ ਦੇ 6 ਰਾਜਾਂ ਨੇ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਲਾਗੂ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਯੋਜਨਾ ਦਾ ਵਿਰੋਧ ਕਰਦਿਆਂ ਅਦਾਲਤ ਵਿਚ ਅਪੀਲ ਦਾਇਰ ਕੀਤੀ ਗਈ ਹੈ। ਇਨਾਂ ਰਾਜਾਂ ਦਾ ਕਹਿਣਾ ਹੈ ਕਿ ਇਸ ਯੋਜਨਾ ਕਾਰਨ ਉਨਾਂ ਨੂੰ ਵੱਡੀ ਪੱਧਰ ਉਪਰ ਵਿੱਤੀ ਨੁਕਸਾਨ ਪੁੱਜੇਗਾ। ਕੰਜ਼ਰਵੇਟਿਵ (ਰਿਪਬਲੀਕਨ) ਪਾਰਟੀ ਦੀ ਸੱਤਾ ਵਾਲੇ 6 ਰਾਜ ਅਰਕਨਸਾਸ, ਲੋਵਾ, ਕਨਸਾਸ, ਮਿਸੌਰੀ,ਨੇਬਰਾਸਕਾ ਤੇ ਦੱਖਣੀ ਕੈਰੋਲੀਨਾ ਦੁਆਰਾ ਦਾਇਰ ਅਪੀਲ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਏਨੀ ਵੱਡੀ ਪੱਧਰ ਉਪਰ ਕਰਜ਼ਾ ਮੁਆਫ ਕਰਨ ਦਾ ਅਧਿਕਾਰ ਨਹੀਂ ਰੱਖਦੇ। ਇਨਾਂ ਰਾਜਾਂ ਨੇ ਦਲੀਲ ਦਿੱਤੀ ਹੈ ਕਿ ਇਸ ਯੋਜਨਾ ਰਾਹੀਂ ਉਨਾਂ ਨੂੰ ਵਿੱਤੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਰਾਜਾਂ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਹ ਇਕ ਹਫਤੇ ਲਈ ਯੋਜਨਾ ਉਪਰ ਆਰਜੀ ਰੋਕ ਲਾ ਦੇਵੇ ਤਾਂ ਜੋ ਉਹ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਸਕਣ ਤੇ ਰਾਹਤ ਲੈ ਸਕਣ। ਮਿਸੌਰੀ ਦੀ ਇਕ ਸੰਘੀ ਅਦਾਲਤ ਦੁਆਰਾ ਇਸ ਕਿਸਮ ਦੀ ਦਾਇਰ ਅਪੀਲ ਰੱਦ ਕਰ ਦੇਣ ਉਪਰੰਤ ਰਾਜਾਂ ਵੱਲੋਂ ਏਟਥ ਸਰਕਟ ਕੋਰਟ ਆਫ ਅਪੀਲਜ ਵਿਚ ਰਾਸ਼ਟਰਪਤੀ ਦੀ ਯੋਜਨਾ ਵਿਰੁੱਧ ਦੁਬਾਰਾ ਅਪੀਲ ਦਾਇਰ ਕੀਤੀ ਗਈ ਹੈ। ਫਿਲਹਾਲ ਅਦਾਲਤ ਨੇ ਰਾਜਾਂ ਦੀ ਅਪੀਲ 'ਤੇ ਯੋਜਨਾ ਉਪਰ ਆਰਜੀ ਤੌਰ 'ਤੇ ਰੋਕ ਲਾ ਦਿੱਤੀ ਹੈ। ਏਟਥ ਸਰਕਟ ਕੋਰਟ ਆਫ ਅਪੀਲਜ ਦੇ ਕੁਲ 11 ਸਰਗਰਮ ਜੱਜਾਂ ਵਿਚੋਂ ਸਾਬਕਾ ਰਾਸ਼ਟਰਪਤੀ ਜਾਰਜ ਡਬਲਯਬ ਬੁੱਸ਼ ਦੁਆਰਾ 5, ਡੋਨਲਡ ਟਰੰਪ ਵੱਲੋਂ 4 ਤੇ ਜਾਰਜ ਐਚ ਡਬਲਯੂ ਤੇ ਬਰਾਕ ਉਬਾਮਾ ਦੁਆਰਾ 1-1 ਜੱਜ ਦੀ ਨਿਯੁਕਤੀ ਕੀਤੀ ਗਈ ਹੈ। ਅਦਾਲਤ ਨੇ ਹਾਲਾਂ ਕਿ ਆਰਜੀ ਤੌਰ 'ਤੇ ਬਾਈਡਨ ਪ੍ਰਸ਼ਾਸਨ ਨੂੰ ਯੋਜਨਾ ਉਪਰ ਅਗੇ ਵਧਣ ਤੋਂ ਰੋਕ ਦਿੱਤਾ ਹੈ ਪਰੰਤੂ ਨਾਲ ਹੀ ਕਿਹਾ ਹੈ ਕਿ ਵਿਦਿਆਰਥੀ ਰਾਹਤ ਲੈਣ ਲਈ ਦਰਖਾਸਤਾਂ ਦੇ ਸਕਦੇ ਹਨ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਅਦਾਲਤ ਅਗਲੀ ਕਾਰਵਾਈ ਕਦੋਂ ਕਰੇਗੀ। ਇਸੇ ਦੌਰਾਨ ਰਾਸ਼ਟਰਪਤੀ ਬਾਈਡਨ ਨੇ ਉਕਤ 6 ਰਾਜਾਂ ਤੇ ਹੋਰ ਕੰਜ਼ਰਵੇਟਿਵ ਧਿਰਾਂ ਦੁਆਰਾ ਕਰਜ਼ਾ ਮੁਆਫੀ ਯੋਜਨਾ ਨੂੰ ਪੱਟੜੀ ਤੋਂ ਲਾਹੁਣ ਲਈ ਕੀਤੇ ਜਾ ਰਹੇ ਯਤਨਾਂ ਦੀ ਨਿੰਦਾ ਕੀਤੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਉਸ ਦੀ ਯੋਜਨਾ ਦੇ ਹੁੰਗਾਰੇ ਵਿੱਚ ਇਕ ਹਫਤੇ ਵਿਚ 22 ਲੱਖ ਦਰਖਾਸਤਾਂ ਆ ਚੁੱਕੀਆਂ ਹਨ ਜੋ ਕੰਜ਼ਰਵੇਟਿਵ ਲੋਕਾਂ ਨੂੰ ਪਸੰਦ ਨਹੀਂ ਹੈ। ਇਸ ਯੋਜਨਾ ਤਹਿਤ 1,25,000 ਦੀ ਕਮਾਈ ਵਾਲੇ ਇਕਹਿਰੇ ਵਿਅਕਤੀ ਤੇ 2,50,000 ਡਾਲਰ ਦੀ ਆਮਦਨੀ ਵਾਲੇ ਵਿਆਹੁਤਾ ਜੋੜੇ 20000 ਡਾਲਰ ਤੱਕ ਕਰਜਾ ਰਾਹਤ ਲੈਣ ਲਈ ਦਰਖਾਸਤਾਂ ਦੇ ਸਕਦੇ ਹਨ।






# ਭੋਜਨ ਉਦਯੋਗ ਵਿਚ ਕੰਮ ਕਰਨ ਲਈ ਕੁਈਨਸਵੁੱਡ ਕਾਲਜ ਦੇ ਕੋਰਸ ਲਾਹੇਵੰਦ

ਕਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕੁਈਨਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ (ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ)। ਕੁਈਨਸਵੁੱਡ ਕਾਲਜ ਫੂਡ ਸਰਵਿਸ ਵਰਕਰ ਦਾ 14 ਨਵੰਬਰ ਨੂੰ ਨਵਾਂ ਬੈਚ ਸ਼ੁਰੂ ਕਰਨ ਜਾ ਰਿਹਾ ਹੈ। ਫੂਡ ਸਰਵਿਸ ਵਰਕਰ (FSW) ਪ੍ਰੋਗਰਾਮ ਉਹਨਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ, ਜੋ ਭੋਜਨ ਉਦਯੋਗ ਜਾਂ ਸਿਹਤ ਸੰਭਾਲ ਰਸੋਈਆਂ ਵਿੱਚ ਕੰਮ ਕਰਨਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਭੋਜਨ ਸੰਭਾਲ, ਪੋਸ਼ਣ, ਸੈਨੀਟੇਸ਼ਨ ਅਤੇ ਸੁਰੱਖਿਆ, ਮਾਤਰਾ ਵਿੱਚ ਭੋਜਨ ਤਿਆਰ ਕਰਨ ਵਿੱਚ ਸਿਖਲਾਈ ਦਿੱਤੀ ਜਾਵੇਗੀ। ਕਾਲਜ 120 ਘੰਟਿਆਂ ਲਈ ਹੈਲਥ ਕੇਅਰ ਸੈਟਿੰਗ ਵਿੱਚ ਪ੍ਰੈਕਟਿਕਮ ਪਲੇਸਮੈਂਟ ਦਾ ਪ੍ਰਬੰਧ ਕਰੇਗਾ, ਜੋ ਕਿ ਸਰਕਾਰੀ ਮਾਪਦੰਡਾਂ ਅਤੇ ਰੋਜ਼ਗਾਰ ਲੋੜਾਂ ਨੂੰ ਪੂਰਾ ਕਰਨ ਵਾਲਾ ਵਿਹਾਰਕ ਅਨੁਭਵ ਪ੍ਰਦਾਨ ਕਰੇਗਾ।

ਪ੍ਰੋਗਰਾਮ ਗ੍ਰੈਜੂਏਟ ਹਸਪਤਾਲਾਂ ਵਿੱਚ ਧਇਟਅਰੇ ਓਦਿਏ ਜੋਬਸ, ਹਸਪਤਾਲ ਟ੍ਰੇ ਕੈਰੀਅਰ, ਨਰਸਿੰਗ ਹੋਮਜ਼, ਲੌਂਗ ਟਰਮ ਕੇਅਰ, ਰਿਟਾਇਰਮੈਂਟ ਹੋਮ ਅਤੇ ਏਅਰਲਾਈਨ ਕਿਚਨ ਵਿੱਚ ਨੌਕਰੀਆਂ ਲਈ ਅਰਜ਼ੀ (Application) ਦੇ ਸਕਦੇ ਹਨ। ਉਹ ਇਸ ਬੈਚ ਲਈ ਟਿਊਸ਼ਨ ਫੀਸ 'ਤੇ ਵਿਸ਼ੇਸ਼ ਛੋਟ (Special Discount) ਦੇ ਰਹੇ ਹਨ। ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ। ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ। ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ। ਸਾਡੀ Website: www.queenswoodcollege.com ਅਤੇ Address: 2023 William, Pkwy, Unit 3, Brampton, ON, L6S 5N1 ਹੈ।

# ਅਮਨ ਅਰੋੜਾ ਨੇ ਡੇਰਾਬੱਸੀ ਵਿੱਚ ਉਦਯੋਗ ਸੇਵਾ ਕੇਂਦਰ ਦਾ ਨੀਂਹ ਪੱਥਰ ਰੱਖਿਆ

* ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਕੈਬਨਿਟ ਮੰਤਰੀ ਦਾ ਵਿਸ਼ੇਸ ਸਨਮਾਨ





ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਇੰਡਸਟਰੀ ਨੂੰ ਪ੍ਰਫੁੱਲਤ ਕਰਨ, ਵੱਧ ਤੋਂ ਸਹੂਲਤਾਂ ਦੇਣ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਮੰਤਵ ਤਹਿਤ ਅੱਜ ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਡੇਰਾਬੱਸੀ ਵਿਖੇ ਉਦਯੋਗ ਸੇਵਾ ਕੇਂਦਰ ਦਾ ਨੀਂਹ ਪੱਥਰ ਰੱਖਿਆ।

ਡੇਰਾਬੱਸੀ ਇੰਡਸਟਰੀਜ ਐਸੋਸੀਏਸ਼ਨ ਦੀ ਇਸ ਇਮਾਰਤ ਦਾ ਨੀਂਹ ਪੱਥਰ ਰੱਖਣ ਬਾਅਦ ਕਾਰੋਬਾਰੀਆਂ ਨੂੰ ਸੰਬੋਧਨ ਕਰਦਿਆ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਇੰਡਸਟਰੀ ਸੂਬੇ ਦੀ ਰੀੜ ਦੀ ਹੱਡੀ ਹੈ ਅਤੇ ਮੁੱਖ ਮੰਤਰੀ ਸ ਭਗਵੰਤ ਮਾਨ ਜੀ ਦੀ ਸਰਕਾਰ ਸੂਬੇ ਵਿੱਚ ਕਾਰੋਬਾਰ ਅਤੇ ਵਪਾਰ ਨੂੰ ਹੋਰ ਸੁਖਾਲਾ ਬਣਾਉਣ ਲਈ ਯਤਨਸੀਲ ਹੈ।

ਉਨਾਂ ਕਿਹਾ ਕਿ ਕਿਸੇ ਵੀ ਦੇਸ਼ ਜਾਂ ਸੂਬੇ ਦੀ ਤਰੱਕੀ ਵਿੱਚ ਉਥੋਂ ਦੀ ਇੰਡਸਟਰੀ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਉਦਯੋਗ ਸੇਵਾ ਕੇਂਦਰ ਨਾਲ ਇਸ ਖਿੱਤੇ ਦੇ ਸਨਅਤਕਾਰਾਂ ਨੂੰ ਵੱਡੀ ਸਹੂਲਤ ਮਿਲੇਗੀ।

ਉਨਾਂ ਕਿਹਾ ਕਿ ਡੇਰਾਬੱਸੀ ਦੇ ਕਾਰੋਬਾਰੀਆਂ ਨੂੰ ਦਰਪੇਸ ਮੁਸ਼ਕਿਲਾਂ ਬਾਰੇ ਸੁਣਦੇ ਰਹੇ ਹਨ। ਇੱਥੋਂ ਦੀ ਇੰਡਸਟਰੀ ਨੂੰ ਪਿਛਲੀਆਂ ਸਰਕਾਰ ਵੱਲੋਂ ਅਣਗੌਲਿਆ ਕੀਤਾ ਗਿਆ ਸੀ ਅਤੇ ਇੰਡਸਟਰੀ ਵੱਲ ਖਾਸ ਧਿਆਨ ਨਹੀਂ ਦਿੱਤਾ ਗਿਆ। ਹੁਣ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਇੰਡਸਟਰੀ ਨੂੰ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ। ਉਨਾਂ ਦੱਸਿਆ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਸਟੈਂਡਅਲੋਨ ਉਦਯੋਗਾਂ ਲਈ ਬਿਲਡਿੰਗ ਪਲਾਨ ਨੂੰ ਪ੍ਰਵਾਨਗੀ ਦੇਣ ਅਤੇ ਸੰਪੂਰਨਤਾ ਸਰਟੀਫਿਕੇਟ ਜਾਰੀ ਕਰਨ ਸਮੇਤ ਨਗਰ ਨਿਗਮ ਦੀ ਹਦੂਦ ਤੋਂ ਬਾਹਰ ਪੈਂਦੇ ਉਦਯੋਗਾਂ ਦੀ ਕੰਪਾਊਂਡਿੰਗ ਸਬੰਧੀ ਸ਼ਕਤੀਆਂ ਡਾਇਰੈਕਟਰ ਫੈਕਟਰੀਜ਼ ਨੂੰ ਸੌਂਪ ਦਿੱਤੀਆਂ ਹਨ ਤਾਂ ਜੋ ਉਦਯੋਗਪਤੀਆਂ ਨੂੰ ਆਪਣੀਆਂ ਫੈਕਟਰੀਆਂ ਦੇ ਬਿਲਡਿੰਗ ਪਲਾਨ ਮਨਜ਼ੂਰ ਕਰਵਾਉਣ ਲਈ ਦੋ ਵੱਖ-ਵੱਖ ਵਿਭਾਗਾਂ ਵਿੱਚ ਅਰਜ਼ੀਆਂ ਦੇਣ ਦੀ ਲੋੜ ਨਾ ਪਵੇ।

ਉਨਾਂ ਕਿਹਾ ਕਿ ਪੰਜਾਬ ਵਿੱਚ ਇੰਡਸਟਰੀ ਲਗਾਉਣ ਲਈ ਸਰਕਾਰ ਵੱਲੋਂ ਕਈ ਫੈਸਲੇ ਲਏ ਗਏ ਹਨ ਜਿਸ ਨਾਲ ਅੱਜ ਪੰਜਾਬ ਪੂਰੇ ਦੇਸ਼ ਵਿੱਚ ਇੰਡਸਟਰੀਜ ਲਗਾਉਣ ਵਾਸਤੇ ਪਸੰਦੀਦਾ ਸਥਾਨ ਵਜੋਂ ਉੱਭਰ ਕੇ ਸਾਹਮਣੇ ਆ ਰਿਹਾ ਹੈ। ਇਸ ਮੌਕੇ ਉਨਾਂ ਨੇ ਵੱਖ ਵੱਖ ਕਾਰੋਬਾਰੀਆਂ ਦੀਆਂ ਇੰਡਸਟਰੀ ਨੂੰ ਲੈ ਕੇ ਸਮੱਸਿਆਵਾਂ ਸੁਣੀਆਂ ਅਤੇ ਉਨਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਐਸ.ਡੀ.ਐਮ. ਡੇਰਾਬੱਸੀ ਸ਼੍ਰੀ ਹਿਮਾਂਸ਼ੂ ਗੁਪਤਾ, ਡੇਰਾਬੱਸੀ ਇੰਡਸਟਰੀਜ ਐਸੋਸੀਏਸ਼ਨ ਦੇ ਪ੍ਰਧਾਨ ਵਿਜੈ ਮਿੱਤਲ, ਸੈਕਟਰੀ ਰਾਕੇਸ਼ ਆਰ. ਅਗਰਵਾਲ ਅਤੇ ਹੋਰ ਅਹੁਦੇਦਾਰ ਅਤੇ ਕਾਰੋਬਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 13 ਸਾਲ ਦੀ ਜ਼ਖਮੀ ਕੁੜੀ ਮਦਦ ਦੀ ਗੁਹਾਰ ਲਾਉਂਦੀ ਰਹੀ ਪਰ ਲੋਕ ਵੀਡੀਓ ਬਣਾਉਂਦੇ ਰਹੇ

ਕੰਨੌਜ-, 27 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਕਨੌਜ ਤੋਂ ਇੱਕ ਹੈਰਾਨ ਕਰਨ ਵਾਲਾ ਵੀਡੀਓ ਸਾਹਮਣੇ ਆਇਆ ਹੈ।ਉਥੇ ਖੜ੍ਹੇ ਲੋਕ ਗੰਭੀਰ ਜ਼ਖਮੀ ਲੜਕੀ ਦੀ ਮਦਦ ਕਰਨ ਦੀ ਬਜਾਏ ਉਸ ਦੀ ਵੀਡੀਓ ਬਣਾਉਣ 'ਚ ਰੁੱਝ ਗਏ।ਇਹ ਲੜਕੀ ਲਾਪਤਾ ਸੀ ਅਤੇ ਕਈ ਘੰਟਿਆਂ ਬਾਅਦ ਸਰਕਾਰੀ ਗੈਸਟ ਹਾਊਸ ਦੇ ਬਾਹਰ ਜ਼ਖ਼ਮੀ ਹਾਲਤ ਵਿੱਚ ਮਿਲੀ।ਲੜਕੀ ਦੇ ਸਿਰ ਅਤੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਸਨ। ਪਰ ਉੱਥੇ ਮੌਜੂਦ ਲੋਕਾਂ ਨੇ ਉਸ ਨੂੰ ਹਸਪਤਾਲ ਲਿਜਾਣ ਦੀ ਬਜਾਏ ਵੀਡੀਓ ਬਣਾਉਣਾ ਸ਼ੁਰੂ ਕਰ ਦਿੱਤਾ।
25 ਸੈਕਿੰਡ ਦੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਜ਼ਖਮੀ ਲੜਕੀ ਨੇ ਹੱਥ ਚੁੱਕ ਕੇ ਮਦਦ ਮੰਗੀ ਹੈ।ਪਰ ਉਥੇ ਖੜ੍ਹੇ ਲੋਕ ਮੋਬਾਈਲ 'ਤੇ ਉਸ ਦੀ ਵੀਡੀਓ ਬਣਾਉਣ 'ਚ ਰੁੱਝੇ ਹੋਏ ਸਨ।ਵੀਡੀਓ ਵਿੱਚ ਇੱਕ ਵਿਅਕਤੀ ਇਹ ਪੁੱਛਦਾ ਵੀ ਸੁਣਿ-ਆ ਜਾ ਰਿਹਾ ਹੈ ਕਿ ਕੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ, ਜਦਕਿ ਦੂਸਰੇ ਪੁਲਿਸ ਮੁਖੀ ਦਾ ਨੰਬਰ ਪੁੱਛਦੇ ਹੋਏ ਦਿਖਾਈ ਦੇ ਰਹੇ ਹਨ।ਪਰ ਇਸ ਦੌਰਾਨ ਲੜਕੀ ਦੀ ਵੀਡੀਓ ਵੀ ਬਣ ਰਹੀ ਸੀ ਅਤੇ ਕਿਸੇ ਨੇ ਵੀ ਅੱਗੇ ਆ ਕੇ ਮਦਦ ਲਈ ਕੋਈ ਉਪਰਾਲਾ ਨਹੀਂ ਕੀਤਾ। ਪੁਲਿਸ ਦੇ ਆਉਣ ਤੱਕ ਲੜਕੀ ਤੜਫਦੀ ਰਹੀ।ਇੱਕ ਹੋਰ ਵੀਡੀਓ, ਜੋ ਵਾਇਰਲ ਹੋਈ ਹੈ, ਵਿੱਚ ਇੱਕ ਪੁਲਿਸ ਮੁਲਾਜ਼ਮ ਜ਼ਖਮੀ ਲੜਕੀ ਨੂੰ ਆਪਣੀ ਗੋਦ ਵਿੱਚ ਲੈ ਕੇ ਆਟੋਰਿਕਸ਼ਾ ਵੱਲ ਭੱਜਦਾ ਦਿਖਾਈ ਦੇ ਰਿਹਾ ਹੈ।ਪੁਲਿਸ ਸੁਪਰਡੈਂਟ ਕੁੰਵਰ ਅਨੁਪਮ ਸਿੰਘ ਨੇ ਇੱਕ ਬਿਆਨ ਵਿੱਚ ਕਿਹਾ, "ਨਾਬਾਲਗ ਨੂੰ ਜ਼ਖਮੀ ਹਾਲਤ ਵਿੱਚ ਪਾਇਆ ਗਿਆ ਅਤੇ ਸਥਾਨਕ ਪੁਲਿਸ ਦੁਆਰਾ ਉਸਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।ਜਾਣਕਾਰੀ ਮੁਤਾਬਿਕ ਲੜਕੀ ਐਤਵਾਰ ਨੂੰ ਪਿਗੀ ਬੈਂਕ ਖਰੀਦਣ ਲਈ ਬਾਹਰ ਗਈ ਸੀ, ਪਰ ਘਰ ਵਾਪਸ ਨਹੀਂ ਆਈ।ਉਸ ਨੇ ਦੱਸਿਆ ਕਿ ਗੈਸਟ ਹਾਊਸ ਦੇ ਗਾਰਡ ਨੇ ਪਹਿਲਾਂ ਉਸ ਨੂੰ ਦਰਦ ਨਾਲ ਕੁਰਲਾਉਂਦੇ ਦੇਖਿਆ ਅਤੇ ਪੁਲਸ ਨੂੰ ਸੂਚਨਾ ਦਿੱਤੀ।



ਉਸ ਦੇ ਨਾਲ ਇਕ ਨੌਜਵਾਨ ਸੀ ਅਤੇ ਉਹ ਗੈਸਟ ਹਾਊਸ 'ਚ ਲੱਗੇ ਕੈਮਰੇ ਦੀ ਫੁਟੇਜ 'ਚ ਨਜ਼ਰ ਆ ਰਹੇ ਸਨ।ਉਸ ਦੀ ਪਛਾਣ ਕੀਤੀ ਜਾ ਰਹੀ ਹੈ।ਅਧਿਕਾਰੀ ਨੇ ਕਿਹਾ ਕਿ ਬਲਾਤਕਾਰ ਦੀ ਪੁਸ਼ਟੀ ਨਹੀਂ ਹੋ ਸਕੀ ਕਿਉਂਕਿ ਮੈਡੀਕਲ ਰਿਪੋਰਟ ਆਉਣੀ ਬਾਕੀ ਹੈ। ਬੱਚੀ ਨੂੰ ਇਲਾਜ ਲਈ ਕਾਨਪੁਰ ਰੈਫਰ ਕਰ ਦਿੱਤਾ ਗਿਆ ਹੈ। ਲੜਕੀ ਦੇ ਪਰਿਵਾਰ ਵਾਲਿਆਂ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ।ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

# ਇਲੈਕਟ੍ਰਿਕ ਸਕੂਟਰ ਨੂੰ ਲੱਗੀ ਅੱਗ, ਡਿਲੀਵਰੀ ਬੁਆਏ ਨੇ ਛਾਲ ਮਾਰ ਕੇ ਬਚਾਈ ਜਾਨ

ਨੋਇਡਾ, 27 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਨੋਇਡਾ 'ਚ ਸੈਕਟਰ-78 ਸਥਿਤ ਕੋਤਵਾਲੀ ਸੈਕਟਰ-113 ਇਲਾਕੇ 'ਚ ਸੈਕਟਰ-78 ਦੀ ਮੁੱਖ ਸੜਕ 'ਤੇ ਸਾਮਾਨ ਦੀ ਡਿਲਿਵਰੀ ਕਰਨ ਜਾ ਰਹੇ ਬਿਗ ਬਾਸਕਟ ਦੇ ਡਿਲੀਵਰੀ ਬੁਆਏ ਦੇ ਇਲੈਕਟ੍ਰਿਕ ਸਕੂਟਰ 'ਚ ਅਚਾਨਕ ਅੱਗ ਲੱਗ ਗਈ।ਡਿਲੀਵਰੀ ਬੁਆਏ ਨੇ ਚੱਲਦੇ ਸਕੂਟਰ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ।ਰਾਹਗੀਰਾਂ ਦੀ ਸੂਚਨਾ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਗੱਡੀ ਨੇ ਅੱਗ 'ਤੇ ਕਾਬੂ ਪਾਇਆ ਪਰ ਉਦੋਂ ਤੱਕ ਸਕੂਟਰ ਸੜ ਕੇ ਸਵਾਹ ਹੋ ਚੁੱਕਾ ਸੀ।ਡਿਲੀਵਰੀ ਬੁਆਏ ਦੀ ਪਛਾਣ ਚੰਦਰ ਪ੍ਰਕਾਸ਼ ਵਜੋਂ ਹੋਈ ਹੈ।ਇਹ ਹਾਦਸਾ ਸੈਕਟਰ 78 ਸਥਿਤ ਸਿਵਿਟੈਕ ਸਟੇਡੀਅਮ ਦੇ ਸਾਹਮਣੇ ਮੁੱਖ ਸੜਕ 'ਤੇ ਵਾਪਰਿਆ।

ਕੋਤਵਾਲੀ ਸੈਕਟਰ 113 ਦੇ ਇੰਚਾਰਜ ਸ਼ਰਦ ਕੁਮਾਰ ਅਨੁਸਾਰ ਚੰਦਰ ਪ੍ਰਕਾਸ਼ ਆਰਡਰ ਦੇਣ ਲਈ ਸੈਕਟਰ 80 ਸਥਿਤ ਬਿਗ ਬਾਸਕੇਟ ਸਟੋਰ ਤੋਂ ਸਿਵਿਕ ਸਟੈਂਡੀਆ ਸੁਸਾਇਟੀ ਵੱਲ ਜਾ ਰਿਹਾ ਸੀ।ਜਦੋਂ ਇਹ ਇਲੈਕਟ੍ਰਿਕ ਸਕੂਟਰ ਸਟੈਂਡੀਆ ਦੇ ਸਾਹਮਣੇ ਪਹੁੰਚਿਆ ਤਾਂ ਅਚਾਨਕ ਉਸ ਨੂੰ ਅੱਗ ਲੱਗ ਗਈ।ਹਾਲਾਂਕਿ ਚੰਦਰ ਪ੍ਰਕਾਸ਼ ਨੇ ਤਤਪਰਤਾ ਦਿਖਾਉਂਦੇ ਹੋਏ ਸਕੂਟਰ ਤੋਂ ਉਤਰ ਗਏ। ਹਾਦਸੇ ਵਿੱਚ ਸਕੂਟਰ ਪੂਰੀ ਤਰ੍ਹਾਂ ਸੜ ਗਿਆ।ਸਕੂਟਰ 'ਚ ਅੱਗ ਕਿਸ ਕਾਰਨ ਲੱਗੀ ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।ਪੁਲਿਸ ਮੌਕੇ 'ਤੇ ਪਹੁੰਚ ਕੇ ਹੋਰ ਕਾਨੂੰਨੀ ਕਾਰਵਾਈ ਕਰ ਰਹੀ ਹੈ।

## ਦਿੱਲੀ 'ਚ ਦੰਗਿਆਂ ਦੌਰਾਨ ਮਿਲੀ ਸੀ ਲਾਸ਼, 2 ਸਾਲਾਂ ਬਾਅਦ ਹੋਇਆ ਪੋਸਟਮਾਰਟਮ, ਮਾਮਲਾ ਦਰਜ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)- ਉੱਤਰ ਪੂਰਬੀ ਦਿੱਲੀ 'ਚ ਹੋਏ ਦੰਗਿਆਂ ਦੌਰਾਨ ਖਜੂਰੀ ਖਾਸ ਇਲਾਕੇ 'ਚੋਂ ਇਕ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ।ਪੁਲਸ 2 ਸਾਲਾਂ ਤੋਂ ਵਿਅਕਤੀ ਦੇ ਪਰਿਵਾਰ ਦੀ ਭਾਲ ਵਿੱਚ ਲੱਗੀ ਹੋਈ ਸੀ। ਹੁਣ 2 ਸਾਲ ਬਾਅਦ ਲਾਸ਼ ਦਾ ਪੋਸਟਮ-ਾਰਟਮ ਕੀਤਾ ਗਿਆ ਹੈ ਅਤੇ ਉਸ ਦੀ ਪਛਾਣ ਵੀ ਹੋ ਗਈ ਹੈ।ਹਾਲਾਂਕਿ ਪੁਲਿਸ ਦਾ ਦਾਅਵਾ ਹੈ ਕਿ ਵਿਅਕਤੀ ਦੀ ਮੌਤ ਸਾਹ ਘੁੱਟਣ ਕਾਰਨ ਹੋਈ ਹੈ।ਉਸ ਦਾ ਦਿੱਲੀ ਦੰਗਿਆਂ ਨਾਲ ਕੋਈ ਸਬੰਧ ਨਹੀਂ ਹੈ।ਪਰ ਅਦਾਲਤ ਦੇ ਹੁਕਮਾਂ 'ਤੇ ਪੁਲੀਸ ਨੇ ਆਈਪੀਸੀ 304 ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।
ਦਰਅਸਲ, 27 ਫਰਵਰੀ, 2020 ਨੂੰ ਉੱਤਰ ਪੂਰਬੀ ਦਿੱਲੀ ਦੇ ਖਜੂਰੀ ਖਾਸ ਇਲਾਕੇ ਵਿੱਚ ਹੋਏ ਦੰਗਿਆਂ ਦੌਰਾਨ ਇੱਕ 45 ਸਾਲਾ ਵਿਅਕਤੀ ਬੇਹੋਸ਼ੀ ਦੀ ਹਾਲਤ ਵਿੱਚ ਮਿਲਿਆ ਸੀ ਅਤੇ ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਪਰ ਮ੍ਰਿਤਕ ਦੇ ਪਰਿਵਾਰਕ ਮੈਂਬਰ ਸ਼ਨਾਖਤ ਲਈ ਪੁਲੀਸ ਕੋਲ ਨਹੀਂ ਪੁੱਜੇ।ਪੁਲੀਸ ਨੇ ਵੀ ਆਪਣੇ ਪੱਧਰ 'ਤੇ ਇਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ।ਪਰ ਸਫਲਤਾ ਨਹੀਂ ਮਿਲੀ।
ਕਰੀਬ 2 ਸਾਲ ਬਾਅਦ 11 ਮਾਰਚ 2022 ਨੂੰ ਮੈਡੀਕਲ ਬੋਰਡ ਰਾਹੀਂ ਲਾਸ਼ ਦਾ ਪੋਸਟਮ-ਾਰਟਮ ਕਰਵਾਇਆ ਗਿਆ।ਇਸ ਤੋਂ ਬਾਅਦ ਵੀ ਪੁਲਿਸ ਸ਼ਨਾਖਤ ਕਰਨ ਦੀ ਕੋਸ਼ਿਸ਼ ਕਰਦੀ ਰਹੀ।19 ਮਾਰਚ 2022 ਨੂੰ ਮ੍ਰਿਤਕ ਦੀ ਪਛਾਣ ਉੱਤਰ ਪੂਰਬੀ ਦਿੱਲੀ ਦੇ ਚਾਂਦ ਬਾਗ ਦੇ ਰਹਿਣ ਵਾਲੇ ਸਿਕੰਦਰ ਵਜੋਂ ਹੋਈ ਸੀ।ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ ਅਤੇ ਪਰਿਵਾਰ ਨੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ।

# ਰਿਸਵਤ ਮੰਗਣ ਵਾਲੇ ਸੇਵਾਦਾਰ ਵਿਰੁੱਧ ਪਰਚਾ ਦਰਜ



ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਤਹਿਸੀਲ ਦਫਤਰ-2, ਅੰਮ੍ਰਿਤਸਰ ਵਿਖੇ ਤਾਇਨਾਤ ਸੇਵਾਦਾਰ ਗੁਰਧੀਰ ਸਿੰਘ ਵੱਲੋਂ ਇੱਕ ਲੱਖ ਰੁਪਏ ਦੀ ਰਿਸ਼ਵਤ ਲੈਣ ਬਦਲੇ ਰਿਸ਼ਵਤਖੋਰੀ ਦਾ ਮੁਕੱਦਮਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਸੇਵਾਦਾਰ ਖਿਲਾਫ ਸ਼ਿਕਾਇਤਕਰਤਾ ਜੈਬੀਰ ਸਿੰਘ ਵਾਸੀ ਪਿੰਡ ਕੱਕਾ ਕੰਡਿਆਲਾ, ਜਿਲਾ ਤਰਨ-ਤਾਰਨ ਵੱਲੋਂ ਬਿਊਰੋ ਕੋਲ ਦਰਜ ਕਰਵਾਈ ਇੱਕ ਆਨਲਾਈਨ ਸ਼ਿਕਾਇਤ ਦੇ ਅਧਾਰ 'ਤੇ ਇਹ ਕੇਸ ਦਰਜ ਕੀਤਾ ਗਿਆ। ਉਹਨਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ ਲਾਇਆ ਹੈ ਕਿ ਉਕਤ ਮੁਲਾਜਮ ਨੇ ਉਸ ਦੀ ਸੱਸ ਦੇ ਪਲਾਟ ਦੀ ਰਜਿਸਟਰੀ ਕਰਾਉਣ ਲਈ ਐਨ.ਓ.ਸੀ. ਮੁਹੱਈਆ ਕਰਨ ਦੇ ਇਵਜ਼ ਵਿੱਚ ਇੱਕ ਲੱਖ ਰੁਪਏ ਦੀ ਰਿਸਵਤ ਲਈ ਸੀ ਜੋ ਕਿ ਐਨ.ਓ.ਸੀ. ਨਾ ਦੇਣ ਕਾਰਨ ਉਸਨੇ ਵਾਪਸ ਕਰ ਦਿੱਤੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਨਾਲ ਪੇਸ ਕੀਤੇ ਤੱਥਾਂ ਤੇ ਸਬੂਤਾਂ ਦੀ ਪੜਤਾਲ ਉਪਰੰਤ ਉਕਤ ਮੁਲਾਜਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਰਿਸ਼ਵਤਖੋਰੀ ਦਾ ਮਾਮਲਾ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਪੜਤਾਲ ਜਾਰੀ ਹੈ। ਉਸ ਨੂੰ ਵਿਜੀਲੈਂਸ ਬਿਊਰੋ ਕੋਲ ਪੇਸ਼ ਹੋਣ ਲਈ ਨੋਟਿਸ ਵੀ ਭੇਜ ਦਿੱਤਾ ਹੈ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਆਪਣੀ ਕੈਬਨਿਟ ਦੀ ਪਹਿਲੀ ਮੀਟਿੰਗ ਕੀਤੀ



ਲੰਡਨ, 27 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਬੁੱਧਵਾਰ ਨੂੰ ਆਪਣੀ ਕੈਬਨਿਟ ਦੀ ਪਹਿਲੀ ਬੈਠਕ ਕੀਤੀ।ਸੁਨਕ 'ਪ੍ਰਧਾਨ ਮੰਤਰੀ ਦੇ ਪ੍ਰਸ਼ਨ ਕਾਲ' ਸੈਸ਼ਨ ਦੀ ਤਿਆਰੀ ਕਰ ਰਹੇ ਹਨ, ਜੋ ਬ੍ਰਿਟੇਨ ਦੇ ਪਹਿਲੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਦੀ ਅਗਵਾਈ ਦਾ ਪਹਿਲਾ ਵੱਡਾ ਇਮਤਿਹਾਨ ਹੋਵੇਗਾ।ਪ੍ਰਧਾਨ ਮੰਤਰੀ ਸੁਨਕ ਨੇ ਦੁਪਹਿਰ ਨੂੰ 'ਪ੍ਰਧਾਨ ਮੰਤਰੀ ਦੇ ਪ੍ਰਸ਼ਨ ਕਾਲ' ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਨੇਤਾ ਕੀਰ ਸਟਾਰਮਰ ਦਾ ਸਾਹਮਣਾ ਕਰਨ ਤੋਂ ਪਹਿਲਾਂ ਬੁੱਧਵਾਰ ਨੂੰ ਆਪਣੀ ਨਵੀਂ ਕੈਬਨਿਟ ਨਾਲ ਮੀਟਿੰਗ ਕੀਤੀ।'ਪ੍ਰਧਾਨ ਮੰਤਰੀ ਦਾ ਪ੍ਰਸ਼ਨ ਕਾਲ' ਸੈਸ਼ਨ ਯੂਕੇ ਦੀ ਰਾਜਨੀਤੀ ਵਿੱਚ ਇੱਕ ਉੱਚ-ਪ੍ਰੋਫਾਈਲ ਹਫ਼ਤਾਵਾਰੀ ਸਮਾਗਮ ਹੈ, ਜੋ ਹਰ ਬੁੱਧਵਾਰ ਦੁਪਹਿਰ ਨੂੰ ਉਦੋਂ ਹੁੰਦਾ ਹੈ ਜਦੋਂ ਹਾਊਸ ਆਫ਼ ਕਾਮਨਜ਼ ਦੀ ਮੀਟਿੰਗ ਹੁੰਦੀ ਹੈ।

ਲਗਭਗ ਅੱਧੇ ਘੰਟੇ ਤੱਕ ਪ੍ਰਧਾਨ ਮੰਤਰੀ ਨੂੰ ਕਿਸੇ ਵੀ ਵਿਸ਼ੇ 'ਤੇ ਸੰਸਦ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਕਾਮਨਜ਼ ਚੈਂਬਰ ਵਿੱਚ ਡਿਸਪੈਚ ਬਾਕਸ ਵਿੱਚ ਬੁਲਾਇਆ ਜਾਂਦਾ ਹੈ।ਵਿਰੋਧੀ ਧਿਰ ਦੇ ਨੇਤਾ ਨੂੰ ਛੇ ਸਵਾਲ ਪੁੱਛਣੇ ਪੈਂਦੇ ਹਨ।ਸੁਨਕ ਨੇ ਮੰਗਲਵਾਰ ਨੂੰ ਕੈਬਨਿਟ ਵਿੱਚ ਅਹਿਮ ਨਿਯੁਕਤੀਆਂ ਦੇ ਨਾਲ ਆਪਣੀ ਚੋਟੀ ਦੀ ਟੀਮ ਪੇਸ਼ ਕੀਤੀ।ਉਸਨੇ ਆਰਥਿਕ ਸਥਿਰਤਾ ਲਈ ਜੇਰੇਮੀ ਹੰਟ ਨੂੰ ਵਿੱਤ ਮੰਤਰੀ ਅਤੇ ਭਾਰਤੀ ਮੂਲ ਦੇ ਸੁਏਲਾ ਬ੍ਰੇਵਰਮੈਨ ਨੂੰ ਗ੍ਰਹਿ ਮੰਤਰੀ ਵਜੋਂ ਨਾਮਜ਼ਦ ਕੀਤਾ।

ਨਿਰੰਤਰਤਾ ਬਰਕਰਾਰ ਰੱਖਣ ਲਈ, ਉਸਨੇ ਜੇਮਸ ਕਲੀਵਰਲੇ ਨੂੰ ਰਾਜ ਦੇ ਸਕੱਤਰ ਵਜੋਂ ਬਰਕਰਾਰ ਰੱਖਿਆ ਹੈ, ਭਾਵੇਂ ਕਿ ਉਹ ਸੁਨਕ ਪ੍ਰਤੀ ਵਫ਼ਾਦਾਰ ਨਹੀਂ ਜਾਣਿਆ ਜਾਂਦਾ ਹੈ।ਬ੍ਰੇਵਰਮੈਨ ਨੇ ਪਿਛਲੇ ਹਫਤੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਉਨ੍ਹਾਂ ਦੇ ਅਸਤੀਫੇ ਨੇ ਟਰਸ ਦੀ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ।

ਮੰਤਰੀ ਨਦੀਮ ਜਾਹਵੀ ਨੇ 10 ਡਾਊਨਿੰਗ ਸਟ੍ਰੀਟ ਵਿਖੇ ਕੈਬਨਿਟ ਮੀਟਿੰਗ ਤੋਂ ਬਾਅਦ ਰਵਾਨਾ ਹੋਏ ਪੱਤਰਕਾਰਾਂ ਨੂੰ ਕਿਹਾ ਕਿ ਪਾਰਟੀ "ਬਹੁਤ, ਬਹੁਤ ਇਕਜੁੱਟ" ਹੈ।ਸੁਨਕ ਨੇ ਪ੍ਰਧਾਨ ਮੰਤਰੀ ਵਜੋਂ 'ਸਥਿਰਤਾ ਅਤੇ ਏਕਤਾ' ਨੂੰ ਪਹਿਲ ਦੇਣ ਦਾ ਵਾਅਦਾ ਕੀਤਾ ਹੈ। ਉਸ ਨੇ ਆਪਣੀ ਕੈਬਨਿਟ ਵਿੱਚ ਪਾਰਟੀ ਦੀਆਂ ਵੱਖ-ਵੱਖ ਇਕਾਈਆਂ ਦੇ ਲੋਕਾਂ ਨੂੰ ਸ਼ਾਮਲ ਕਰਕੇ ਕੰਜ਼ਰਵੇਟਿਵਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕੀਤੀ ਹੈ।ਖਬਰਾਂ ਮੁਤਾਬਿਕ ਹਾਲਾਂਕਿ ਲੇਬਰ ਪਾਰਟੀ ਨੇ ਬ੍ਰੇਵਰਮੈਨ ਦੀ ਮੁੜ ਨਿਯੁਕਤੀ ਦੇ ਫੈਸਲੇ ਦੀ ਆਲੋਚਨਾ ਕੀਤੀ ਹੈ।ਰਿਪੋਰਟਾਂ ਮੁਤਾਬਿਕ ਡੇਟਾ ਬਰੇਕ ਦੇ ਦੋਸ਼ਾਂ ਕਾਰਨ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਸਿਰਫ਼ ਛੇ ਦਿਨਾਂ ਦੇ ਅੰਦਰ ਹੀ ਉਨ੍ਹਾਂ ਨੂੰ ਮੁੜ ਕੈਬਨਿਟ ਵਿੱਚ ਸ਼ਾਮਲ ਕਰ ਲਿਆ ਗਿਆ ਹੈ।ਬ੍ਰੇਵਰਮੈਨ ਦੀ ਗ੍ਰਹਿ ਮੰਤਰੀ ਵਜੋਂ ਮੁੜ ਨਿਯੁਕਤੀ ਦੀ ਆਲੋਚਨਾ ਦੇ ਵਿਚਕਾਰ ਸੁਨਕ ਦੀ ਪਹਿਲੀ ਕੈਬਨਿਟ ਮੀਟਿੰਗ ਹੋਈ।

ਸੈਕਰੇਟਰੀ ਆਫ ਸਟੇਟ ਜੇਮਸ ਕਲੀਵਰਲੀ ਨੇ ਬ੍ਰੇਵਰਮੈਨ ਨੂੰ ਗ੍ਰਹਿ ਸਕੱਤਰ ਦੇ ਅਹੁਦੇ 'ਤੇ ਦੁਬਾਰਾ ਨਿਯੁਕਤ ਕਰਨ ਦੇ ਪ੍ਰਧਾਨ ਮੰਤਰੀ ਸੁਨਕ ਦੇ ਫੈਸਲੇ ਦਾ ਬਚਾਅ ਕੀਤਾ ਹੈ।ਟਰੱਸ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ ਆਖ਼ਰੀ ਦਿਨਾਂ ਵਿੱਚ, ਬ੍ਰੇਵਰਮੈਨ ਨੂੰ ਦੋ ਡੇਟਾ ਉਲੰਘਣਾਵਾਂ ਕਾਰਨ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ ਸੀ।

## ਪਤੀ ਨੇ ਔਰਤ ਨੂੰ ਜ਼ਿੰਦਾ ਦੱਬਿਆ, ਐਪਲ ਵਾਚ ਤੋਂ ਐਮਰਜੈਂਸੀ ਨੰਬਰ 'ਤੇ ਕਾਲ ਕੀਤੀ, ਕਬਰ ਤੋਂ ਫਰਾਰ

ਵਾਸ਼ਿੰਗਟਨ, 27 ਅਕਤੂਬਰ (ਪੋਸਟ ਬਿਊਰੋ)- ਅਮਰੀਕਾ 'ਚ ਇਕ ਔਰਤ, ਜਿਸ ਨੂੰ ਉਸ ਦੇ ਪਤੀ ਨੇ ਚਾਕੂ ਮਾਰ ਕੇ ਜ਼ਿੰਦਾ ਦੱਬ ਦਿੱਤਾ ਸੀ, ਚਮਤਕਾਰੀ ਢੰਗ ਨਾਲ ਬਚ ਗਈ।ਪਤੀ ਦੇ ਹਮਲੇ ਦੌਰਾਨ, ਉਸਨੇ ਆਪਣੀ ਐਪਲ ਵਾਚ ਦੀ ਵਰਤੋਂ ਕਰਕੇ ਐਮਰਜੈਂਸੀ ਸੇਵਾ ਨੂੰ ਕਾਲ ਕੀਤੀ।ਇਸ ਨਾਲ ਪੁਲਸ ਨੂੰ ਪਤੀ 'ਤੇ ਸ਼ੱਕ ਹੋ ਗਿਆ।
ਯੰਗ ਸੌਕ ਐਨ, 42, ਕਈ ਘੰਟੇ ਕਬਰ ਵਿੱਚ ਰਹਿਣ ਤੋਂ ਬਾਅਦ ਕਬਰ ਤੋਂ ਭੱਜ ਗਈ ਅਤੇ ਮਦਦ ਮੰਗਣ ਲਈ ਇੱਕ ਅਜਨਬੀ ਦੇ ਦਰਵਾਜ਼ੇ 'ਤੇ ਪਹੁੰਚ ਗਈ। ਉਸਦੇ ਪਤੀ ਚਾਈ ਕਯੋਂਗ ਐਨ ਨੇ ਉਸਦੇ ਹੱਥਾਂ ਅਤੇ ਲੱਤਾਂ ਨੂੰ ਟੇਪ ਨਾਲ ਬੰਨ੍ਹ ਦਿੱਤਾ, ਉਸਦੀ ਛਾਤੀ ਵਿੱਚ ਚਾਕੂ ਮਾਰਿਆ ਅਤੇ ਫਿਰ ਉਸਨੂੰ ਕਬਰ ਵਿੱਚ ਜ਼ਿੰਦਾ ਦਫ਼ਨਾ ਦਿੱਤਾ। ਪੈਨਸ਼ਨ ਨੂੰ ਲੈ ਕੇ ਪਤੀ-ਪਤਨੀ 'ਚ ਝਗੜਾ ਹੋ ਗਿਆ ਅਤੇ ਪਤੀ ਪਤਨੀ ਨੂੰ ਪੈਨਸ਼ਨ ਦੇ ਪੈਸੇ ਨਹੀਂ ਦੇਣਾ ਚਾਹੁੰਦਾ ਸੀ।ਐਮਰਜੈਂਸੀ ਸੇਵਾਵਾਂ 911 ਦੇ ਸੰਚਾਲਕ ਨੇ ਪੁਲਿਸ ਨੂੰ ਦੱਸਿਆ ਕਿ ਜਦੋਂ ਔਰਤ ਨੇ ਕਾਲ ਕੀਤੀ ਤਾਂ ਉਸਨੂੰ ਸਪਸ਼ਟ ਤੌਰ 'ਤੇ ਸਮਝ ਨਹੀਂ ਆਈ, ਪਰ ਪਤਾ ਲੱਗਾ ਕਿ ਉਥੇ ਕੁਝ ਅਸਾਧਾਰਨ ਹੋ ਰਿਹਾ ਹੈ।ਕਾਲ ਦੀ ਲੋਕੇਸ਼ਨ ਦਾ ਪਤਾ ਲਗਾ ਕੇ ਜਦੋਂ ਪੁਲਸ ਯੰਗ ਦੇ ਘਰ ਪਹੁੰਚੀ ਤਾਂ ਉਸ ਨੂੰ ਹੋਰ ਸ਼ੱਕ ਹੋਇਆ।ਇਸ ਦੌਰਾਨ ਕਈ ਘੰਟੇ ਬਾਅਦ ਪਤਨੀ ਕਬਰ ਵਿੱਚੋਂ ਨਿਕਲਦੀ ਹੈ ਅਤੇ ਅਜਨਬੀ ਦੇ ਘਰ ਪਹੁੰਚਦੀ ਹੈ ਅਤੇ ਪੁਲਿਸ ਨੂੰ ਕਾਲ ਕਰਦੀ ਹੈ। ਉੱਥੇ ਉਹ ਦੱਸਦੀ ਹੈ ਕਿ ਝਗੜਾ ਹੋਣ 'ਤੇ ਉਸ ਦੇ ਪਤੀ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ।







## ਅੱਜ ਨਾਮਾ

ਪਾਇਆ ਰੌਲਾ ਪ੍ਰਦੂਸ਼ਣ ਦਾ ਬਹੁਤ ਜਾਂਦਾ,
ਚਾਹੁੰਦੇ ਲੋਕ ਹਨ ਲੱਗ ਜਾਏ ਰੋਕ ਮੀਆਂ।
ਕਰਦਾ ਕੌਣ ਪ੍ਰਦੂਸ਼ਣ ਜੀ ਪਿਆ ਆਖਰ,
ਇਹ ਵੀ ਜਾਣਦੇ ਸਾਰੇ ਹਨ ਲੋਕ ਮੀਆਂ।
ਸਾਰੇ ਹਿੱਸਾ ਪ੍ਰਦੂਸ਼ਣ ਵਿੱਚ ਪਾਉਣ ਰੁੱਝੇ,
ਹਰ ਕੋਈ ਦੂਜੇ ਨੂੰ ਰਿਹਾ ਹੈ ਟੋਕ ਮੀਆਂ।
ਸੋਟਾਪੀੜ੍ਹੀ ਦੇ ਹੇਠਕੋਈ ਮਾਰਦਾ ਨਹੀਂ,
ਸੋਚਣੀ ਨਾਲ ਪਈ ਚਿੰਬੜੀ ਜੋਕ ਮੀਆਂ।
ਆਪਣਾ ਨੁਕਸ ਨਹੀਂ ਮੰਨਦਾ ਕੋਈ ਡਿੱਠਾ,
ਨੁਕਸਦੂਜਿਆਂ ਦੇ ਜਾਂਦੇ ਈ ਗਿਣੇ ਮੀਆਂ।
ਲੀਹੋਂ ਲੱਥੀ ਪਈ ਜਿੰਨੀ ਆ ਮਾਨਸਿਕਤਾ,
ਕਿਹੜੇ ਗਜ਼ ਦੇ ਨਾਲ ਕੋਈ ਮਿਣੇ ਮੀਆਂ।

**ਤੀਸ ਮਾਰ ਖਾਂ**

## ਰੈਜ਼ੀਡੈਂਸ਼ੀਅਲ ਸਕੂਲਜ਼ ਵਿੱਚ ਹੋਈਆਂ ਵਧੀਕੀਆਂ ਨੂੰ ਨਸਲਕੁਸ਼ੀ ਦਾ ਦਰਜਾ ਦੇਣ ਦੇ ਮਤੇ ਉੱਤੇ ਐਮਪੀਜ਼ ਨੇ ਪ੍ਰਗਟਾਈ ਸਹਿਮਤੀ



...ਪੰਨਾ 1 ਦਾ ਬਾਕੀ

ਨਿੱਕੇ ਹੁੰਦਿਆਂ ਇਨ੍ਹਾਂ ਸਕੂਲਾਂ ਵਿੱਚ ਭੇਜੇ ਗਏ ਹਜ਼ਾਰਾਂ ਇੰਡੀਜੀਨਸ ਬਾਲਗਾਂ ਨੇ ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨਾਲ ਹੋਣ ਵਾਲੇ ਜਿਨਸੀ ਸ਼ੋਸ਼ਣ, ਇਮੋਸ਼ਨਲ ਤੌਰ ਉੱਤੇ ਉਨ੍ਹਾਂ ਦੇ ਟੁੱਟਣ ਦਾ ਜ਼ਿਕਰ ਤਾਂ ਕੀਤਾ ਹੀ, ਇਹ ਵੀ ਦੱਸਿਆ ਕਿ ਮੂਲਵਾਸੀ ਬੱਚਿਆਂ ਨੂੰ ਨਾ ਸਿਰਫ ਅਣਗੌਲਿਆ ਜਾਂਦਾ ਸੀ ਸਗੋਂ ਉਹ ਕੁਪੋਸ਼ਣ ਦਾ ਸ਼ਿਕਾਰ ਵੀ ਰਹਿੰਦੇ ਸਨ। ਇਨ੍ਹਾਂ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਮਰਨ ਵਾਲੇ ਵਿਦਿਆਰਥੀਆਂ ਲਈ ਦ ਨੈਸ਼ਨਲ ਸੈਂਟਰ ਫੌਰ ਟਰੁੱਥ ਐਂਡ ਰੀਕੌਂਸੀਲਿਏਸ਼ਨ ਵੱਲੋਂ ਮੈਮੋਰੀਅਲ ਰਜਿਸਟਰ ਵੀ ਲਾਇਆ ਗਿਆ ਹੈ ਜਿਸ ਅਨੁਸਾਰ ਇੱਥੇ ਮਾਰੇ ਗਏ ਵਿਦਿਆਰਥੀਆਂ ਦੀ ਗਿਣਤੀ 4,120 ਤੱਕ ਪਹੁੰਚ ਚੁੱਕੀ ਹੈ।

## ਸ਼ੀ ਜਿਨਪਿੰਗ ਦੇ ਕੋਲ ਬੈਠੇ ਸਾਬਕਾ ਰਾਸ਼ਟਰਪਤੀ ਨੂੰ ਹੱਥ ਫੜ ਕੇ ਬਾਹਰ ਕੱਢਿਆ ਗਿਆ

ਪੇਈਚਿੰਗ, 27 ਅਕਤੂਬਰ (ਪੋਸਟ ਬਿਊਰੋ)- ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀਪੀਸੀ) ਦੀ ਇੱਕ ਹਫ਼ਤਾ ਚੱਲੀ ਕਾਨਫਰੰਸ ਸ਼ਨੀਵਾਰ ਨੂੰ ਸਮਾਪਤ ਹੋਈ, ਜਿਸ ਵਿਚ (ਕਾਂਗਰਸ) ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਹੋਰ ਸ਼ਕਤੀਆਂ ਦੇਣ ਲਈ ਪਾਰਟੀ ਦੀ ਕੇਂਦਰੀ ਕਮੇਟੀ ਦੀ ਚੋਣ ਅਤੇ ਇਸ ਦੇ ਸੰਵਿਧਾਨ ਵਿੱਚ ਤਬਦੀਲੀਆਂ ਸਮੇਤ ਕਈ ਮਤੇ ਪਾਸ ਕੀਤੇ ਗਏ।

ਪਰ ਇਸ ਦੌਰਾਨ ਇੱਕ ਹੈਰਾਨੀਜਨਕ ਵੀਡੀਓ ਸਾਹਮਣੇ ਆਇਆ ਹੈ।ਜਿਸ ਵਿੱਚ ਸ਼ੀ ਜਿਨਪਿੰਗ ਤੋਂ ਪਹਿਲਾਂ ਚੀਨ ਦੇ ਰਾਸ਼ਟਰਪਤੀ ਰਹੇ ਹੂ ਜਿਨਤਾਓ ਨੂੰ ਹੱਥ ਫੜ ਕੇ ਜਨਰਲ ਕਾਨਫਰੰਸ ਵਿੱਚੋਂ ਬਾਹਰ ਕੱਢ ਦਿੱਤਾ



ਗਿਆ।ਇਕ ਚਸ਼ਮਦੀਦ ਨੇ ਦੱਸਿਆ ਕਿ 79 ਸਾਲਾ ਹੂ ਬੀਜਿੰਗ ਦੇ ਗ੍ਰੇਟ ਹਾਲ ਆਫ ਪੀਪਲ ਵਿਚ ਜਨਰਲ ਕਾਨਫਰੰਸ ਦੌਰਾਨ ਸ਼ੀ ਜਿਨਪਿੰਗ ਦੇ ਕੋਲ ਬੈਠੇ ਸਨ।ਫਿਰ ਦੋ ਲੋਕ ਆਡੀਟੋਰੀਅਮ ਵਿਚ ਆਉਂਦੇ ਹਨ ਅਤੇ ਉਨ੍ਹਾਂ ਦਾ ਹੱਥ ਫੜ ਕੇ ਬਾਹਰ ਲੈ ਜਾਂਦੇ ਹਨ।ਐਤਵਾਰ ਨੂੰ, ਹੂ ਥੋੜਾ ਅਸਥਿਰ ਨਜ਼ਰ ਆਏ, ਆਮ ਸੰਮੇਲਨ ਦੇ ਉਦਘਾਟਨੀ ਸਮਾਰੋਹ ਵਿੱਚ ਉਨ੍ਹਾਂ ਦਾ ਸਮਰਥਨ ਕਰਨ ਲਈ ਉਸੇ ਪਲੇਟਫਾਰਮ 'ਤੇ ਲਿਆਂਦਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨੀਟ (ਯੂਜੀ)-2022 ਦੀ ਥੋੜ੍ਹੇ ਸਮੇਂ ਵਿੱਚ ਤਿਆਰੀ ਕਿਵੇਂ ਕਰੀਏ

ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ (ਨੀਟ ਯੂ.ਜੀ) ਇੱਕ ਰਾਸ਼ਟਰੀ ਪੱਧਰ ਦੀ ਮੈਡੀਕਲ ਦਾਖਲਾ ਪ੍ਰੀਖਿਆ ਹੈ। ਇਸ ਸਾਲ, 18 ਲੱਖ ਭਾਰਤੀ ਮੈਡੀਕਲ ਉਮੀਦਵਾਰਾਂ ਨੇ ਮੈਰਿਟ 'ਤੇ ਮੈਡੀਕਲ ਕਾਲਜਾਂ ਵਿਚ ਦਾਖਲਾ ਲੈਣ ਲਈ ਪ੍ਰੀਖਿਆ ਦਿੱਤੀ। ਕਿਉਂਕਿ ਇਹ ਇੱਕ ਪ੍ਰਤੀਯੋਗੀ ਪ੍ਰੀਖਿਆ ਹੈ, ਇਸ ਲਈ ਵਧੀਆ ਅੰਕ ਹਾਸਲ ਕਰਨ ਲਈ ਪੂਰੀ ਤਿਆਰੀ ਦੀ ਲੋੜ ਹੁੰਦੀ ਹੈ।

ਉਮੀਦਵਾਰ ਪ੍ਰੀਖਿਆ ਲਈ ਹਾਜ਼ਰ ਹੋਣ ਤੋਂ ਪਹਿਲਾਂ ਮਹੀਨਿਆਂ ਲਈ ਤਿਆਰੀ ਕਰਦੇ ਹਨ। ਹਾਲਾਂਕਿ, ਜੇਕਰ ਕਿਸੇ ਵਿਦਿਆਰਥੀ ਕੋਲ ਇਮਤਿਹਾਨ ਲਈ ਸਿਰਫ਼ ਇੱਕ ਮਹੀਨਾ ਬਾਕੀ ਹੈ, ਤਾਂ 'ਪਿਛਲੇ ਇੱਕ ਮਹੀਨਿਆਂ ਵਿੱਚ ਨੀਟ ਦੀ ਤਿਆਰੀ ਕਿਵੇਂ ਕਰੀਏ' 'ਤੇ ਇਹ ਲੇਖ ਉਨ੍ਹਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਕਰੇਗਾ। ਜੇਕਰ ਉਮੀਦਵਾਰ ਪੁੱਛਦੇ ਹਨ, "ਕੀ ਅਸੀਂ ਥੋੜ੍ਹੇ ਸਮੇਂ ਵਿੱਚ ਨੀਟ ਨੂੰ ਕਰੈਕ ਕਰ ਸਕਦੇ ਹਾਂ?" ਜਵਾਬ ਹੋਵੇਗਾ, ਹਾਂ, ਇਹ ਸੰਭਵ ਹੈ ਕਿ ਉਹ ਇਮਤਿਹਾਨ ਲਈ ਚੰਗੀ ਤਰ੍ਹਾਂ ਤਿਆਰੀ ਕਰਦੇ ਹਨ।

*ਵਿਸ਼ੇ ਅਨੁਸਾਰ ਤਿਆਰੀ ਦੀ ਰਣਨੀਤੀ*

ਨੀਟ ਪ੍ਰੀਖਿਆ ਪੈਟਰਨ ਦੇ ਅਨੁਸਾਰ, 90 ਪ੍ਰਸ਼ਨ ਜੀਵ ਵਿਗਿਆਨ ਦੇ ਹਨ ਅਤੇ 45 ਪ੍ਰਸ਼ਨ ਰਸਾਇਣ ਅਤੇ ਭੌਤਿਕ ਵਿਗਿਆਨ ਦੇ ਹਰੇਕ ਭਾਗ ਬੀ ਵਿੱਚ 20 ਪ੍ਰਸ਼ਨ ਵਾਧੂ, 5 ਪ੍ਰਸ਼ਨ ਹਰੇਕ ਵਿਸ਼ੇ ਦੇ ਹਨ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਪ੍ਰੀਖਿਆ ਲਈ ਵਿਸ਼ੇ ਅਨੁਸਾਰ ਤਿਆਰੀ ਕਰੋ। ਆਪਣਾ ਸਮਾਂ ਅਤੇ ਮਿਹਨਤ ਉਸ ਅਨੁਸਾਰ ਵੰਡੋ।

1. ਇੱਕ ਅਧਿਐਨ ਰੁਟੀਨ ਬਣਾਓ:
ਸਿਲੇਬਸ ਵਿੱਚ ਜਾਓ ਅਤੇ ਪਹਿਲੇ 45-50 ਦਿਨਾਂ ਵਿੱਚ ਵਿਸ਼ਿਆਂ ਨੂੰ ਵੰਡੋ। ਧਿਆਨ ਵਿੱਚ ਰੱਖੋ ਕਿ ਤੁਹਾਨੂੰ ਇੱਕ ਅਧਿਆਏ 'ਤੇ 3 ਦਿਨਾਂ ਤੋਂ ਵੱਧ ਸਮਾਂ ਨਹੀਂ ਲਗਾਉਣਾ ਚਾਹੀਦਾ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਪ੍ਰੀਖਿਆ ਤੋਂ 10-15 ਦਿਨ ਪਹਿਲਾਂ ਸਿਲੇਬਸ ਨੂੰ ਪੂਰਾ ਕਰੋ। ਇਸ ਤਰ੍ਹਾਂ, ਪਿਛਲੇ 15 ਦਿਨ ਤੁਹਾਡੇ ਲਈ ਸੰਕਲਪਾਂ ਨੂੰ ਸੋਧਣ ਵਿੱਚ ਮਦਦਗਾਰ ਹੋਣਗੇ।

2. ਸਖ਼ਤ ਫੈਸਲੇ ਲਓ: ਸੌਖੇ ਵਿਸ਼ਿਆਂ 'ਤੇ ਅੜੇ ਨਾ ਰਹੋ ਜਾਂ ਨਵੇਂ ਵਿਸ਼ੇ ਸ਼ੁਰੂ ਨਾ ਕਰੋ
ਹਮੇਸ਼ਾ ਨੀਟ ਸਿਲੇਬਸ ਦੇ ਸਾਰੇ ਸੰਕਲਪਾਂ ਨੂੰ ਕਵਰ ਕਰੋ ਅਤੇ ਤਿਆਰ ਰਹੋ, ਅੰਤ ਦੇ ਸਮੇਂ ਕਿਸੇ ਵੀ ਨਵੇਂ ਵਿਸ਼ੇ ਤੋਂ ਬਚੋ ਜੋ ਇਮਤਿਹਾਨ ਲਈ ਉੱਚ ਤਰਜੀਹ 'ਤੇ ਨਾ ਹੋਵੇ ਜਾਂ ਮੁਸ਼ਕਲ ਵਿਸ਼ੇ ਜੋ ਬਹੁਤ ਸਮਾਂ ਲੈ ਰਹੇ ਹਨ। ਉਨ੍ਹਾਂ ਵਿਸ਼ਿਆਂ 'ਤੇ ਧਿਆਨ ਕੇਂਦਰਿਤ ਕਰੋ ਜਿਨ੍ਹਾਂ ਦਾ ਤੁਸੀਂ ਪਹਿਲਾਂ ਅਧਿਐਨ ਕੀਤਾ ਹੈ। ਮੂਲ ਫਾਰਮੂਲੇ ਯਾਦ ਰੱਖੋ ਅਤੇ ਪਿਛਲੇ ਸਾਲ ਦੀਆਂ ਪ੍ਰੀਖਿਆਵਾਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਨੂੰ ਪੜ੍ਹੋ।

3. ਆਪਣੀਆਂ ਤਰਜੀਹਾਂ ਨੂੰ ਠੀਕ ਕਰੋ
ਮਹੱਤਵਪੂਰਨ ਵਿਸ਼ਿਆਂ ਨੂੰ ਚਿੰਨ੍ਹਿਤ ਕਰੋ ਅਤੇ ਫਿਰ ਉਹਨਾਂ ਸੰਕਲਪਾਂ ਨੂੰ ਤਰਜੀਹ ਦਿਓ ਜਿਨ੍ਹਾਂ ਨੂੰ ਪੂਰਾ ਕਰਨ ਦੀ ਲੋੜ ਹੈ। ਤੁਹਾਨੂੰ ਇਸ ਲੇਖ ਦੇ ਅਗਲੇ ਭਾਗ ਵਿੱਚ ਮਹੱਤਵਪੂਰਨ ਵਿਸ਼ੇ ਮਿਲਣਗੇ। ਪਹਿਲਾਂ ਵੇਵ ਆਪਟਿਕਸ ਵਰਗੇ ਆਸਾਨ 'ਤੇ ਕੰਮ ਕਰਨ ਦੀ ਕੋਸ਼ਿਸ਼ ਕਰੋ ਅਤੇ ਫਿਰ ਥਰਮੋਡਾਇਨਾਮਿਕਸ ਅਤੇ ਮਕੈਨਿਕਸ ਵਰਗੇ ਔਖੇ 'ਤੇ ਅੱਗੇ ਵਧੋ। 11ਵੀਂ ਜਮਾਤ ਦੇ ਸਿਲੇਬਸ ਵਿੱਚੋਂ ਸਭ ਤੋਂ ਮਹੱਤਵਪੂਰਨ ਵਿਸ਼ਾ ਮਕੈਨਿਕਸ ਹੈ ਅਤੇ 12ਵੀਂ ਜਮਾਤ ਦੇ ਸਿਲੇਬਸ ਮਾਡਰਨ ਫਿਜ਼ਿਕਸ ਵਿੱਚੋਂ, ਹਰ ਸਾਲ ਨੀਟ ਵਿੱਚ ਇਹਨਾਂ ਅਧਿਆਵਾਂ ਤੋਂ ਲਗਭਗ 11-12 ਸਵਾਲ ਪੁੱਛੇ ਜਾਂਦੇ ਹਨ।

4. ਸੰਖਿਆਤਮਕ ਸਮੱਸਿਆਵਾਂ ਦਾ ਅਭਿਆਸ ਕਰੋ
ਐਨਸੀਆਰਟੀ ਦੀਆਂ ਕਿਤਾਬਾਂ ਤੋਂ ਅਭਿਆਸ ਦੀਆਂ ਸਮੱਸਿਆਵਾਂ। ਰੋਜ਼ਾਨਾ ਫਾਰਮੂਲੇ ਨੂੰ ਸੋਧੋ ਤਾਂ ਜੋ ਤੁਹਾਡੀ ਸਮੱਸਿਆ ਨੂੰ ਹੱਲ ਕਰਨ ਦੀ ਗਤੀ ਵਿੱਚ ਸੁਧਾਰ ਕੀਤਾ ਜਾ ਸਕੇ। ਲਏ ਗਏ ਸਮੇਂ ਨੂੰ ਘਟਾਉਣ ਲਈ ਗਣਨਾ ਲਈ ਛੋਟੀਆਂ ਚਾਲਾਂ ਬਣਾਓ।

ਨੀਟ ਕੈਮਿਸਟਰੀ ਦੀ ਤਿਆਰੀ ਕਿਵੇਂ ਕਰੀਏ
ਕੈਮਿਸਟਰੀ ਸੈਕਸ਼ਨ ਨੂੰ 3 ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ ਭੌਤਿਕ ਰਸਾਇਣ ਵਿਗਿਆਨ, ਜੈਵਿਕ ਰਸਾਇਣ ਵਿਗਿਆਨ, ਅਤੇ ਅਕਾਰਗਨਿਕ ਰਸਾਇਣ ਵਿਗਿਆਨ। ਤੁਹਾਡੇ ਸੰਦਰਭ ਲਈ, ਅਸੀਂ ਤੁਹਾਨੂੰ ਨੀਟ ਪ੍ਰੀਖਿਆ ਦੇ ਕੈਮਿਸਟਰੀ ਸੈਕਸ਼ਨ ਲਈ 60-ਦਿਨ ਦੀ ਬ੍ਰੇਕਅੱਪ ਯੋਜਨਾ ਪ੍ਰਦਾਨ ਕਰ ਰਹੇ ਹਾਂ।

1. ਅੰਕਾਂ ਦਾ ਅਭਿਆਸ ਕਰੋ
ਯਕੀਨੀ ਬਣਾਓ ਕਿ ਤੁਸੀਂ ਸੰਖਿਆਤਮਕ ਸਮੱਸਿਆਵਾਂ ਦਾ ਵਾਰ-ਵਾਰ ਅਭਿਆਸ ਕਰਦੇ ਹੋ। ਇਹ ਉਹ ਸੈਕਸ਼ਨ ਹੈ ਜਿੱਥੇ ਤੁਸੀਂ ਚੰਗੀ ਤਿਆਰੀ ਕਰਦੇ ਹੋ ਤਾਂ ਵੱਧ ਅੰਕ ਪ੍ਰਾਪਤ ਕਰ ਸਕਦੇ ਹੋ। ਸ਼ੁਰੂਆਤ ਲਈ, ਤੁਹਾਨੂੰ ਮੋਲ ਸੰਕਲਪ, ਰੈਡੌਕਸ, ਕੈਮੀਕਲ ਕਾਇਨੇਟਿਕਸ, ਸੰਤੁਲਨ, ਇਲੈਕਟ੍ਰੋਕੈਮਿਸਟਰੀ, ਸਾਲਿਡ ਸਟੇਟ ਅਤੇ ਐਟੋਮਿਕ ਸਟ੍ਰਕਚਰ ਵਰਗੇ ਵਿਸ਼ਿਆਂ ਲਈ ਜਾਣਾ ਚਾਹੀਦਾ ਹੈ।

2. ਕੈਮਿਸਟਰੀ ਲਈ ਸਮਾਰਟ ਤਿਆਰੀ
ਭੌਤਿਕ ਰਸਾਇਣ ਵਿਗਿਆਨ ਲਈ ਇੱਕ ਸੰਘਣਾ ਫਾਰਮੂਲਾ ਸ਼ੀਟ ਬਣਾਓ। ਅਕਾਰਗਨਿਕ ਕੈਮਿਸਟਰੀ ਤੁਹਾਨੂੰ ਤੁਹਾਡੇ ਦੁਆਰਾ ਕੀਤੇ ਗਏ ਯਤਨਾਂ ਲਈ ਚੰਗੇ ਇਨਾਮ ਦੇਵੇਗੀ। ਇਹਨਾਂ ਵਿਸ਼ਿਆਂ ਦੀ ਤਿਆਰੀ ਲਈ ਕਿਤਾਬਾਂ ਸਭ ਤੋਂ ਵਧੀਆ ਹਨ। ਸ਼ੁਰੂਆਤ ਕਰਨ ਵਾਲਿਆਂ ਲਈ, ਕੈਮੀਕਲ ਬੰਧਨ ਸੰਕਲਪਾਂ ਨੂੰ ਪੂਰੀ ਤਰ੍ਹਾਂ ਤਿਆਰ ਕਰੋ। ਗੁਣਾਤਮਕ ਵਿਸ਼ਲੇਸ਼ਣ, ਪੀ ਬਲਾਕ ਤੱਤ ਅਤੇ ਧਾਤੂ ਵਿਗਿਆਨ ਵਰਗੇ ਵਿਸ਼ੇ ਮਹੱਤਵਪੂਰਨ ਹਨ।

ਆਰਗੈਨਿਕ ਕੈਮਿਸਟਰੀ ਤੋਂ, ਯਕੀਨੀ ਬਣਾਓ ਕਿ ਤੁਸੀਂ ਇਹਨਾਂ ਵਿਸ਼ਿਆਂ ਦਾ ਚੰਗੀ ਤਰ੍ਹਾਂ ਅਧਿਐਨ ਕਰਦੇ ਹੋ - ਆਮ ਜੈਵਿਕ ਰਸਾਇਣ, ਗ੍ਰਿਗਨਾਰਡਜ਼ ਰੀਐਜੈਂਟਸ, ਹਾਈਡ੍ਰੋਕਾਰਬਨ, ਕਾਰਬੋਨੀਲ ਮਿਸ਼ਰਣ ਅਤੇ ਬਾਇਓਮੋਲੀਕਿਊਲਸ।

3. ਮਾਸਟਰ ਕੈਮਿਸਟਰੀ ਵਿਸ਼ੇ
ਯਾਦ ਰੱਖੋ ਕਿ ਜੇਕਰ ਸਹੀ ਢੰਗ ਨਾਲ ਤਿਆਰੀ ਕੀਤੀ ਜਾਵੇ ਤਾਂ ਰਸਾਇਣ ਵਿਗਿਆਨ ਸਭ ਤੋਂ ਆਸਾਨ ਵਿਸ਼ਾ ਸਾਬਤ ਹੋ ਸਕਦਾ ਹੈ। ਇਹ ਭਾਗ ਦੂਜਿਆਂ ਦੇ ਮੁਕਾਬਲੇ ਹੱਲ ਕਰਨ ਲਈ ਘੱਟ ਸਮਾਂ ਲੈਂਦਾ ਹੈ।

*ਨੀਟ ਬਾਇਓਲੋਜੀ ਦੀ ਤਿਆਰੀ ਕਿਵੇਂ ਕਰੀਏ*

1. ਥੋੜ੍ਹੇ ਸਮੇਂ ਵਿੱਚ ਨੀਟ ਦੀ ਤਿਆਰੀ ਲਈ ਸਮਾਂ-ਸਾਰਣੀ
ਬਾਇਓਲੋਜੀ ਸੈਕਸ਼ਨ ਲਈ, ਤੁਹਾਨੂੰ ਤਿਆਰੀ ਲਈ 45-50 ਦਿਨਾਂ ਦਾ ਟੀਚਾ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਸੰਸ਼ੋਧਨ ਲਈ 10-15 ਦਿਨ ਬਚਾਉਣ ਦੀ ਕੋਸ਼ਿਸ਼ ਕਰੋ। ਵਿਸ਼ਿਆਂ ਨੂੰ ਉਹਨਾਂ ਦੀ ਸੰਭਾਵਨਾ ਅਤੇ ਮੁਸ਼ਕਲ ਪੱਧਰ ਦੇ ਅਨੁਸਾਰ ਸ਼ਾਰਟਲਿਸਟ ਕਰੋ। ਕਿਉਂਕਿ ਜੀਵ ਵਿਗਿਆਨ ਅੱਧੇ ਅੰਕ ਬਣਾਉਂਦਾ ਹੈ, ਇਸ ਲਈ ਸਮਾਂ ਨਿਰਧਾਰਤ ਕਰੋ। ਕਲਾਸ 11 ਅਤੇ 12 ਦੀਆਂ ਕਿਤਾਬਾਂ ਤੋਂ ਨੋਟਸ ਅਤੇ ਚਿੱਤਰਾਂ ਨੂੰ ਸੋਧੋ।

2. ਆਸਾਨ ਸਵਾਲਾਂ ਨੂੰ ਨਿਸ਼ਾਨਾ ਬਣਾਓ:
ਪਹਿਲਾਂ ਆਸਾਨ ਸਵਾਲ ਤਿਆਰ ਕਰੋ ਅਤੇ ਅਭਿਆਸ ਕਰੋ। ਆਸਾਨ ਪ੍ਰਸ਼ਨ ਭਾਗ 80-85 ਪ੍ਰਸ਼ਨ ਹੱਲ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ। ਈਕੋਲੋਜੀ, ਐਨੀਮਲ ਐਂਡ ਪਲਾਂਟ ਫਿਜ਼ੀਓਲੋਜੀ, ਸੈੱਲ ਬਾਇਓਲੋਜੀ, ਜੈਨੇਟਿਕਸ ਅਤੇ ਈਵੋਲੂਸ਼ਨ ਅਤੇ ਬਾਇਓਟੈਕਨਾਲੋਜੀ ਦੇ ਵਿਸ਼ੇ ਸਭ ਤੋਂ ਮਹੱਤਵਪੂਰਨ ਵਿਸ਼ੇ ਹਨ ਅਤੇ ਅਧਿਐਨ ਯੋਜਨਾ ਦੇ ਤਹਿਤ ਕਵਰ ਕੀਤੇ ਜਾਣੇ ਚਾਹੀਦੇ ਹਨ।

ਸੰਸ਼ੋਧਨ ਅਤੇ ਅਭਿਆਸ - ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਜ਼ਿਆਦਾ ਸਮਾਂ ਨਹੀਂ ਬਚਿਆ ਹੈ, ਵਿਸ਼ਿਆਂ ਦਾ ਅਧਿਐਨ ਕਰਨ ਲਈ ਘੱਟ ਸਮਾਂ ਅਤੇ ਸੰਸ਼ੋਧਨ 'ਤੇ ਜ਼ਿਆਦਾ ਸਮਾਂ ਲਗਾਓ ਅਤੇ ਸਵਾਲਾਂ ਦੇ ਜਵਾਬ ਦੇਣ ਦਾ ਅਭਿਆਸ ਕਰੋ। ਇੱਕ ਵਾਰ ਜਦੋਂ ਤੁਸੀਂ ਪੂਰਾ ਕਰ ਲੈਂਦੇ ਹੋ, ਦੁਹਰਾਉਣ ਵਾਲੇ ਅਭਿਆਸ ਲਈ ਜਾਓ। ਸੰਕਲਪਾਂ ਦੇ ਤੁਹਾਡੇ ਗਿਆਨ ਨੂੰ ਬਿਹਤਰ ਬਣਾਉਣ ਵਿੱਚ ਇਹ ਤੁਹਾਡੇ ਲਈ ਮਦਦਗਾਰ ਹੋਵੇਗਾ। ਨਾਲ ਹੀ, ਤੁਸੀਂ ਆਪਣੀ ਸਮੱਸਿਆ ਨੂੰ ਹੱਲ ਕਰਨ ਦੀ ਗਤੀ ਨੂੰ ਬਿਹਤਰ ਬਣਾਉਣ ਦੇ ਯੋਗ ਹੋਵੋਗੇ.

ਸਮਾਂ-ਸਾਰਣੀ - ਇਹ ਦੇਖਦੇ ਹੋਏ ਕਿ ਤੁਹਾਡੇ ਕੋਲ ਬਹੁਤ ਸਾਰਾ ਸਮਾਂ ਨਹੀਂ ਹੈ ਅਤੇ ਤੁਹਾਨੂੰ ਬਾਕੀ ਬਚੇ ਸਮੇਂ ਦੀ ਸਮਝਦਾਰੀ ਨਾਲ ਵਰਤੋਂ ਕਰਨੀ ਪਵੇਗੀ, ਇਸ ਸਮੇਂ ਅਤੇ ਆਉਣ ਵਾਲੇ ਸਮੇਂ ਵਿੱਚ ਤੁਸੀਂ ਜਿਨ੍ਹਾਂ ਵਿਸ਼ਿਆਂ ਨੂੰ ਕਵਰ ਕਰਨਾ ਚਾਹੁੰਦੇ ਹੋ, ਉਨ੍ਹਾਂ ਨਾਲ ਸਬੰਧਤ ਇੱਕ ਯਥਾਰਥਵਾਦੀ ਅਧਿਐਨ ਸਾਰਣੀ ਬਣਾਓ। ਹਰੇਕ ਵਿਸ਼ੇ ਲਈ ਅਲਾਟ ਕੀਤਾ ਗਿਆ।

ਛੋਟੇ ਨੋਟਸ ਬਣਾਓ- ਇੱਕ ਵਾਰ ਜਦੋਂ ਤੁਸੀਂ ਮਹੱਤਵਪੂਰਨ ਵਿਸ਼ਿਆਂ ਨੂੰ ਸ਼ਾਰਟਲਿਸਟ ਕਰ ਲੈਂਦੇ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਅਧਿਐਨ ਕਰਦੇ ਸਮੇਂ ਉਹਨਾਂ ਵਿੱਚੋਂ ਹਰੇਕ ਲਈ ਛੋਟੇ ਨੋਟਸ ਬਣਾਓ। ਜਦੋਂ ਵੀ ਲੋੜ ਪਵੇ ਤਾਂ ਇਹ ਤੁਰੰਤ ਸੰਸ਼ੋਧਨ ਵਿੱਚ ਤੁਹਾਡੇ ਲਈ ਮਦਦਗਾਰ ਹੋਵੇਗਾ।

ਪਿਛਲੇ ਸਾਲ ਦੇ ਪ੍ਰਸ਼ਨ ਪੱਤਰ ਹੱਲ ਕਰੋ - ਤੁਹਾਡੇ ਲਈ ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰਨਾ ਲਾਜ਼ਮੀ ਹੈ। ਇਹ ਪ੍ਰੀਖਿਆ ਦੇ ਰੁਝਾਨਾਂ ਨੂੰ ਸਮਝਣ ਅਤੇ ਅਸਲ ਪ੍ਰੀਖਿਆ ਲਈ ਅਭਿਆਸ ਕਰਨ ਵਿੱਚ ਤੁਹਾਡੇ ਲਈ ਮਦਦਗਾਰ ਹੋਵੇਗਾ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਪਿਛਲੇ ਸਾਲ ਦੇ ਪੇਪਰਾਂ ਨੂੰ ਘੱਟੋ-ਘੱਟ 5-6 ਸਾਲਾਂ ਲਈ ਵਿਵਸਥਿਤ ਕਰੋ ਅਤੇ ਚੰਗੇ ਅੰਕ ਪ੍ਰਾਪਤ ਕਰਨ ਲਈ ਉਹਨਾਂ ਨੂੰ ਹੱਲ ਕਰੋ।

ਚੰਗੀ ਸਰੀਰਕ ਅਤੇ ਮਾਨਸਿਕ ਸਿਹਤ- ਆਪਣੇ ਤਣਾਅ ਨੂੰ ਵਧਣ ਨਾ ਦਿਓ। ਹੁਣ ਦੀ ਤਿਆਰੀ 'ਤੇ ਧਿਆਨ ਦਿਓ ਨਾ ਕਿ ਨਤੀਜੇ 'ਤੇ। ਇੱਕ ਸਿਹਤਮੰਦ ਰੁਟੀਨ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰੋ. ਯਕੀਨੀ ਬਣਾਓ ਕਿ ਤੁਸੀਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਹੋ। ਇੱਕ ਕਸਰਤ ਰੁਟੀਨ, ਧਿਆਨ ਜਾਂ ਕਿਸੇ ਹੋਰ ਢੰਗ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰੋ ਜੋ ਤਣਾਅ ਨੂੰ ਕਾਬੂ ਵਿੱਚ ਰੱਖਣ ਵਿੱਚ ਤੁਹਾਡੀ ਮਦਦ ਕਰੇ। ਰੋਜ਼ਾਨਾ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਬਣਾਓ ਜੋ ਤੁਹਾਡੇ ਆਤਮਵਿਸ਼ਵਾਸ ਨੂੰ ਵਧਾਏਗਾ।

ਅਨੁਸ਼ਾਸਨ- ਨੀਟ ਪ੍ਰੀਖਿਆ ਵਿੱਚ ਸਫਲਤਾ ਲਈ ਅਨੁਸ਼ਾਸਨ ਬਹੁਤ ਮਹੱਤਵਪੂਰਨ ਹੈ। ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਸਮੇਂ 'ਤੇ ਸੌਂ ਰਹੇ ਹੋ ਅਤੇ ਤੁਹਾਡਾ ਸਮਾਂ ਪ੍ਰੀਖਿਆ ਦੇ ਅਨੁਸੂਚੀ ਨਾਲ ਮੇਲ ਖਾਂਦਾ ਹੈ। ਪ੍ਰੀਖਿਆ ਦੇ ਸਮੇਂ ਅਨੁਸਾਰ ਪ੍ਰਸ਼ਨ ਪੱਤਰਾਂ ਦਾ ਅਭਿਆਸ ਕਰਨ ਦੀ ਕੋਸ਼ਿਸ਼ ਕਰੋ। ਇਮਤਿਹਾਨ ਦੀ ਮਿਆਦ ਅਤੇ ਸਮਾਂ-ਸਾਰਣੀ ਲਈ ਤਿਆਰੀ ਕਰਨ ਵਿੱਚ ਇਹ ਤੁਹਾਡੇ ਦਿਮਾਗ ਲਈ ਮਦਦਗਾਰ ਹੋਵੇਗਾ। ਨਾਲ ਹੀ, ਇਮਤਿਹਾਨ ਦੀ ਕੋਸ਼ਿਸ਼ ਕਰਨ ਨੂੰ ਉਚਿਤ ਅਭਿਆਸ ਨਾਲ ਰੋਜ਼ਾਨਾ ਆਦਤ ਬਣਾਓ।

ਰੈਗੂਲਰ ਸਟੱਡੀ- ਨਿਯਮਿਤ ਅਧਿਐਨ ਤੁਹਾਡੇ ਲਈ ਉੱਤਮਤਾ ਲਈ ਬਹੁਤ ਮਹੱਤਵਪੂਰਨ ਹੈ। ਤੁਹਾਡੇ ਕੋਲ ਗੁਆਉਣ ਲਈ ਬਹੁਤੇ ਦਿਨ ਨਹੀਂ ਹਨ. ਨਾਲ ਹੀ, ਜਦੋਂ ਤੁਸੀਂ ਹਰੇਕ ਅਧਿਆਏ ਲਈ ਅਭਿਆਸ ਦੇ 1 ਸੈਸ਼ਨ ਦੇ ਨਾਲ ਪੂਰਾ ਕਰ ਲੈਂਦੇ ਹੋ, ਤਾਂ ਤੁਰੰਤ ਸੋਧ ਕਰਨ ਦੀ ਕੋਸ਼ਿਸ਼ ਕਰੋ।

ਫੋਕਸ- ਯਾਦ ਰੱਖੋ, ਤੁਹਾਨੂੰ ਅਧਿਐਨ 'ਤੇ ਧਿਆਨ ਦੇਣਾ ਚਾਹੀਦਾ ਹੈ। ਨੀਟ ਦੀ ਤਿਆਰੀ ਹੁਣ ਤੁਹਾਡੀ ਪ੍ਰਮੁੱਖ ਤਰਜੀਹ ਹੋਣੀ ਚਾਹੀਦੀ ਹੈ। ਯਕੀਨੀ ਬਣਾਓ ਕਿ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ ਨਿਯਮਿਤ ਤੌਰ 'ਤੇ ਅਧਿਐਨ ਕਰ ਰਹੇ ਹੋ। ਨਾਲ ਹੀ, ਤੁਹਾਡਾ ਫੋਕਸ ਸਿਰਫ਼ ਇਮਤਿਹਾਨ ਵਿੱਚ ਹੀ ਨਹੀਂ ਹੋਣਾ ਚਾਹੀਦਾ ਬਲਕਿ ਇੱਕ ਉੱਚ ਸਕੋਰ ਪ੍ਰਾਪਤ ਕਰਨਾ ਚਾਹੀਦਾ ਹੈ।


ਨਿਰਦੇਸ਼- ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਕੰਮ 'ਤੇ ਨਜ਼ਰ ਰੱਖ ਰਹੇ ਹੋ। ਇਹ ਤੁਹਾਡੀ ਤਰੱਕੀ ਦੀ ਪਛਾਣ ਕਰਨ ਵਿੱਚ ਤੁਹਾਡੇ ਲਈ ਮਦਦਗਾਰ ਹੋਵੇਗਾ।

ਨੀਟ ਮੌਕ ਟੈਸਟ- ਰਵਾਇਤੀ ਤਿਆਰੀ ਰਣਨੀਤੀ ਤੋਂ ਇਲਾਵਾ, ਤੁਸੀਂ ਵਿਸ਼ੇਸ਼ ਤੌਰ 'ਤੇ ਨੀਟ ਉਮੀਦਵਾਰਾਂ ਲਈ ਫਰੇਮ ਕੀਤੇ ਗਏ ਮੁਫਤ ਮੌਕ ਟੈਸਟ ਦੀ ਕੋਸ਼ਿਸ਼ ਵੀ ਕਰ ਸਕਦੇ ਹੋ। ਵੈੱਬਸਾਈਟ ਤੇ ਨੀਟ ਮੌਕ ਟੈਸਟ ਮਾਹਿਰਾਂ ਦੁਆਰਾ ਤਿਆਰ ਕੀਤੇ ਗਏ ਨਵੀਨਤਮ ਪ੍ਰਸ਼ਨ ਪੱਤਰਾਂ ਦਾ ਸੁਮੇਲ ਹੈ। ਕਿਉਂਕਿ ਇਹਨਾਂ ਨੀਟ ਮੌਕ ਟੈਸਟ ਦੀ ਕੋਸ਼ਿਸ਼ ਕਰਨਾ ਬਿਲਕੁਲ ਮੁਫਤ ਹੈ, ਇਹਨਾਂ ਸਾਰਿਆਂ ਦਾ ਅਭਿਆਸ ਕਰੋ। ਇਹ ਤੁਹਾਡੇ ਲਈ ਹਰੇਕ ਸੰਕਲਪ ਦੀ ਤਿਆਰੀ ਵਿੱਚ ਮਦਦਗਾਰ ਹੋਵੇਗਾ।


*ਨੀਟ ਸਿਲੇਬਸ 2022 ਦੀ ਕੁੱਝ ਸਮਾਂ ਵਿੱਚ ਤਿਆਰੀ ਕਿਵੇਂ ਕਰੀਏ - ਵਿਸ਼ੇ ਅਨੁਸਾਰ ਵਜ਼ਨ*

ਥੋੜ੍ਹੇ ਸਮੇਂ ਵਿੱਚ ਨੀਟ ਦੀ ਤਿਆਰੀ ਕਿਵੇਂ ਕਰਨੀ ਹੈ ਦੀ ਤਿਆਰੀ ਦੀ ਰਣਨੀਤੀ ਨਾਲ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਮਹੱਤਵਪੂਰਨ ਵਿਸ਼ਿਆਂ ਬਾਰੇ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡੀ ਆਖਰੀ-ਮਿੰਟ ਦੀ ਤਿਆਰੀ ਦੀ ਰਣਨੀਤੀ ਸਿਰਫ ਉਹਨਾਂ ਵਿਸ਼ਿਆਂ ਨਾਲ ਸੰਬੰਧਿਤ ਹੈ ਜੋ ਉੱਚ ਮਹੱਤਵ ਰੱਖਦੇ ਹਨ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਸਾਬਕਾ ਪੀਈਐਸ-1*
*ਮਲੋਟ, ਪੰਜਾਬ।*




ਗੁਰਸਿੱਖ ਸਭਾ ਕੈਨੇਡਾ ਅਤੇ ਓਐਸਜੀਸੀ ਵੱਲੋਂ ਆਪ ਸਭਨਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ
ਡਾਇਰੈਕਟਰਜ਼ ਅਮਰਦੀਪ ਸਿੰਘ ਅਤੇ ਵਿਨਿੰਦਰ ਕੌਰ ਨਾਲ ਸ਼ਾਮ ਗੁਜ਼ਾਰਨ ਦਾ
ਜਿਹੜੇ ਡੌਕਿਊਜ਼ਰੀਜ਼ ਰਾਹੀਂ ਆਪਣੇ ਤਜਰਬੇ ਤੁਹਾਡੇ ਨਾਲ ਸਾਂਝੇ ਕਰਨਗੇ
ਐਲੇਗਰੀ
ਜੋ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨੂੰ ਟੈਪੈਸਟਰੀ ਰਾਹੀਂ ਬਿਆਨੇਗੀ
ਇਹ ਪ੍ਰੋਗਰਾਮ 30 ਅਕਤੂਬਰ ਨੂੰ ਦੁਪਹਿਰੇ 3:00 ਤੋਂ 5:00 ਵਜੇ ਤੱਕ
ਦ ਅਸਟੇਟ ਬੈਂਕੁਏਟ ਤੇ ਈਵੈਂਟ ਸੈਂਟਰ
430 ਨਗੈਟ ਐਵਨਿਊ
ਟੋਰਾਂਟੋ, ਓਨਟਾਰੀਓ, ਕੈਨੇਡਾ
ਵਿਖੇ ਕਰਵਾਇਆ ਜਾ ਰਿਹਾ ਹੈ
ਆਪ ਸਭਨਾਂ ਦਾ ਇੱਥੇ ਸਵਾਗਤ ਹੈ (ਰਿਫਰੈਸ਼ਮੈਂਟਸ ਵੀ ਦਿੱਤੀਆਂ ਜਾਣਗੀਆਂ)
ਵਧੇਰੇ ਜਾਣਕਾਰੀ ਲਈ ਤੁਸੀਂ gsabha905@gmail.com ਉੱਤੇ ਜਾਂ ਮਨਜੀਤ ਸਿੰਘ ਪਰਮਾਰ ਨਾਲ +1 416 524 7330 ਉੱਤੇ ਸੰਪਰਕ ਕਰ ਸਕਦੇ ਹੋ



24 ਐਪੀਸੋਡਜ਼ ਵਾਲੀ ਇਹ ਡੌਕਿਊਜ਼ਰੀਜ਼ ਅੰਗਰੇਜ਼ੀ, ਗੁਰਮੁਖੀ ਤੇ ਸ਼ਾਹਮੁਖੀ ਵਿੱਚ TheGuruNanak.com ਉੱਤੇ ਉਪਲਬਧ ਹੈ

# ਚਾਨਣ ਦੀ ਕਿਰਨ

ਦਰਸ਼ਨ ਸਿੰਘ

ਜ਼ਿੰਦਗੀ ਦੁੱਖ-ਸੁੱਖ ਦਾ ਸੁਮੇਲ ਹੈ। ਇੱਕ ਦੂਜੇ ਦੇ ਦੁੱਖ ਵਿੱਚ ਪ੍ਰਗਟਾਈਆਂ ਹਮਦਰਦੀਆਂ ਦੇ ਪਲ ਉਮਰ ਭਰ ਲਈ ਕਈ ਵੱਡੀਆਂ ਸਾਂਝਾਂ ਪੈਦਾ ਕਰ ਦਿੰਦੇ ਹਨ। ਮਨੁੱਖ ਸਮਾਜਕ ਪ੍ਰਾਣੀ ਹੈ ਅਤੇ ਜ਼ਿੰਦਗੀ ਦੀ ਸੁਖਾਵੀਂ ਤੋਰ ਲਈ ਇੱਕ ਦੂਜੇ ਦੇ ਆਸਰਿਆਂ ਅਤੇ ਸਹਾਰਿਆਂ ਦੀ ਲੋੜ ਕਦੀ ਨਾ ਕਦੀ ਪੈਂਦੀ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਭਾਵੇਂ ਮਨੁੱਖੀ ਸੁਭਾਅ ਵਿੱਚ ਕਈ ਬਦਲਾਓ ਆਏ ਹਨ, ਮਨਾਂ ਵਿੱਚ ਇੱਕ ਦੂਜੇ ਲਈ ਦੂਰੀਆਂ, ਫਾਸਲੇ ਤੇ ਡੂੰਘੇ ਹਨੇਰੇ ਹਨ, ਪਰ ਸਾਂਝਾਂ ਤੇ ਹਮਦਰਦੀਆਂ ਦੇ ਚਾਨਣ ਵੀ ਹਨ।ਪਤਾ ਹੀ ਨਹੀਂ ਲੱਗਦਾ, ਕਦੋਂ ਚਾਨਣ ਦੀਆਂ ਇਹ ਲਕੀਰਾਂ ਜ਼ਿੰਦਗੀ ਵਿੱਚ ਦਾਖਲ ਹੋ ਕੇ ਇਸ ਨੂੰ ਸੁਖਾਵੇਂ ਮੋੜ ਦੇ ਦਿੰਦੀਆਂ ਹਨ। ਯਾਦ ਕਰਦਾ ਹਾਂ ਉਹ ਪਲ ਜਦੋਂ ਮੇਰੀ ਪਤਨੀ ਦੀ ਤਬੀਅਤ ਵਿੱਚ ਕੁਝ ਵਿਗਾੜ ਆਉਣ ਲੱਗੇ ਸਨ।

"ਕੀ ਗੱਲ ਆਂਟੀ ਜੀ, ਧੁੱਪੇ ਬੈਠੇ ਓ?" ਗਲੀ ਗੁਆਂਢ ਦੇ ਕਈ ਘਰਾਂ ਵਿੱਚ ਕੰਮ ਕਰਦੀ ਵੀਹ ਕੁ ਸਾਲ ਦੀ ਕੁੜੀ ਨੇ ਮੇਰੀ ਪਤਨੀ ਕੋਲੋਂ ਲੰਘਦਿਆਂ ਕਿਹਾ।

"ਸਿਹਤ ਠੀਕ ਨਹੀਂ।" ਸੰਖੇਪ ਜਿਹਾ ਉੱਤਰ ਮੇਰੀ ਪਤਨੀ ਦਾ ਸੀ। ਵੈਸੇ ਵੀ ਇਹ ਕੁੜੀ ਆਉਂਦੇ ਜਾਂਦੇ ਕੋਈ ਨਾ ਕੋਈ ਗੱਲ ਛੋਹ ਲੈਂਦੀ। ਇਸੇ ਕੁੜੀ ਨੂੰ ਘਰ ਕੰਮ ਕਰਨ ਲਈ ਮੇਰੀ ਪਤਨੀ ਨੇ ਕਈ ਵਾਰ ਕਿਹਾ ਵੀ ਸੀ, ਪਰ ਉਹ ਹਮੇਸ਼ਾ ਆਖਦੀ, "ਕੋਸ਼ਿਸ਼ ਕਰਾਂਗੀ ਆਂਟੀ ਜੀ। ਕੰਮ ਦਾ ਬੋਝ ਪਹਿਲੋਂ ਹੀ ਬਹੁਤ ਹੈ।" ਪਤਾ ਨਹੀਂ ਕਿਹੜੀ ਦਿਆਲਤਾ ਤੇ ਤਰਸ ਨੇ ਉਸ ਦੀਆਂ ਸੋਚਾਂ ਨੂੰ ਮੋੜ ਦਿੱਤਾ, ਇੱਕ ਦਿਨ ਉਸ ਨੇ ਆ ਕੇ ਕਿਹਾ, "ਦੱਸੋ ਆਂਟੀ ਜੀ, ਕੀ ਕੰਮ ਕਰਨਾ ਹੈ?"

ਉਸ ਦਿਨ ਤੋਂ ਉਹ ਘਰ ਵਿੱਚ ਝਾੜੂ ਪੋਚਾ ਕਰਨ ਲੱਗੀ। ਦੋ ਕੁ ਮਹੀਨੇ ਉਸ ਨੇ ਕੰਮ ਕੀਤਾ ਸੀ ਕਿ ਮੇਰੀ ਪਤਨੀ ਗੁਜ਼ਰ ਗਈ। ਮੈਂ ਇਕੱਲਾ ਹੋ ਗਿਆ। ਬੱਚੇ ਦੂਰ ਦੁਰਾਡੇ ਆਪੋ ਆਪਣੀਆਂ ਨੌਕਰੀਆਂ ਉੱਤੇ ਸਨ। ਮੇਰੇ ਕੋਲ ਉਨ੍ਹਾਂ ਦਾ ਰਹਿਣਾ ਸੰਭਵ ਨਹੀਂ ਸੀ। ਜ਼ਖਮ ਹਾਲੀ ਸੱਜਰਾ ਹੋਣ ਕਰ ਕੇ ਰਿਸਦਾ ਵਧੇਰੇ ਸੀ। ਸੋਚਿਆ, ਉਨ੍ਹਾਂ ਕੋਲ ਚਲੇ ਜਾਵਾਂ। ਇਕੱਲ ਦਾ ਸੰਤਾਪ ਕਦੋਂ ਤੱਕ ਹੰਢਾਵਾਂਗਾ? ਕਦੋਂ ਤੱਕ ਖਾਲੀ ਹੋਏ ਘਰ ਦੀਆਂ ਛੱਤਾਂ ਵੱਲ ਦੇਖਦਾ ਰਹਾਂਗਾ? ਮਨ ਇੱਕ ਪਲ ਇਹ ਫੈਸਲਾ ਕਰਦਾ, ਪਰ ਦੂਜੇ ਪਲ ਕੋਈ ਹੋਰ ਸੋਚ ਇੱਥੋਂ ਜਾਣ ਦੇ ਮਨ ਦੇ ਫੈਸਲੇ ਨੂੰ ਮਹੀਨੇ ਦੋ ਮਹੀਨੇ ਲਈ ਟਾਲ ਦਿੰਦੀ। ਕੰਮ ਲਈ ਆਉਂਦੇ ਜਾਂਦੇ ਕੁੜੀ ਨੂੰ ਦੁਪਹਿਰ ਹੋ ਜਾਂਦੀ। ਮੈਨੂੰ ਉਦਾਸ ਬੈਠਾ ਦੇਖ ਕੇ ਆਖਦੀ, "ਰੋਟੀ ਬਣਾ ਦਿਆਂ ਅੰਕਲ?" ਮੇਰੀ ਪਤਨੀ ਦੇ ਗੁਜ਼ਰ ਜਾਣ ਪਿੱਛੋਂ ਇਹ ਹਮਦਰਦੀ ਭਰੇ ਬੋਲ ਇਸ ਕੁੜੀ ਦੇ ਮੂੰਹੋਂ ਹੀ ਮੈਂ ਸੁਣੇ ਸਨ।

ਉਸ ਦੇ ਸੁਭਾਅ ਤੋਂ ਮੈਂ ਚੰਗੀ ਤਰ੍ਹਾਂ ਵਾਕਿਫ ਹੋ ਗਿਆ ਸੀ। ਕਾਫੀ ਹੱਦ ਤੱਕ ਉਹ ਮੈਨੂੰ ਸਮਝ ਚੁੱਕੀ ਸੀ। ਮੀਂਹ ਕਣੀ ਜਾਂ ਬੇਤਹਾਸ਼ਾ ਗਰਮੀ ਹੁੰਦੀ ਤਾਂ ਖੁੱਲ੍ਹੇ ਵਿਹੜੇ ਵਿੱਚ ਕੰਮ ਕਰਨ ਤੋਂ ਮੈਂ ਰੋਕ ਦਿੰਦਾ। "ਕੰਮ ਤਾਂ ਅੰਕਲ ਜੀ ਕਰਨਾ ਹੈ। ਮੀਂਹ ਧੁੱਪ ਦਾ ਕੀ ਐ? ਹੋਰ ਘਰਾਂ ਵਿੱਚ ਵੀ ਕਰਦੀ ਹਾਂ, ਇੱਥੇ ਕਿਉਂ ਨਾ ਕਰੋਂ?" ਚਿਹਰੇ ਉਤੇ ਮੁਸਕਾਨ ਭਰਦਿਆਂ ਉਹ ਝਾੜੂ ਪੋਚਾ ਕਰਦੀ ਰਹਿੰਦੀ। ਵਿਹੜੇ ਵਿੱਚ ਬੈਠਾ ਮੈਂ ਅਖਬਾਰ ਪੜ੍ਹਨ ਲੱਗਦਾ। ਇੱਕ ਦਿਨ ਡੂੰਘੀ ਉਦਾਸੀ ਵਿੱਚ ਮੈਨੂੰ ਅੱਖਾਂ ਭਰੀ ਬੈਠੇ ਨੂੰ ਉਹਨੇ ਦੇਖਿਆ। ਝਾੜੂ ਪੋਚਾ ਵਿੱਚੇ ਛੱਡ ਕੇ ਮੇਰੇ ਕੋਲ ਖੜ੍ਹੋ ਗਈ। "ਅੰਕਲ ਜੀ, ਕਦੋਂ ਤੱਕ ਇਉਂ ਉਦਾਸ ਰਹੋਗੇ? ਜਾਣਦੀ ਹਾਂ ਕਿ ਤੁਰ ਗਏ ਜੀਆਂ ਬਿਨਾਂ ਕੰਧਾਂ ਖਾਣ ਨੂੰ ਆਉਂਦੀਆਂ, ਪਰਜ਼ਿੰਦਗੀ ਨੂੰ ਅੱਗੇ ਤੋਰਨਾ ਹੀ ਪੈਂਦਾ।" ਸਿਰ ਚੁੱਕ ਕੇ ਮੈਂ ਉਸ ਵੱਲ ਦੇਖਿਆ। ਉਸ ਦੇ ਚਿਹਰੇ ਨੂੰ ਪਹਿਲੀ ਵਾਰ ਮੈਂ ਇੰਨਾ ਨੇੜਿਓਂ ਤੱਕਿਆ ਸੀ। "ਪੋਤਾ ਹੈ, ਪੋਤੀ ਹੈ ਤੇ ਪੁੱਤ ਨੇ। ਆਂਟੀ ਦਾ ਰੂਪ ਇਨ੍ਹਾਂ ਵਿੱਚ ਹੀ ਦੇਖੋ...।" ਸਿਆਣੀਆਂ ਤੇ ਗਹਿਰੀਆਂ ਸੋਚਾਂ ਵਿੱਚੋਂ ਆਈ ਉਸ ਦੀ ਇਸ ਗੱਲ ਦੇ ਗਹਿਰੇ ਅਰਥ ਸਨ।

"ਕੀ ਖਾਣਾ, ਬੱਚੇ?" ਕੰਮ ਕਰਦੀ ਨੂੰ ਮੈਂ ਕਦੀ ਕਦੀ ਪੁੱਛਦਾ। ਉਹ ਹਰ ਵਾਰ ਨਾਂਹ ਕਰਦੀ, ਪਰ ਮੈਂ ਫੇਰ ਵੀ ਕੋਈ ਨਾ ਕੋਈ ਫਲ ਉਸ ਨੂੰ



ਦੇ ਦਿੰਦਾ। ਇਧਰ ਉਧਰ ਬੇਤਰਤੀਬੀਆਂ ਪਈਆਂ ਮੇਰੀਆਂ ਕਿਤਾਬਾਂ ਅਖਬਾਰਾਂ ਨੂੰ ਉਹ ਥਾਂ ਸਿਰ ਰੱਖਦੀ। ਸਰਦੀ ਦਾ ਮੌਸਮ ਸੀ। ਰਜ਼ਾਈ ਵਿੱਚ ਬੈਠੇ ਨੂੰ ਵੀ ਮੈਨੂੰ ਠੰਢ ਲੱਗ ਰਹੀ ਸੀ। ਪਤਲਾ ਜਿਹਾ ਊਨੀ ਸਵੈਟਰ ਪਾਈ ਉਹ ਆਈ ਤੇ ਆਉਂਦਿਆਂ ਹੀ ਸਾਫ ਸਫਾਈ ਵਿੱਚ ਰੁੱਝ ਗਈ। ਜਾਣ ਲੱਗੀ ਤਾਂ ਇੱਕ ਹਜ਼ਾਰ ਰੁਪਏ ਉਸ ਨੂੰ ਦਿੰਦੇ ਹੋਏ ਕਿਹਾ, "ਨਵੀਂ ਕੋਟੀ ਲੈ ਲਈਂ ਬੱਚੇ। ਠੰਢ ਬੜੀ ਐ।" ਝਿਜਕ ਭਰੀ ਨਾਂਹ ਉਸ ਨੇ ਕੀਤੀ, ਪਰ ਅਖੀਰ ਪੈਸੇ ਫੜ ਕੇ ਕਿਹਾ, "ਜਾ ਰਹੀ ਹਾਂ ਅੰਕਲ।" ਉਸ ਦੀਆਂ ਅੱਖਾਂ ਅੰਦਰ ਆਈ ਚਮਕ ਤੋਂ ਉਸ ਨੂੰ ਮਿਲੀ ਖੁਸ਼ੀ ਦਾ ਅੰਦਾਜ਼ਾ ਸਹਿਜੇ ਹੀ ਹੋ ਗਿਆ ਸੀ।

ਇੱਕ ਦਿਨ ਮੈਂ ਉਸ ਨੂੰ ਕਿਹਾ, "ਸ਼ਾਇਦ ਮੈਂ ਬੱਚਿਆਂ ਕੋਲ ਚਲੇ ਜਾਵਾਂ।" ਉਦਾਸ ਅਤੇ ਖਾਮੋਸ਼ ਜਿਹੀ ਉਹ ਉਥੇ ਦੀ ਉਥੇ ਖੜ੍ਹ ਗਈ। ਕੁਝ ਨਾ ਬੋਲੀ। ਚੁੱਪਚਾਪ ਕੰਮ ਕਰਦੀ ਰਹੀ। ਪੰਦਰਾਂ ਵੀਹ ਮਿੰਟ ਇਸੇ ਚੁੱਪ ਵਿੱਚ ਲੰਘ ਗਏ ਸਨ। ਸੋਚਾਂ ਤੋਂ ਬਾਹਰ ਆਉਂਦੇ ਇਹ ਬੋਲੀ, "ਚਲੇ ਜਾਉ, ਪਰ ਛੇਤੀ ਮੁੜ ਆਇਓ।" ਮਾਵਾਂ-ਧੀਆਂ ਇੱਕ ਦਿਨ ਦੋਵੇਂ ਘਰ ਆਈਆਂ। ਸੂਹਾ ਲਾਲ ਸੂਟ ਮੈਨੂੰ ਦਿਖਾ ਕੇ ਉਸ ਦੀ ਮਾਂ ਨੇ ਕਿਹਾ, "ਸਾਂਭ ਸਾਂਭ ਰੱਖਦੀ ਸੀ ਹਜ਼ਾਰ ਰੁਪਏ, ਜੋ ਤੁਸੀਂ ਦਿੱਤੇ ਸਨ। ਇਨ੍ਹਾਂ ਪੈਸਿਆਂ ਦਾ ਇਹ ਸੂਟ ਅੱਜ ਲਿਆ। ਆਖਦੀ ਸੀ ਆਪਣੇ ਵਿਆਹ ਉੱਤੇ ਪਾਵਾਂਗੀ।"

ਮਾਂ ਦੀਗੱਲ ਸੁਣਦਿਆਂ ਉਸ ਨੇ ਨੀਵੀਂ ਪਾ ਲਈ। ਰਸੋਈ, ਕਮਰੇ, ਵਿਹੜੇ ਅਤੇ ਹੋਰ ਸਾਫ ਸਫਾਈ ਕਰਨ ਪਿੱਛੋਂ ਮੇਰੇ ਕੋਲ ਆਉਂਦਿਆਂ ਉਸ ਨੇ ਪੁੱਛਿਆ, "ਮੇਰੇ ਵਿਆਹ ਉਤੇ ਆਓਗੇ ਅੰਕਲ?" ਉਸ ਦੇ ਬੋਲਾਂ ਵਿੱਚ ਸਵਾਲ ਸੀ ਤੇ ਮੇਰੇ ਵੱਲ ਤੱਕਦੀਆਂ ਭਰੀਆਂ ਅੱਖਾਂ ਵਿੱਚ ਜਵਾਬ ਦੀ ਉਡੀਕ ਵੀ। ਉਸ ਦੇ ਮਨ ਅੰਦਰ ਮੇਰੇ ਪ੍ਰਤੀ ਮੈਨੂੰ ਸੁੱਚੇ ਮੋਹ ਤੇ ਮਹਿਕ ਭਰਿਆ ਚਾਨਣ ਦਿਖਾਈ ਦਿੱਤਾ ਤੇ ਇਸ ਚਾਨਣ ਵਿੱਚ ਕਿਸੇ ਪਵਿੱਤਰ ਰਿਸ਼ਤੇ ਦਾ ਅਕਸ...।

ਬਿਨਾਂ ਦੇਰੀ ਕਰਦਿਆਂ ਆਪਣਾ ਹੱਥ ਉਸ ਦੇ ਸਿਰ ਉੱਤੇ ਧਰਦਿਆਂ ਜਿਵੇਂ ਅਗਾਊਂ ਹੀ ਮੈਂ ਪਿਓ ਜਿਹੀ ਅਸੀਸ ਉਸ ਨੂੰ ਦੇ ਦਿੱਤੀ। ਧੀ ਨੂੰ ਵਿਦਾ ਕਰਨ ਸਮੇਂ ਦੇ ਉਦਾਸੀ ਦੇ ਪ੍ਰਛਾਵੇਂ ਮੇਰੇ ਚਿਹਰੇ ਉੱਤੇ ਵੀ ਆਏ। ਸੋਚਦਾਂ ਸਾਂ ਕਿ ਜ਼ਿੰਦਗੀ ਵਿੱਚ ਕੁਝ ਰਿਸ਼ਤੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦਾ ਕੋਈ ਨਾਂਅ ਨਹੀਂ, ਪਰ ਜ਼ਿੰਦਗੀ ਲਈ ਚਾਨਣ ਦੀ ਕਿਸੇ ਕਿਰਨ ਜਿਹੇ ਹੁੰਦੇ ਹਨ ਜਾਂ ਜੁਗਨੂੰਆਂ ਵਾਂਗ ਜ਼ਿੰਦਗੀ ਦੇ ਹਨੇਰਿਆਂ ਨੂੰ ਚਾਨਣ ਵੰਡਦੇ ਹਨ।

# ਫ਼ੌਜ ਵਿੱਚ ਅਧਿਕਾਰੀਆਂ ਤੇ ਜਵਾਨਾਂ ਦੀ ਕਮੀ ਚਿੰਤਾਜਨਕ

ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਲੋਕ ਸਭਾ ਵਿੱਚ 21 ਜੁਲਾਈ ਨੂੰ ਹਥਿਆਰਬੰਦ ਸੈਨਾਵਾਂ ਦੀਆਂ ਅਨੇਕਾਂ ਚੁਣੌਤੀਆਂ ਦੇ ਸਨਮੁੱਖ ਦੋ ਵੱਡੇ ਪਹਿਲੂ ਉਭਰ ਕੇ ਸਾਹਮਣੇ ਆਏ। ਪਹਿਲਾਂ ਮੁੱਦਾ ਫੌਜ ਵਿੱਚ ਅਫਸਰਾਂ ਉੱਤੇ ਜਵਾਨਾਂ ਦੀ ਘਾਟ ਤੇ ਦੂਸਰਾ ਰੱਖਿਆ ਮਾਮਲਿਆਂ ਬਾਰੇ ਪਾਰਲੀਮੈਂਟ ਦੀ ਕੇਂਦਰੀ ਸਥਾਈ ਕਮੇਟੀ ਦੀ ਕਾਰਜਸ਼ੈਲੀ ਬਾਰੇ ਹੈ। ਪਾਰਲੀਮੈਂਟ ਵਿੱਚ ਜੋ ਵੇਰਵੇ ਟੇਬਲ ਉੱਤੇ ਰੱਖੇ ਗਏ, ਉਨ੍ਹਾਂ ਅਨੁਸਾਰ ਮਨਜ਼ੂਰਸ਼ੁਦਾ 14 ਲੱਖ ਤੋਂ ਵੱਧ ਸ਼ਕਤੀਸ਼ਾਲੀ ਭਾਰਤੀ ਹਥਿਆਰਬੰਦ ਫੌਜਾਂ ਵਿੱਚ 9797 ਅਫ਼ਸਰਾਂ ਤੇ 1.26 ਲੱਖ ਸਿਪਾਹੀਆਂ, ਏਅਰਮੈਨਾਂ ਤਐ ਸੇਲਰਜ਼ ਦੀ ਘਾਟ ਹੈ। ਜਨਤਕ ਕੀਤੇ ਵੇਰਵਿਆਂ ਅਨੁਸਾਰ ਆਰਮੀ ਵਿੱਚ 7779 ਅਫ਼ਸਰਾਂ ਅਤੇ 1.08 ਲੱਖ ਜਵਾਨਾਂ ਦੀ ਘਾਟ ਹੈ। ਨੇਵੀ ਵਿੱਚ 1446 ਅਫ਼ਸਰ ਤੇ 1251 ਸੇਲਰਜ਼ ਅਤੇ ਏਅਰ ਫੋਰਸ ਵਿੱਚ 572 ਅਫਸਰ ਤੇ 5217 ਏਅਰਮੈਨਾਂ ਦੀ ਕਮੀ ਹੈ।

ਰੱਖਿਆ ਰਾਜ ਮੰਤਰੀ ਅਜੇ ਭੱਟ ਨੇ ਇੱਕ ਸੁਆਲ ਦੇ ਜੁਆਬ ਵਿੱਚ ਲਿਖਤੀ ਤੌਰ ਉੱਤੇ ਅਗਨੀਪੱਥ ਸਕੀਮ ਦਾ ਹਵਾਲਾ ਦਿੰਦਿਆਂ ਇਹ ਜ਼ਿਕਰ ਕੀਤਾ ਕਿ ਅਫਸਰ ਤੋਂ ਹੇਠਲੇ ਰੈਂਕਾਂ ਵਿੱਚ ਭਰਤੀ ਹੋਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਦੀ ਕੋਈ ਘਾਟ ਨਹੀਂ, ਪਰ ਅਫਸਰਾਂ ਦੀ ਸਥਿਤੀ ਚਿੰਤਾਜਨਕ ਹੈ। ਫਿਰ ਹੱਲ ਕੀ ਹੋਵੇ?

ਫੌਜ ਦੇ ਅਫਸਰਾਂ ਅਤੇ ਜਵਾਨਾਂ ਦੀ ਘਾਟ ਵਾਲਾ ਪਹਿਲਾ ਝਟਕਾ ਹਿੰਦੀ-ਚੀਨੀ ਭਾਈ-ਭਾਈ ਦਾ ਨਾਅਰਾ ਦੇਣ ਵਾਲਿਆਂ ਨੂੰ ਉਦੋਂ ਲੱਗਿਆ, ਜਦੋਂ ਸੰਨ 1962 ਵਿੱਚ ਚੀਨ ਨੇ ਲੱਦਾਖ ਤੋਂ ਨੇਫਾ (ਅੱਜਕੱਲ੍ਹ ਅਰੁਣਾਚਲ ਪ੍ਰਦੇਸ਼) ਦੇ ਸਰਹੱਦੀ ਇਲਾਕਿਆਂ ਵਿੱਚੋਂ ਪੀ ਐਲ ਏ ਨੇ ਭਾਰਤੀ ਫੌਜ ਨੂੰ ਕੇਵਲ ਖਦੇੜਿਆਂ ਹੀ ਨਹੀਂ, ਸਗੋਂ ਭਾਰਤ ਦੇ ਤਕਰੀਬਨ 38000 ਵਰਗ ਕਿਲੋਮੀਟਰ ਇਲਾਕੇ ਨੂੰ ਵੀ ਆਪਣੇ ਕਬਜ਼ੇ ਹੇਠ ਲੈ ਲਿਆ।ਫਿਰ ਸਰਕਾਰ ਦਾ ਧਿਆਨ ਫ਼ੌਜ ਵੱਲ ਆਕਰਸ਼ਿਤ ਹੋਇਆ ਤੇ ਅਫ਼ਸਰਾਂ ਦੀ ਘਾਟ ਪੂਰੀ ਕਰਨ ਖਾਤਰ ਸੰਨ 1963 ਤੋਂ ਐਮਰਜੈਂਸੀ ਕਮਿਸ਼ਨ (ਈ ਸੀ) ਚਾਲੂ ਕੀਤਾ, ਜਿਹੜਾ ਈ ਸੀ-12 ਕੋਰਸ ਤੱਕ ਲਾਗੂ ਰਿਹਾ। ਉਨ੍ਹਾਂ ਜੰਗਜੂਆ ਵਿੱਚ ਬੜੀ ਘੱਟ ਗਿਣਤੀ ਵਿੱਚ ਅਫਸਰਾਂ ਨੂੰ ਪੱਕਾ ਕਮਿਸ਼ਨ ਵਾਸਤੇ ਦੁਬਾਰਾ ਸਿਲੈਕਸ਼ਨ ਪ੍ਰਕਿਰਿਆ ਵਿੱਚੋਂ ਲੰਘਦਿਆਂ ਚੁਣਿਆ ਗਿਆ।ਫਾਰਗ ਕੀਤੇ ਗਏ ਅਫਸਰਾਂ ਵਿੱਚੋਂ ਕੁਝ ਟਾਵੇਂ-ਟਾਵੇਂ ਸਿਵਲ ਸਰਵਿਸਿਜ਼ ਪੁਲਸ ਤੇ ਬੀ ਐਸ ਐਫ ਵਗੈਰਾ ਲਈ ਚੁਣੇ ਗਏ ਤੇ ਬਾਕੀਆਂ ਦੀ ਖੱਜਲ-ਖੁਆਰੀ ਹੁੰਦੀ ਰਹੀ ਕਿਉਂਕਿ ਮੁੜ ਵਸੇਬੇ ਲਈ ਕੋਈ ਠੋਸ ਨੀਤੀ ਨਹੀਂ ਸੀ?

ਜਦੋਂ ਸੰਨ 1971 ਦੀ ਜੰਗ ਸਮੇਂ ਛਾਂਟੀ ਕੀਤੇ ਅਫ਼ਸਰਾਂ ਨੂੰ ਦੁਬਾਰਾ ਦੇਸ਼ ਦੀ ਸੇਵਾ ਵਾਸਤੇ ਬੁਲਾਇਆ ਤਾਂ ਉਨ੍ਹਾਂ ਯੋਗਦਾਨ ਪਾਇਆ, ਪਰ ਫਿਰ ਘਰ ਵਾਪਸੀ। ਇਸੇ ਤਰ੍ਹਾਂ ਸੰਨ 1965 ਵਿੱਚ ਸ਼ਾਰਟ ਸਰਵਿਸ ਕਮਿਸ਼ਨ (ਐਸ ਐਸ ਸੀ) ਹੋਂਦ ਵਿੱਚ ਆਇਆ ਜੋ ਪਹਿਲਾਂ 10 ਸਾਲਾਂ ਵਾਸਤੇ ਫਿਰ ਚਾਰ ਸਾਲਾਂ ਦਾ ਵਾਧਾ, ਪਰ 15 ਸਾਲ ਨਾ ਟੱਪਣ ਦਿੱਤੇ ਜਿਵੇਂ ਕਿ ਅੱਜ ਅਗਨੀਵੀਰਾਂ ਲਈ ਵੀ ਇਹ ਨੀਤੀ ਲਾਗੂ ਰਹੇਗੀ ਕਿਉਂਕਿ ਪੈਨਸ਼ਨ ਨਾ ਦੇਣੀ ਪਏ।

ਮੇਰੀ ਖੁਸ਼ਕਿਸਮਤੀ ਸੀ ਕਿ ਸੰਨ 1971 ਦੀ ਜੰਗ ਸਮੇਂ ਬਤੌਰ ਕੈਪਟਨ ਤੇ ਫਿਰ ਮੇਜਰ ਵਜੋਂ ਮੈਨੂੰ ਇਸ ਪਲਟਨ ਦੇ ਬਹਾਦਰ ਜਵਾਨਾਂ ਨਾਲ ਉੜੀ-ਬਾਰਾਮੂਲਾ-ਤੰਗਧਾਰ ਵਿੱਚ ਜੰਗ ਲੜਨ ਦਾ ਮੌਕਾ ਮਿਲਿਆ ਤੇ 1983 ਵਿੱਚ ਪੁੰਛ ਦੇ ਸਰਹੱਦੀ ਇਲਾਕੇ ਵਿੱਚ ਪਹਿਲਾਂ ਲੈਫਟੀਨੈਂਟ ਕਰਨਲ, ਫਿਰ ਕਰਨਲ ਵਜੋਂ ਕਮਾਂਡ ਦਾ ਸੁਭਾਗ ਪ੍ਰਾਪਤ ਹੋਇਆ।ਯੂਨਿਟ ਵਿੱਚ ਜਿੱਥੇ ਅਫ਼ਸਰਾਂ ਦੀ ਨਿਰਧਾਰਤ ਗਿਣਤੀ 25-26 ਚਾਹੀਦੀ ਸੀ ਉਥੇ ਤਕਰੀਬਨ 8-10 ਅਫ਼ਸਰਾਂ ਨਾਲ ਹੀ ਬੁੱਤਾ ਸਾਰਨਾ ਪਿਆ। ਇਹੋ ਹਾਲਤ ਇਨਫੈਂਟਰੀ ਪਲਟਨਾਂ ਦੀ ਸੀ ਤੇ ਅੱਜ ਵੀ ਹੈ।

ਜ਼ਿਕਰਯੋਗ ਹੈ ਕਿ ਹਰ ਇੱਕ ਯੂਨਿਟ ਵਿੱਚ ਇੱਕ ਡਾਕਟਰ ਬਤੌਰ ਰੈਜ਼ੀਮੈਂਟਲ ਮੈਡੀਕਲ ਅਫਸਰ (ਆਰ ਐਮ ਓ) ਆਥੋਰਾਈਜ਼ ਹੁੰਦਾ ਹੈ, ਪਰ ਘਾਟ ਕਾਰਨ ਕਿਸੇ ਵਿਰਲੀ ਪਲਟਨ ਨੂੰ ਹੀ ਨਸੀਬ ਹੁੰਦਾ ਹੈ। ਉਸ ਸਮੇਂ ਮੇਰੀ ਪਲਟਨ ਵਿੱਚ ਆਰਮੀ ਹੈਡਕੁਆਰਟਰ ਨੇ ਕੈਪਟਨ ਡਾ. (ਬਾਅਦ ਵਿੱਚ ਕਨਰਲ) ਨੂੰ ਪੋਸਟ ਕਰ ਦਿੱਤਾ। ਤੋਪਖਾਨੇ ਦੀ ਸਿਰਕੰਡ ਪਲਟਨ ਵਿੱਚ ਕੋਈ ਵਿਰਲਾ ਬੀਮਾਰ ਹੁੰਦਾ ਸੀ ਤੇ ਜੇ ਹੋ ਗਿਆ ਤਾਂ ਕੈਪਟਨ ਰਾਜਿੰਦਰਾ ਸਿੰਘ ਦਾਹੀਆ ਬਗੈਰ ਦਵਾਈ ਤੋਂ ਉਸ ਨੂੰ ਰਾਜ਼ੀ ਕਰ ਲੈਂਦਾ। ਇਹੋ ਟੈਕਨੀਕ ਉਸ ਨੇ ਈ ਸੀ ਐਚ ਐਸ ਵਿੱਚ ਅਪਣਾਈ ਜਿੱਥੇ ਕਿ ਦਵਾਈਆਂ ਦੀ ਹਮੇਸ਼ਾ ਘਾਟ ਹੀ ਰਹਿੰਦੀ ਹੈ।

ਫੌਜੀਆਂ ਦੀਆਂ ਤਨਖਾਹਾਂ, ਭੱਤੇ ਅਤੇ ਪੈਨਸ਼ਨ ਵਧਾਏ ਗਏ ਪਰ ਮੁੱਖ ਰੂਪ ਵਿੱਚ ਫੌਜ ਦਾ ਦਰਜਾ ਘਟਦਾ ਗਿਆ। ਨਾ ਅਜੇ ਤੱਕ ਫ਼ੌਜੀਆਂ ਤੇ ਉਨ੍ਹਾਂ ਦੇ ਪਰਵਾਰਾਂ ਵਾਸਤੇ ਕੋਈ ਕੌਮੀ ਨੀਤੀ ਹੈ ਅਤੇ ਨਾ ਹੀ ਮਿਲਟਰੀ ਕਮਿਸ਼ਨ। ਕਾਰਪੋਰੇਟ ਸੈਕਟਰ ਤਕਨੀਕੀ ਸਿੱਖਿਆ ਪ੍ਰਾਪਤ ਨੌਜਵਾਨਾਂ ਨੂੰ ਚੋਖਾ ਪੈਕੇਜ ਦੇ ਕੇ ਆਪਣੇ ਵੱਲ ਖਿੱਚ ਲੈਂਦਾ ਹੈ। ਵੈਸੇ ਵੀ ਅੱਜਕੱਲ੍ਹ ਹੋਣਹਾਰ ਯੋਗਤਾ ਭਰਪੂਰ ਗੱਭਰੂ ਫ਼ੌਜ ਵਿੱਚ ਵਧੇਰੇ ਖਤਰੇ ਮੁੱਲ ਲੈਣ ਦੀ ਥਾਂ ਏ ਸੀ ਦਫ਼ਤਰਾਂ ਵਿੱਚ ਕੰਮ ਕਰਨਾ ਪਸੰਦ ਕਰਦੇ ਹਨ। ਬੀਤ ਗਿਆ ਉਹ ਸਮਾਂ ਜਦੋਂ ਰਾਜੇ-ਮਹਾਰਾਜਿਆਂ ਦੀ ਔਲਾਦ ਫੌਜ ਵਿੱਚ ਜਾਣਾ ਪਸੰਦ ਕਰਦੀ ਸੀ। ਜੇ ਦੇਸ਼ਵਾਸੀਆਂ ਅੰਦਰ ਕੌਮੀ ਜਜ਼ਬਾ ਪੈਦਾ ਕਰਨਾ ਹੈ ਤਾਂ ਨੌਜਵਾਨ ਸਿਆਸਤਦਾਨਾਂ ਨੂੰ ਟਿਕਟਾਂ ਵੰਡਣ ਤੋਂ ਪਹਿਲਾਂ ਤੇ ਅਫਸਰਾਂ ਨੂੰ ਅਗਨੀਵੀਰਾਂ ਦੀ ਤਰ੍ਹਾਂ ਘੱਟੋ-ਘੱਟ ਦੋ ਸਾਲਾਂ ਵਾਸਤੇ ਫ਼ੌਜ ਵਿੱਚ ਜ਼ਰੂਰ ਭੇਜਿਆ ਜਾਵੇ। ਫਿਰ ਜਾ ਕੇ ਕਿਸੇ ਹੱਦ ਤੱਕ ਫ਼ੌਜ ਵਿੱਚ ਅਫਸਰਾਂ ਦੀ ਘਾਟ ਪੂਰੀ ਹੋਣ ਦੀ ਉਮੀਦ ਹੋ ਸਕਦੀ ਹੈ।

# ਤੂੜੀ ਵਾਲਾ ਕੋਠਾ

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਚਾਹ ਪੱਤੀ ਬਾਜ਼ਾਰਾਂ ਵਿੱਚ ਲੱਕੜ ਜਾਂ ਕਹਿ ਲਈਏ ਹਲਕੀ ਪਲਾਈ ਦੀਆਂ ਬਣੀਆਂ ਚੌਰਸ ਪੇਟੀਆਂ ਵਿੱਚ ਆਉਂਦੀ ਸੀ। ਮੇਰੀਆਂ ਵੀ ਕਈ ਯਾਦਾਂ ਜੁੜੀਆਂ ਨੇ ਇਸ ਚਾਹ ਪੱਤੀ ਦੀਆਂ ਬਣੀਆਂ ਚੌਰਸ ਪੇਟੀਆਂ ਨਾਲ, ਜੋ ਕਰੀਬ ਦੋ ਢਾਈ ਫੁੱਟ ਹਲਕੀ ਪਲਾਈ ਦੀ ਚੌਰਸ ਅਕਾਰ ਦੀ ਅਤੇ ਚਾਰੇ ਪਾਸਿਓਂ ਇੱਕ ਲੋਹੇ ਦੀ ਪੱਤਰੀ ਨਾਲ ਮੜ੍ਹੀ ਹੁੰਦੀ ਸੀ। ਇਸ ਵਿੱਚ ਇੱਕ ਵੱਡਾ ਮੋਮੀ ਕਾਗਜ਼ ਹੁੰਦਾ ਸੀ, ਜਿਸ ਵਿੱਚ ਖੁੱਲ੍ਹੀ ਚਾਹ ਪੱਤੀ ਹੁੰਦੀ ਅਤੇ ਉਤਲੇ ਪਾਸੇ ਇੱਕ ਵੱਡੇ ਫੋਆਇਲ ਪੇਪਰ ਨਾਲ ਸੀਲ ਕਰ ਉਪਰ ਫਿਰ ਪਲਾਈ ਲਾਈ ਹੁੰਦੀ ਸੀ।

ਖੈਰ, ਅਸਲ ਗੱਲ ਕਹਾਣੀ ਤਾਂ ਉਨ੍ਹਾਂ ਭਲਿਆਂ ਵੇਲਿਆਂ ਵਿੱਚ ਔਖੇ ਸੌਖੇ ਹੋ ਕੇ ਪਾਏ 'ਤੂੜੀ ਵਾਲੇ ਕੋਠੇ' ਦੀ ਹੈ, ਜਦੋਂ ਲੋਕਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ, ਸੀਮਤ ਆਮਦਨ ਤੇ ਸੀਮਤ ਜਿਹੇ ਖਰਚੇ ਸਨ। ਕੱਚਾ ਕੋਠਾ ਪਾਉਣਾ ਵੀ ਬੜਾ ਮਿਹਨਤ ਅਤੇ ਸੁਚੱਜ ਦਾ ਕੰਮ ਸੀ। ਇੱਥੇ ਚਾਹ ਪੱਤੀ ਵਾਲੀ ਪੇਟੀ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸੀ। ਗੱਲ ਕਰਦੇ ਹਾਂ, ਜਦੋਂ ਉਹ ਸਿੱਧੇ-ਪੱਧਰੇ ਅਤੇ ਸਾਦੇ ਵੇਲੇ ਹੁੰਦੇ ਸਨ, ਉਨ੍ਹਾਂ ਭਲਿਆਂ ਵੇਲਿਆਂ ਵਿੱਚ ਘਰ ਪਾਲੇ ਕੱਟੇ, ਵੱਛੇ, ਮੱਝਾਂ, ਗਾਵਾਂ ਨਾਲ ਪਿਆਰ ਹੁੰਦਾ ਸੀ। ਆਪਣੇ ਰਹਿਣ ਲਈ ਬਣਾਈ ਥਾਂ ਨਾਲੋਂ ਮਾਲ-ਡੰਗਰ ਦੇ ਰੱਖ-ਰਖਾਓ ਦਾ ਵਧੇਰੇ ਫਿਕਰ ਹੁੰਦਾ ਅਤੇ ਨਾਲ ਹੀ ਉਨ੍ਹਾਂ ਦੇ ਕੱਖ ਕੰਡੇ ਅਤੇ ਤੂੜੀ ਤੰਦ ਦੀ ਸਾਂਭ-ਸੰਭਾਲ ਦਾ ਵੀ।ਸੀਮਤ ਜਿਹੀ ਆਮਦਨ ਤੇ ਸੀਮਤ ਜਿਹੇ ਖਰਚ ਨਾਲ ਠੀਕ-ਠਾਕ ਜਿਹਾ ਗੁਜ਼ਾਰਾ ਹੋਈ ਜਾਂਦਾ ਸੀ, ਮੁਸ਼ਕਲ ਉਦੋਂ ਹੁੰਦੀ ਜਦੋਂ ਕੋਈ ਵੱਡਾ ਖਰਚਾ ਅਚਾਨਕ ਆ ਘੇਰਦਾ ਤੇ ਘਰ ਦਾ ਲਾਣੇਦਾਰ ਫਿਕਰਾਂ ਨਾਲ ਡੁੱਬ ਜਾਂਦਾ। ਉਹ ਆਪਣੀ ਫਿਕਰ ਦਾ ਜ਼ਿਕਰ ਕਿਸੇ ਕੋਲ ਨਾ ਕਰ ਕੇ ਸਿਰ ਪਈ ਸਮੱਸਿਆ ਦਾ ਹੱਲ ਲੱਭਣ ਵਿੱਚ ਜੁਟ ਜਾਂਦਾ। ਇੱਕ ਪਾਸੇ ਪੈਸੇ-ਟਕੇ ਤੋਂ ਹੱਥ ਤੰਗ ਤੇ ਦੂਜੇ ਪਾਸੇ ਅਚਾਨਕ ਖਸਤਾ ਹਾਲਤ ਹੋਏ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਕਿਸੇ ਅਚਨਚੇਤ ਆਈ ਮੁਸੀਬਤ ਤੋਂ ਘੱਟ ਨਹੀਂ ਸੀ। ਹਾੜ੍ਹੀ ਦਾ ਫਸਲ ਦੀ ਸੰਭਾਲ ਮਗਰੋਂ ਸਭ ਤੋਂ ਪਹਿਲਾ ਕੰਮ ਮਾਲ ਡੰਗਰ ਲਈ ਸਾਰੇ ਸਾਲ ਭਰ ਦੇ ਤੂੜੀ-ਤੰਦ ਦੀ ਸਾਂਭ ਸੰਭਾਲ ਦਾ ਹੁੰਦਾ।

ਜ਼ਿੰਦਗੀ ਮਿੰਨੀ-ਮਿੰਨੀ ਚਾਲੇ ਚੱਲ ਰਹੀ ਸੀ, ਪੰਜ-ਚਾਰ ਮੱਝਾਂ, ਗਾਵਾਂ ਨਾਲ ਦਸ-ਬਾਰਾਂ ਕਿੱਲਿਆਂ ਦੀ ਖੇਤੀ, ਪਰ ਉਨ੍ਹਾਂ ਸਮਿਆਂ ਵਿੱਚ ਪੈਸੇ ਟਕੇ ਦੀ ਅਕਸਰ ਤੰਗੀ ਰਹਿੰਦੀ ਤੇ ਖੇਤੀ ਦੀ ਸੀਮਤ ਜਿਹੀ ਆਮਦਨ ਤੋਂ ਘਰ ਦੇ ਖਰਚ ਚਲਾਉਣੇ ਬੜੇ ਮੁਸ਼ਕਲ ਹੁੰਦੇ ਸਨ। ਹਾੜ੍ਹੀ ਦੀ ਫਸਲ ਆਉਣ ਤੋਂ ਪਹਿਲਾਂ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਸਾਡੇ ਲਈ ਕਿਸੇ ਮਹਿਲ ਦੇ ਢਹਿ ਜਾਣ ਤੋਂ ਘੱਟ ਨਹੀਂ ਸੀ ਅਤੇ ਸਭ ਤੋਂ ਜ਼ਰੂਰੀ ਸੀ ਇਸ ਕੋਠੇ ਦੀ ਮੁੜ ਉਸਾਰੀ। ਇਹ ਇਸ ਲਈ ਵੀ ਜ਼ਰੂਰੀ ਸੀ ਕਿ ਇਸ ਕੋਠੇ ਵਿੱਚ ਇੱਕਾ-ਦੁੱਕਾ ਖੇਤੀ ਦੇ ਸੰਦਾਂ ਤੋਂ ਬਿਨਾਂ ਡੰਗਰ, ਵੱਛਾ ਵੀ ਬੰਨ੍ਹ ਲਿਆ ਜਾਂਦਾ ਅਤੇ ਇਸ ਨੂੰ ਅਸੀਂ ਤੂੜੀ ਵਾਲਾ ਕੋਠਾ ਤਾਂ ਕਹਿੰਦੇ ਹੀ ਸਾਂ ਤੇ ਨਾਲ ਹੀ ਇਸ ਨੂੰ ਡੰਗਰਾਂ ਵਾਲਾ ਅੰਦਰ ਵੀ ਕਹਿ ਲਿਆ ਕਰਦੇ ਸਾਂ।

ਪਿੰਡ ਦੇ ਅੱਧ ਸੁੱਕੇ ਟੋਭੇ ਤੋਂ ਲਿਆਂਦੀ ਮਿੱਟੀ ਨਾਲ ਅਸਾਂ ਤੂੜੀ ਵਾਲੇ ਕੋਠੇ ਦੀਆਂ ਕੰਧਾਂ ਦੀ ਚਿਣਾਈ ਸ਼ੁਰੂ ਕਰ ਦਿੱਤੀ, ਕੰਧਾਂ ਦੀ ਉਸਾਰੀ ਲਈ ਇੱਟ ਪੂਰੀ-ਸੂਰੀ ਸੀ। ਜੋ ਟੋਟਾ, ਦੇਹਲੀ, ਅੱਧੀ ਪੋਣੀ ਇੱਟ ਸੀ ਸਾਰੀ ਕੰਧਾਂ ਦੀ ਚਿਣਾਈ ਵਿੱਚ ਲੱਗਾ, ਕੰਧਾਂ ਤਕਰੀਬਨ ਅੱਠ-ਨੌਂ ਫੁੱਟ ਉਚੀਆਂ ਕਰ ਲਈਆਂ। ਜਮੋਏ ਦੀ ਲੱਕੜ ਦੇ ਤਿੰਨ ਸ਼ਤੀਰਾਂ ਨਾਲ ਚਾਰ ਖਣਾਂ ਦਾ ਤੂੜੀ ਵਾਲਾ ਕੋਠਾ ਖੜ੍ਹਾ ਕਰ ਲਿਆ, ਪਰ ਕੋਠੇ ਦੀਆਂ ਕੰਧਾਂ ਉੱਤੇ ਰੱਖੇ ਛੱਤ ਪਾਉਣ ਲਈ ਸ਼ਤੀਰਾਂ ਉੱਤੇ ਪੂਰੇ-ਸੂਰੇ ਬਾਲਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਝ ਕੋਠੇ ਦੀਆਂ ਕੰਧਾਂ ਉੱਤੇ ਸ਼ਤੀਰ, ਸ਼ਤੀਰਾਂ ਉੱਤੇ ਬਾਲੇ ਅਤੇ ਬਾਲਿਆਂ ਉੱਤੇ ਇੱਟ-ਟਾਈਲ ਹੀ ਪੈਣੀ ਚਾਹੀਦੀ ਸੀ, ਪਰ ਤੰਗਦਸਤੀ ਕਾਰਨ ਕਿਤੋਂ ਵੀ ਨਵੀਂ-ਪੁਰਾਣੀ ਇੱਟ-ਟਾਇਲ ਲਿਆਉਣ ਦੀ ਹਿੰਮਤ ਨਹੀਂ ਪਈ।

ਇਸ ਤਰ੍ਹਾਂ ਕਿਵੇਂ ਵੀ ਇੱਟ-ਟਾਈਲ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਅਚਾਨਕ ਖੱਦਰ ਦੇ ਗਲਾਸ ਵਿੱਚ ਚਾਹ ਪੀਂਦੇ ਸਾਡੇ ਲਾਣੇਦਾਰ ਦੇ ਦਿਮਾਗ ਵਿੱਚ ਸਕੀਮ ਆਈ ਕਿ ਕਿਉਂ ਨਾ ਬਾਲਿਆਂ ਦੀ ਛੱਤ ਉੱਤੇ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਪਾ ਦਿੱਤੀ ਜਾਵੇ। ਬੱਸ, ਦਿਨ ਚੜ੍ਹਦੇ ਹੀ ਅਸੀਂ ਲਾਣੇਦਾਰ ਨਾਲ ਸ਼ਹਿਰ ਨੂੰ ਹੋ ਤੁਰੇ ਅਤੇ ਪੰਜ-ਸੱਤ ਪਰਚੂਨ ਦੀਆਂ ਹੱਟੀਆਂ ਤੋਂਅੱਠ-ਦਸ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਦਾ ਪ੍ਰਬੰਧ ਕਰ ਕੇ ਸ਼ਾਮ ਤੱਕ ਘਰ ਪਰਤ ਆਏ। ਪੱਤੀ ਦੀਆਂ ਖਾਲੀ ਪੇਟੀਆਂ ਖੋਲ੍ਹਕੇ ਉਨ੍ਹਾਂ ਦੀ ਕੱਚੀ ਪੱਕੀ ਪਲਾਈ ਰੱਖ ਦਿੱਤੀ ਤੇ ਨਾਲ ਉਨ੍ਹਾਂ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਵਿੱਚੋਂ ਨਿਕਲਿਆ ਮੋਮੀ ਕਾਗਜ ਉੱਤੇ ਵਿਛਾ ਦਿੱਤਾ। ਕੋਠੇ ਦਾ ਸਾਡਾ ਫਿਕਰ ਮੁੱਕਣ ਕੰਢੇ ਸੀ। ਬਾਲਿਆਂ ਉੱਤੇ ਰੱਖੀ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਅਤੇ ਮੋਮੀ ਕਾਗਜ਼ ਤੋਂ ਬਾਅਦ ਟੋਭੇ ਤੋਂ ਲਿਆਂਦੀ ਮਿੱਟੀ ਵਿੱਚ ਤੂੜੀ ਰਲਾ ਕੇ ਹੌਲੀ-ਹੌਲੀ ਬਾਲਿਆਂ, ਸ਼ਤੀਰਾਂ ਉੱਤੇ ਪੈਰ ਟਿਕਾ ਮਿੱਟੀ ਪਾਉਣ ਮਗਰੋਂ ਉਪਰ ਮਿੱਟੀ ਤੂੜੀ ਰਲਾ ਪੋਚਾ ਲਾ ਦਿੱਤਾ ਤੇ ਸਾਡਾ ਤੂੜੀ ਵਾਲਾ ਕੋਠਾ ਤਿਆਰ ਹੋ ਗਿਆ।

ਫਿਰ ਅਸਾਂ ਉਹ ਇੱਕ ਦਰਵਾਜ਼ੇ ਉੱਤੇ ਇੱਕ ਛੋਟੀ ਜਿਹੀ ਖਿੜਕੀ ਵਾਲਾ ਕੋਠਾ ਤੂੜੀ ਨਾਲ ਭਰ ਦਿੱਤਾ। ਮੈਨੂੰਯਾਦ ਹੈ ਕਿ ਉਹ ਤੂੜੀ ਵਾਲਾ ਕੋਠਾ ਆਪਣੀ ਜਗ੍ਹਾ ਬਾਰ੍ਹਾਂ-ਤੇਰ੍ਹਾਂ ਸਾਲ ਜਿਉਂ ਦਾ ਤਿਉਂ ਖੜ੍ਹਾ ਰਿਹਾ, ਨਾ ਢਹਿਆ ਤੇ ਨਾ ਹੀ ਮੀਂਹ-ਕਣੀ ਵਿੱਚ ਕਦੀ ਚੋਇਆ। ਹਾਂ, ਇੱਕ ਸਖਤ ਹਦਾਇਤ ਸੀ ਸਭ ਨੂੰ ਕਿ ਤੂੜੀ ਵਾਲੇ ਕੋਠੇ ਉੱਤੇ ਕਿਸੇ ਚੜ੍ਹਨਾ ਨਹੀਂ।

*-ਹਰਮਨਪ੍ਰੀਤ ਸਿੰਘ*

# ਕੀ ਭਾਰਤ ਦੇ ਐਟਮੀ ਸਿਧਾਂਤ ਵਿੱਚ ਤਬਦੀਲੀ ਦੀ ਲੋੜ ਹੈ

ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਇੱਕ ਬਰਤਾਨਵੀ ਫਿਲਾਸਫਰ ਬਰਟਰੈਂਡ ਰਸਲ ਨੇ 1960 ਦੇ ਦਹਾਕੇ ਵਿੱਚ ਅੰਦਾਜ਼ੇ ਲਾਉਂਦਿਆਂ ਕਿਹਾ ਸੀ ਕਿ ਜੇ ਐਟਮੀ ਤਾਕਤ ਵਾਲੇ ਦੇਸ਼ ਆਪਣੇ ਸ਼ਸਤਰਾਂ ਨੂੰ ਘੱਟ ਕਰਨ ਲਈ ਕਰੜਾ ਰੁਖ ਨਹੀਂ ਆਪਣਾਉਂਦੇ ਤਾਂ ਆਉਣ ਵਾਲੇ 10 ਸਾਲਾਂ ਵਿੱਚ ਐਟਮੀ ਯੁੱਧ ਹੋਵੇਗਾ, ਪਰ ਵਿਗਿਆਨੀ ਰਸਲ ਅਤੇ ਇੱਕ ਹੋਰ ਬ੍ਰਿਟਿਸ਼ ਨਾਵਲਕਾਰ ਸੀ ਪੀ ਸਨੋਅ ਦੀ ਭਵਿੱਖਬਾਣੀ ਅਤੇ ਵਿਚਾਰਧਾਰਾ ਦੇ ਉਲਟ ਪੰਜ ਦਹਾਕੇ ਬਾਅਦ ਵੀ ਐਸਾ ਨਹੀਂ ਹੋਇਆ। ਜਦੋਂ ਰੂਸ-ਯੁਕਰੇਨ ਦੀ ਜੰਗ ਗੰਭੀਰ ਰੁਖ ਧਾਰਨ ਕਰਦੀ ਜਾ ਰਹੀ ਹੈ ਤੇ ਐਟਮੀ ਹਥਿਆਰ ਵਰਤਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਫਿਰ ਇਸ ਦਾ ਅਰਥ ਕੀ ਹੋਇਆ?ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਨੇ ਰੂਸ ਦੇ ਖ਼ਿਲਾਫ਼ ਨਵੀਆਂ ਪਾਬੰਦੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅੰਤਰਰਾਸ਼ਟਰੀ ਸ਼ਾਂਤੀ ਲਈ ਵੱਡਾ ਖਤਰਾ ਹਨ ਤੇ ਜੇ ਰੂਸ-ਅਮਰੀਕਾ ਵਿਚਾਲੇ ਲੜਾਈ ਹੋਈ ਤਾਂ ਇਹ ਵਰਲਡ ਵਾਰ-3 ਹੋਵੇਗੀ? ਰੱਬ ਨਾ ਕਰੇ ਕਿ ਰੂਸ-ਯੂਕ੍ਰੇਨ ਦੇ ਯੁੱਧ ਦੌਰਾਨ ਜਾਂ ਕਿਸੇ ਵੀ ਕੋਨੇ ਵਿੱਚਐਟਮੀ ਸ਼ਕਤੀ ਦੀ ਗਲਤ ਵਰਤੋਂ ਕਿਸੇ ਵੀ ਮੁੱਦੇ ਬਾਰੇ ਕਿਸੇ ਦੇਸ਼ ਜਾਂ ਸੰਗਠਨਾਂ ਵੱਲੋਂ ਕੀਤੀ ਗਈ ਤਾਂ ਮਨੁੱਖਤਾ ਦਾ ਵਿਨਾਸ਼ ਹੋ ਸਕਦਾ ਹੈ। ਇਸ ਪ੍ਰਸੰਗ ਵਿੱਚ ਕੀ ਭਾਰਤ ਵਾਸਤੇ ਐਟਮੀ ਹਥਿਆਰਾਂ ਦੀ ਵਰਤੋਂ ਸੰਬੰਧੀ ਸੰਨ 1998 ਵਿੱਚ ਤਹਿ ਕੀਤੀ ਰਣਨੀਤੀ ਵਿੱਚ ਕੋਈ ਪਰਿਵਰਤਨ ਦੀ ਲੋੜ ਹੈ?

ਜਦੋਂ ਸੰਨ 1998 ਵਿੱਚ ਪੋਖਰਨ ਟੈਸਟ-2 ਕਰਨ ਪਿੱਛੋਂ ਭਾਰਤ ਇੱਕ ਐਟਮੀਤਾਕਤ ਵਾਲੇ ਦੇਸ਼ ਵਜੋਂ ਉੱਭਰ ਕੇ ਸਾਹਮਣੇ ਆਇਆ ਤਾਂ ਪੂਰੇ ਵਿਸ਼ਵ ਵਿੱਚ ਹਲਚਲ ਮੱਚ ਗਈ। ਓਦੋਂ ਵਾਜਪਾਈ ਸਰਕਾਰ ਦੇ ਦਲੇਰੀ, ਹਿੰਮਤ ਅਤੇ ਦੂਰਅੰਦੇਸ਼ੀ ਵਾਲੇ ਫੈਸਲੇ ਪਿੱਛੋਂ ਕਈ ਪ੍ਰਗਤੀਸ਼ੀਲ/ਪ੍ਰਭਾਵਸ਼ਾਲੀ ਦੇਸ਼ਾਂ ਨੇ ਭਾਰਤ ਉਪਰ ਆਰਥਿਕ ਸਹਾਇਤਾ ਉੱਤੇ ਜਾਂ ਸਹਿਯੋਗ ਨਾ ਦੇਣ ਦੀਆਂ ਰੋਕਾਂ ਲਾਈਆਂ ਅਤੇ ਦੇਸ਼ ਨੂੰ ਆਰਜ਼ੀ ਤੌਰ ਉੱਤੇ ਕਈ ਔਕੜਾਂ ਜਾ ਸਾਹਮਣਾ ਕਰਨਾ ਪਿਆ ਸੀ। ਇਸ ਦਾ ਲਾਭ ਓਦੋਂ ਹੋਇਆ ਜਦੋਂ ਡਾ. ਮਨਮੋਹਨ ਸਿੰਘ ਸਰਕਾਰ ਨੂੰ ਅਮਰੀਕਾ ਤੇ ਬਾਕੀ ਏਜੰਸੀਆਂ/ਸੰਸਥਾਵਾਂ ਨਾਲ ਗੈਰ-ਫੌਜੀ ਐਟਮੀਸਮਝੌਤਾ ਕਰਦੇ ਸਮੇਂ ਭਾਰਤ ਨੂੰ ਐਟਮੀ ਸ਼ਕਤੀ ਵਾਲੇ ਦੇਸ਼ ਵਜੋਂ ਮਾਨਤਾ ਮਿਲੀ। ਉਸ ਸਮੇਂ ਦੀ ਐਨ ਡੀ ਏ ਗੱਠਜੋੜ ਦੀ ਸਰਕਾਰ ਨੇ ਐਟਮੀ ਤਜਰਬੇ ਉਪਰ ਆਪਣੇ-ਆਪ ਰੋਕਾਂ ਦੇ ਨਾਲ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਪਹਿਲ ਨਾ ਕਰਨ ਭਾਵ 'ਨੋ ਫਰੂਟ ਜੂਸ' (ਐਨ ਐਫ ਯੂ) ਕਰਨ ਬਾਰੇ



ਵੀ ਫੈਸਲਾ ਲਿਆ ਸੀ।

ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ਵ ਵਿੱਚ ਵਿਸ਼ੇਸ਼ ਤੌਰ ਉੱਤੇ ਭਾਰਤੀ ਉਪ-ਮਹਾਦੀਪ ਵਿੱਚ ਤੇਜ਼ੀ ਨਾਲ ਬਦਲਦੇ ਹਾਲਾਤ ਕਾਰਨ ਕੀ ਭਾਰਤ ਦੀ ਐਟਮੀ ਹਥਿਆਰਾਂ ਸੰਬੰਧੀ ਨੀਤੀ ਵਿੱਚ ਬਦਲਾਅ ਦੀ ਲੋੜ ਹੈ? ਲੋੜ ਇਸ ਗੱਲ ਦੀ ਵੀ ਹੈ ਕਿ ਅਗਲੇ ਸਮੇਂ ਵਿੱਚ ਸੰਭਾਵਿਤ ਯੁੱਧ ਬਾਰੇ ਸੋਚਦੇ ਸਮੇਂ ਪਾਕਿਸਤਾਨ ਨੂੰ ਗੁਆਂਢੀ ਦੇਸ਼ਾਂ ਤੋਂ ਨਿਖੇੜ ਕੇ ਕਿਆਫੇ ਨਹੀਂ ਲਾਉਣੇ ਚਾਹੀਦੇ।ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਭਾਰਤ-ਚੀਨ ਦੇਵਿਚਾਲੇਐਟਮੀ ਸਥਿਰਤਾ ਦੇ ਸੰਕੇਤ ਹਨ? ਵਿਸ਼ੇਸ ਤੌਰ ਉੱਤੇ ਜਦੋਂ ਭਾਰਤ-ਚੀਨ ਸਰਹੱਦ ਉੱਤੇ ਤਣਾਅ ਵਾਲੀ ਸਥਿਤੀ ਹੈ ਅਤੇ ਚੀਨ ਨੇ ਆਪਣੇ ਰੱਖਿਆ ਬਜਟ ਨੂੰ 7.1 ਫੀਸਦੀ ਵਧਾਉਣ ਦਾ ਐਲਾਨ ਕੀਤਾ ਹੈ ਅਤੇ ਸਾਲ 2022-23 ਦਾ 17.57 ਲੱਖ ਕਰੋੜ ਦਾ ਅਨੁਮਾਨ ਹੈ, ਜਦੋਂ ਕਿ ਭਾਰਤ ਦਾ ਰੱਖਿਆ ਬਜਟ ਕੇਵਲ 5.25 ਲੱਖ ਕਰੋੜ ਹੈ।ਇਹ ਵੀ ਸਪੱਸ਼ਟ ਹੋ ਚੁੱਕਾ ਹੈ ਕਿ ਮਿਆਂਮਾਰ ਤੇਜ਼ੀ ਨਾਲ ਐਟਮੀ ਬੰਬ ਬਣਾਉਣਰੁੱਝਾ ਹੋਇਆ ਹੈ। ਇਹ ਵੀ ਹਕੀਕਤ ਹੈ ਕਿ ਜਦੋਂ ਪਾਕਿਸਤਾਨ ਦੇ ਵਿਗਿਆਨੀ 'ਏ ਕਿਊ ਖਾਨ' ਨੂੰ ਕੈਦ ਕੀਤਾ ਗਿਆ ਤਾਂ ਉਸ ਦੇ ਦੋ ਹੋਰ ਸਾਥੀਆਂ ਨੇ ਮਿਆਂਮਾਰ ਵਿੱਚ ਪਨਾਹ ਲੈ ਲਈ ਸੀ ਤੇ ਉਹ ਅੱਜ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਸਹਾਈ ਹੋ ਰਹੇ ਹਨ। ਇਹ ਵੀ ਸਿੱਧ ਹੋ ਗਿਆ ਹੈ ਕਿ ਚੀਨ, ਉਤਰੀ ਕੋਰੀਆ ਤੇ ਪਾਕਿਸਤਾਨ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਤਕਨਾਲੋਜੀ, ਐਟਮੀ ਬਾਲਣ ਤੇ ਹੋਰ ਹਰ ਕਿਸਮ ਦੀ ਮਦਦ ਦੇਣ ਵਿੱਚ ਸਹਾਈ ਹੋ ਰਹੇ ਹਨ। ਭਾਰਤੀ ਸਰਹੱਦ ਤੋਂ ਕਰੀਬ 850 ਕਿਲੋਮੀਟਰ ਦੂਰੀ ਉੱਤੇ ਮਿਆਂਮਾਰ ਅੰਦਰ 'ਕਛੂਆ ਦਾ ਕਵਚ' (ਕੋਡ ਵਰਡ) ਦੇ ਨਾਂ ਅਧੀਨ 800 ਸੁਰੰਗਾਂ ਵੀ ਪੁੱਟੀਆਂ ਜਾ ਰਹੀਆਂ ਹਨ। ਭਾਰਤ ਦੇ ਮਿਆਂਮਾਰ ਦੀ ਫ਼ੌਜ ਅਤੇ ਜਨਤਾ ਨਾਲ ਸੰਬੰਧ ਤਾਂ ਸੁਖਾਵੇਂ ਹਨ, ਪਰ ਕੀ ਸਾਡੀ ਸਰਕਾਰ ਮਿਆਂਮਾਰ ਉੱਤੇਐਟਮੀ ਹਥਿਆਰ ਤਿਆਰ ਕਰਨ ਉੱਤੇ ਕੋਈ ਰੋਕ ਲਾ ਸਕਦੀ ਹੈ?

ਇਸ ਵਿੱਚ ਸ਼ੱਕ ਨਹੀਂ ਕਿ ਪਾਕਿ-ਸਤਾਨ ਸੁਭਾਵਕ ਤੌਰ ਉੱਤੇ ਅਜਿਹਾ ਦੇਸ਼ ਹੈ ਜਿਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਐਟਮੀ ਹਥਿਆਰਾਂ ਦੀ ਦੌੜ ਵਿੱ-ਚਇਹ ਦੇਸ਼ ਵੱਧ ਖਤਰਨਾਕ ਸਿੱਧ ਹੋ ਸਕਦਾ ਹੈ। ਜੇ ਪਾਕਿਸਤਾਨ ਦੇ ਹਾਕਮ ਗਿੱਦੜ-ਭਬਕੀਆਂ ਮਾਰਦੇ ਹੋਣ ਤਾਂ ਕੀ ਹੋ ਸਕਦਾ ਹੈ? ਜੇਹਾਦੀ ਅਵਾਮ ਲੋੜ ਪੈਣ ਉੱਤੇ ਪਾਕਿਸਤਾਨ ਸਰਕਾਰ ਨੂੰ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਮਜ਼ਬੂਰ ਕਰ ਦੇਵੇ ਜਾਂ ਅੱਤਵਾਦੀ ਜਥੇਬੰਦੀਆਂ 9/11 ਤੇ 26/11 ਦੀ ਤਰ੍ਹਾਂ ਖੁਦ ਕੋਈ ਅਨੋਖੀ ਕਾਰਵਾਈ ਸ਼ੁਰੂ ਕਰਨ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਠੇਸ ਪਹੁੰਚੇ। ਉਂਝ ਤਾਂ ਐਟਮੀ ਬੰਬਾਂ ਦੀ ਵਰਤੋਂ ਦੇ ਅਧਿਕਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕੋਲ ਹਨ, ਪਰ ਐਟਮੀ ਸ਼ਸਤਰਘਰਾਂ ਦੀ ਅਸਲੀ ਚਾਬੀ ਤਾਂ ਉਥੋਂ ਦੀ ਫੌਜ ਕੋਲ ਹੀ ਹੈ।

ਕੋਈ ਵੀ ਐਟਮੀ ਸਮਰੱਥਾ ਵਾਲੀ ਮਹਾਂਸ਼ਕਤੀ ਐਟਮੀ ਹਥਿਆਰਾਂ ਤੇ ਕੈਮੀਕਲ ਵਸੀਲਿਆਂ ਦਾ ਵਰਤੋਂ ਕਰਨ ਦੀ ਅਵਸਥਾ ਵਿੱਚ ਪਹਿਲ ਕਰਨ ਦੀ ਪ੍ਰਤਿੱਗਿਆ ਤਦੇ ਕਰਦੀ ਹੈ ਜਦੋਂ ਉਸ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇ ਤੇ ਉਸ ਨੂੰ ਅਹਿਸਾਸ ਹੋਵੇ ਕਿ ਉਸ ਕੋਲ ਰਵਾਇਤੀ ਸ਼ਕਤੀ ਇੰਨੀ ਹੈ ਕਿ ਉਸ ਨੂੰ ਲੜਾਈ ਮੌਕੇਐਟਮੀ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ ਪਵੇਗੀ। ਕੀ ਭਾਰਤ ਦੀ ਰਿਵਾਇਤੀ ਬੇਹਤਰੀ ਇੰਨੀ ਹੈ ਕਿ ਅਸੀਂ ਚੀਨ ਦੀਆਂ ਰਵਾਇਤੀ ਤਾਕਤਾਂ ਨੂੰ ਠੱਲ੍ਹ ਪਾ ਸਕੀਏ ਤੇ ਪਾਕਿਸਤਾਨ ਨੂੰ ਡਰਾ ਕੇ ਸਬਕ ਸਿਖਾਉਣ ਦੀ ਸਾਡੇ ਕੋਲ ਤਾਕਤ ਹੋਵੇ?

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੋਖਰਾਨ ਵਿਖੇ 16 ਅਗਸਤ 2019 ਨੂੰ ਕਿਹਾ ਸੀ ਕਿ "ਭਾਰਤ ਨੇ ਅਜੇ ਤੱਕ ਐਟਮੀ ਹਥਿਆਰਾਂ ਦੀ ਪ੍ਰਯੋਗ ਦੀ ਪਹਿਲ ਨਾ ਕਰਨ ਵਾਲੀ ਨੀਤੀ ਰੱਖੀ ਹੈ ਪਰ ਅੱਗੋਂ ਹਾਲਤ ਉੱਤੇ ਨਿਰਭਰ ਕਰੇਗਾ।" ਇਸ ਸਮੇਂ ਭਾਰਤ ਦੇ ਗੁਆਂਢੀ ਦੇਸ਼ਾਂ ਵੱਲੋਂ ਆਪਣੀ ਰਵਾਇਤੀ ਅਤੇ ਐਟਮੀ ਸ਼ਕਤੀ ਨੂੰ ਠੋਸ ਬਣਾਉਣ ਲਈ ਹਰ ਸੰਭਵ ਹੀਲੇ-ਵਸੀਲੇ ਵਰਤੇ ਜਾ ਰਹੇ ਹਨ। ਸਮੇਂ ਦੀ ਲੋੜ ਹੈ ਕਿ 'ਐਟਮੀ 'ਸਵੈ-ਰੱਖਿਅਕ' ਵਾਲੇ ਸਿਧਾਂਤ ਨੂੰ ਮੁੱਖ ਰੱਖਦਿਆਂ, ਰੱਖਿਅਕ ਹਥਿਆਰਾਂ ਦੇ ਨਵ-ਨਿਰਮਾਣ ਐਟਮੀ ਠਿਕਾਣਿਆਂ ਦੀ ਦੇਖ-ਰੇਖ ਅਤੇ ਲੋੜ ਪੈਣ ਉੱਤੇਐਟਮੀ ਸ਼ਕਤੀ ਦਾ ਇਸਤੇਮਾਲ ਕਰਨ ਸੰਬੰਧੀ ਇੱਕ ਵਿਸ਼ਾਲ, ਦਲੇਰਾਨਾ ਅਤੇ ਦ੍ਰਿੜਤਾ ਭਰੀ ਉਸਾਰੂ ਰਣਨੀਤੀ ਤਿਆਰ ਕਰਨ ਖਾਤਰ ਐਨ ਐਫ ਯੂ ਉੱਤੇ ਮੁੜ ਤੋਂ ਵਿਚਾਰ ਕੀਤੀ ਜਾਵੇ। ਇਸ ਵਿੱਚ ਸਮੁੱਚੇ ਦੇਸ਼ ਦੀ ਭਲਾਈ ਹੋਵੇਗੀ।

# ਹਿੰਮਤ ਦੀ ਜਿੱਤ: ਵਿਲਮਾ ਰੁਡੋਲਫ਼

-ਪ੍ਰਿੰ. ਸਰਵਣ ਸਿੰਘ

ਵਿਸ਼ਵ ਦੇ ਮਹਾਨ ਖਿਡਾਰੀ 2





ਬੰਦੇ ਦੀ ਸਭ ਤੋਂ ਵੱਡੀ ਤਾਕਤ ਹੈ ਹਿੰਮਤ ਅਤੇ ਕੁਝ ਕਰਨ ਦੀ ਤੀਬਰ ਇੱਛਾ ਤੇ ਦ੍ਰਿੜ ਇਰਾਦਾ। ਜਿਥੇ ਇੱਛਾ, ਦ੍ਰਿੜ ਇਰਾਦਾ, ਹਿੰਮਤ ਤੇ ਹੌਂਸਲਾ ਹੋਵੇ ਉਥੇ ਕੁਝ ਵੀ ਕੀਤਾ ਜਾ ਸਕਦਾ ਹੈ। ਸੁਫ਼ਨੇ ਹਕੀਕਤਾਂ ਵਿਚ ਬਦਲੇ ਜਾ ਸਕਦੇ ਹਨ, ਬੰਜਰਾਂ ’ਚ ਬਾਗ਼ ਖਿੜਾਏ ਜਾ ਸਕਦੇ ਤੇ ਉਜਾੜਾਂ ਨੂੰ ਬਹਾਰਾਂ ’ਚ ਬਦਲਿਆ ਜਾ ਸਕਦਾ ਹੈ। ਗ਼ਰੀਬ, ਨਿਤਾਣੇ, ਅਪਾਹਜ ਤੇ ਅਣਗੌਲੇ ਬੱਚੇ ਵੀ ਜੇ ਹਿੰਮਤ ਕਰਨ ਤਾਂ ਉਹ ਜੋ ਨਹੀਂ ਸੋ ਕਰ ਸਕਦੇ ਹਨ। ਇਸੇ ਪਰਸੰਗ ਵਿਚ ‘ਟਰੈਕ ਦੀ ਰਾਣੀ’ ਅਮਰੀਕਨ ਅਥਲੀਟ ਵਿਲਮਾ ਰੁਡੋਲਫ਼ ਦੀ ਬਾਤ ਪਾਉਣੀ ਵਾਜਬ ਹੋਵੇਗੀ। ਉਸ ਨੂੰ ਰੋਮ ਓਲੰਪਿਕਸ ਦੇ ਦਰਸ਼ਕਾਂ ਨੇ ‘ਟਰੈਕ ਦੀ ਮੁਰਗਾਬੀ’ ਦਾ ਖ਼ਿਤਾਬ ਦਿੱਤਾ ਸੀ ਤੇ ਫਰਾਂਸੀਸੀਆਂ ਨੇ ਉਸ ਨੀਗਰੋ ਕੁੜੀ ਨੂੰ ‘ਕਾਲਾ ਮੋਤੀ’ ਕਹਿ ਕੇ ਵਡਿਆਇਆ ਸੀ। ਫਿਰ ਕਿਸੇ ਨੇ ਉਸ ਨੂੰ ‘ਟਾਰਨਾਡੋ’ ਕਿਹਾ ਤੇ ਕਿਸੇ ਨੇ ‘ਟ੍ਰੈਕ ਸਟਾਰ’।

ਹਾਸ਼ਮ ਸ਼ਾਹ ਦਾ ਕਥਨ ‘ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ’ ਵਿਲਮਾ ’ਤੇ ਇੰਨ ਬਿੰਨ ਢੁੱਕਦੈ। ਓਲੰਪਿਕ ਸਟਾਰ ਵਿਲਮਾ ਰੁਡੋਲਫ਼ ਦੀ ਬਾਤ ਪਾਉਂਦਿਆਂ ਮਨ ’ਚ ਆਉਂਦੈ, “ਕੀ ਇੰਜ ਵੀ ਹੋ ਸਕਦੈ? ਗਰੀਬ ਘਰ ਦੀ ਅਪਾਹਜ ਅਤੇ ਬਿਮਾਰ ਰਹਿੰਦੀ ਬੱਚੀ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੀ ਐ ਤੇ ਇਕੋ ਓਲੰਪਿਕਸ ਵਿਚੋਂ ਤਿੰਨ ਗੋਲਡ ਮੈਡਲ ਜਿੱਤ ਸਕਦੀ ਐ!” ਮਨ ਫੇਰ ਆਪੇ ਈ ਆਖਦੈ, “ਕਿਉਂ ਨਹੀਂ ਹੋ ਸਕਦਾ? ਜੋ ਵਿਲਮਾ ਨੇ ਕਰ ਵਿਖਾਇਐ, ਹੋਰ ਬੱਚੇ ਵੀ ਕਰ ਸਕਦੇ ਨੇ ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤ ਕਰਨ।”

ਵਿਲਮਾ ਟੱਬਰ ਦੇ ਵਧੇਰੇ ਜੀਆਂ ਵਾਲੇ ਗ਼ਰੀਬ ਪਰਿਵਾਰ ਦੀ ਬੱਚੀ ਸੀ। ਉਸ ਦਾ ਪਿਤਾ ਰੇਲਵੇ ਦਾ ਕੁਲੀ ਸੀ ਜਿਸ ਦਾ ਕੰਮ ਮੁਸਾਫ਼ਰਾਂ ਦਾ ਭਾਰ ਢੋਣਾ ਸੀ। ਉਸ ਦੇ ਦੋ ਵਿਆਹਾਂ ’ਚੋਂ ਬਾਈ ਬੱਚੇ ਸਨ ਜਿਨ੍ਹਾਂ ’ਚ ਵਿਲਮਾ ਵੀਹਵੇਂ ਥਾਂ ਸਤਮਾਹੀ ਜੰਮੀ ਸੀ। ਜੰਮਣ ਸਮੇਂ ਉਸ ਦਾ ਵਜ਼ਨ ਸਿਰਫ਼ ਸਾਢੇ ਚਾਰ ਪੌਂਡ ਸੀ। ਝੀਖ ਜਿਹੀ ਉਸ ਬੱਚੀ ਦੇ ਬਚਣ ਦੀ ਆਸ ਘੱਟ ਹੀ ਸੀ। ਐਡੇ ਪਰਿਵਾਰ ’ਚ ਬੱਚਿਆਂ ਦੀ ਪਾਲਣਾ-ਪੋਸ਼ਣਾ ਕਿਹੋ ਜਿਹੀ ਹੁੰਦੀ ਹੋਵੇਗੀ ਉਹਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ। ਪਰ ਬਲਿਹਾਰੇ ਜਾਈਏ ਬੰਦੇ ਅੰਦਰ ਸੁੱਤੀਆਂ ਸੰਭਾਵਨਾਵਾਂ ਦੇ! ਵਿਲਮਾ ਦੀ ਬਾਤ ਕਮਜ਼ੋਰ, ਬਿਮਾਰ ਤੇ ਅਪਾਹਜ ਬੱਚਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੀ ਹੈ।

ਵਿਲਮਾ ਚਹੁੰ ਸਾਲਾਂ ਦੀ ਸੀ ਕਿ ਪੋਲੀਓ ਨਾਲ ਉਹਦੀ ਖੱਬੀ ਲੱਤ ਗ੍ਰਹਿਣੀ ਗਈ ਤੇ ਪੈਰ ਵਿੰਗਾ ਹੋ ਗਿਆ। ਫਿਰ ਮੋਹਰਕੇ ਦਾ ਤਾਪ ਚੜ੍ਹਿਆ ਅਤੇ ਡਬਲ ਨਮੂਨੀਆ ਹੋ ਗਿਆ। ਦੇਸੀ ਇਲਾਜ ਨਾਲ ਮੰਜੇ ਤੋਂ ਤਾਂ ਉਠ ਖੜ੍ਹੀ ਹੋਈ ਪਰ ਉਹਦਾ ਵਧੇਰੇ ਸਮਾਂ ਭੁੰਜੇ ਘਿਸਰਦਿਆਂ ਹੀ ਬੀਤਦਾ। ਬਿਮਾਰੀ ਨੇ ਉਸ ਬੱਚੀ ਨੂੰ ਅਪੰਗ ਬਣਾ ਦਿੱਤਾ ਜਿਸ ਵਿਚ ਉਹਦਾ ਆਪਣਾ ਕੋਈ ਕਸੂਰ ਨਹੀਂ ਸੀ। ਟੀਵੀ ਦੀ ਸਕਰੀਨ ਉਤੇ ਉਹ ਬੱਚਿਆਂ ਨੂੰ ਛਾਲਾਂ ਦੁੜੰਗੇ ਲਾਉਂਦਿਆਂ ਵੇਖਦੀ ਤਾਂ ਉਹਦਾ ਮਨ ਵੀ ਦੁੜੰਗੇ ਲਾਉਣ ਨੂੰ ਮਚਲਦਾ ਪਰ ਉਹਦੀ ਕੋਈ ਪੇਸ਼ ਨਾ ਜਾਂਦੀ। ਭੈਣਾਂ ਉਹਨੂੰ ਸਕੂਲੇ ਲੈ ਜਾਂਦੀਆਂ ਜਿਥੇ ਉਹ ਬਾਸਕਟਬਾਲ ਖੇਡਦੀਆਂ ਕੁੜੀਆਂ ਨੂੰ ਵੇਖ ਕੇ ਤਾੜੀਆਂ ਮਾਰਦੀ।

ਫਿਰ ਇਕ ਮਾਲਸ਼ੀਏ ਨੇ ਪਰਿਵਾਰ ਨੂੰ ਦੱਸਿਆ, ਜੇ ਵਿਲਮਾ ਦੀਆਂ ਲੱਤਾਂ ਦੀ ਬਾਕਾਇਦਾ ਮਾਲਸ਼ ਕੀਤੀ ਜਾਵੇ ਤਾਂ ਉਹ ਚੱਲ ਸਕਦੀਆਂ ਤੇ ਤਕੜੀਆਂ ਵੀ ਹੋ ਸਕਦੀਆਂ। ਉਸ ਦੀ ਦੱਸੀ ਵਿਧੀ ਅਨੁਸਾਰ ਵਿਲਮਾ ਦੀਆਂ ਮਾਲਸ਼ਾਂ ਕੀਤੀਆਂ ਜਾਣ ਲੱਗੀਆਂ। ਉਹ ਲੰਗੜਾਅ ਕੇ ਤੁਰਨ ਲੱਗ ਪਈ ਤੇ ਬੱਚਿਆਂ ਨਾਲ ਮਾੜਾ ਮੋਟਾ ਖੇਡਣ ਮੱਲ੍ਹਣ ਵੀ ਲੱਗੀ। ਉਹਦੇ ਪੈਰ ’ਚ ਆਰਥੋ ਬੂਟ ਪੁਆ ਕੇ ਕਸਰਤਾਂ ਕਰਾਈਆਂ ਤਾਂ ਉਹਦੀ ਪੋਲੀਓ ਮਾਰੀ ਲੱਤ ਵੀ ਚੱਲ ਪਈ। ਬੱਚਿਆਂ ਨੂੰ ਖੇਡਦਿਆਂ ਵੇਖ ਉਹਦਾ ਮਨ ਵੀ ਖੇਡਣ ਲਈ ਉਤੇਜਿਤ ਹੋ ਜਾਂਦਾ। ਉਹ ਲੰਗੜਾਅ ਕੇ ਦੌੜਦੀ ਪਰ ਦੌੜਦਿਆਂ ਡਿੱਗ ਪੈਂਦੀ। ਫਿਰ ਉਠਦੀ, ਫਿਰ ਦੌੜਦੀ ਤੇ ਫਿਰ ਡਿੱਗਦੀ। ਉਹ ਹਿੰਮਤੀ ਬਹੁਤ ਸੀ। ਡਿੱਗਣ ਢਹਿਣ ਦੀ ਪਰਵਾਹ ਕੀਤੇ ਬਿਨਾਂ ਉਹ ਕਸਰਤਾਂ ਕਰੀ ਗਈ ਤੇ ਖੇਡ ਅਭਿਆਸ ਕਰਦਿਆਂ ਬਾਸਕ-ਟਬਾਲ ਦੀ ਚੰਗੀ ਖਿਡਾਰਨ ਬਣ ਗਈ। ਉਸ ਦਾ ਕੱਦ ਵੀ ਕਾਫੀ ਲੰਮਾ ਹੋ ਗਿਆ ਜੋ ਬਾਸਕਟਬਾਲ ਖੇਡਣ ਦੇ ਵਧੇਰੇ ਯੋਗ ਸੀ। ਆਖ਼ਰ ਉਹ ਸਕੂਲ ਦੀ ਬਾਸਕਟਬਾਲ ਟੀਮ ਵਿਚ ਚੁਣੀ ਗਈ ਤੇ ਸਟੇਟ ਪੱਧਰ ਤਕ ਖੇਡੀ। ਉਹ ਦਸਵੀਂ ’ਚ ਪੜ੍ਹਦੀ ਸੀ ਜਦੋਂ ਦੌੜਾਂ ਦੇ ਕੋਚ ਐਡ ਟੈਂਪਲ ਦੀ ਨਜ਼ਰੇ ਚੜ੍ਹੀ। ਉਹ ਉਹਦੇ ਅਸਾਧਾਰਨ ਲੰਮੇ ਕਦਮਾਂ ਤੋਂ ਹੈਰਾਨ ਸੀ!

ਅਜੇ ਉਹ ਪੰਦਰਵੇਂ ਸਾਲ ’ਚ ਸੀ ਕਿ ਉਹਦਾ ਕੱਦ ਛੇ ਫੁੱਟ ਉੱਚਾ ਹੋ ਗਿਆ। ਉਹ ਪੋਲੀਓ ਵਾਲੀ ਲੱਤ ’ਤੇ ਜੁਰਾਬ ਚੜ੍ਹਾ ਕੇ ਰੱਖਦੀ। ਪੋਲੀਓ ਨਾਲ ਵਿੰਗਾ ਹੋਇਆ ਪੈਰ ਉਸ ਨੇ ਵਿਸ਼ੇਸ਼ ਬੂਟ ਪਾ ਕੇ ਸਿੱਧਾ ਕਰ ਲਿਆ ਸੀ। ਉਸ ਦੀਆਂ ਲੱਤਾਂ, ਉਪਰਲੇ ਜੁੱਸੇ ਦੀ ਨਿਸਬਤ ਲੰਮੇਰੀਆਂ ਸਨ। 1956 ’ਚ ਮੈਲਬੌਰਨ ਦੀਆਂ ਓਲੰਪਿਕ ਖੇਡਾਂ ਆਈਆਂ ਤਾਂ ਵਿਲਮਾ ਅਮਰੀਕਾ ਦੀ ਅਥਲੈਟਿਕਸ ਟੀਮ ਵਿਚ ਚੁਣੀ ਗਈ। ਸੋਲ੍ਹਵਾਂ ਜਨਮ ਦਿਨ ਉਸ ਨੇ ਮੈਲਬੌਰਨ ਵਿਚ ਮਨਾਇਆ। ਉਥੇ ਉਹ 4×100 ਮੀਟਰ ਰਿਲੇਅ ਦੌੜ ’ਚੋਂ ਤਾਂਬੇ ਦਾ ਤਮਗ਼ਾ ਜਿੱਤੀ। ਆਸਟ੍ਰੇਲੀਆ ਦੀ ਅਥਲੀਟ ਬੈਟੀ ਕਥਬਰਟ ਨੇ 100, 200 ਤੇ 400 ਮੀਟਰ ਦੌੜਾਂ ’ਚੋਂ ਸੋਨੇ ਦੇ ਤਗ਼ਮੇ ਜਿੱਤੇ ਤਾਂ ਵਿਲਮਾ ਨੇ ਮਨ ’ਚ ਧਾਰ ਲਿਆ ਕਿ ਹੋਰ ਚਹੁੰ ਸਾਲਾਂ ਤਕ ਰੋਮ ਦੀਆਂ ਓਲੰਪਿਕ ਖੇਡਾਂ ’ਚੋਂ ਉਹ ਵੀ ਬੈਟੀ ਕਥਬਰਟ ਵਾਂਗ ਤਿੰਨ ਗੋਲਡ ਮੈਡਲ ਜਿੱਤ ਕੇ ਵਿਖਾਵੇਗੀ!

ਐਡ ਟੈਂਪਲ ਦੀ ਕੋਚਿੰਗ, ਵਿਲਮਾ ਦੀ ਲਗਨ, ਮਿਹਨਤ ਤੇ ਸਿਰੜ ਨੇ ਚੰਗੇ ਸਿੱਟੇ ਕੱਢੇ। ਵਿਲਮਾ ਜਿਸ ਮੁਕਾਬਲੇ ਵਿਚ ਵੀ ਜਾਂਦੀ ਧੰਨ-ਧੰਨ ਕਰਾ ਕੇ ਮੁੜਦੀ। ਮੁਰਗ਼ਾਬੀ ਵਾਂਗ ਟਰੈਕ ਦੀਆਂ ਤਾਰੀਆਂ ਲਾਉਂਦੀ। ਉਹਦਾ ਰੰਗ ਪੱਕਾ ਸੀ ਜੋ ਧੁੱਪਾਂ ’ਚ ਤਪ ਕੇ ਲੋਹੇ-ਰੰਗੀ ਭਾਅ ਮਾਰਨ ਲੱਗ ਪਿਆ ਸੀ। ਨੈਣ ਨਕਸ਼ ਭਾਵੇਂ ਦਿਲਖਿਚਵੇਂ ਨਹੀਂ ਸਨ ਪਰ ਚਾਲ ਢਾਲ ਵਿਚ ਬੜੀ ਖਿੱਚ ਸੀ। ਉਹਦਾ ਨੱਕ ਨਿੱਕਾ ਤੇ ਮੋਟਾ ਸੀ ਪਰ ਸਿਹਲੀਆਂ ਤਰਾਸ਼ ਕੇ ਰੱਖਦੀ ਸੀ। ਬਾਹਾਂ ਪਤਲੀਆਂ ਤੇ ਸਿਰ ਉਤੇ ਨਿੱਕੇ ਪਟੇ ਸਨ ਜੋ ਦੌੜਦਿਆਂ ਨਿੱਕੀਆਂ ਨਿੱਕੀਆਂ ਛਾਲਾਂ ਮਾਰਦੇ।

ਰੋਮ ਦੀਆਂ ਓਲੰਪਿਕ ਖੇਡਾਂ-1960 ਲਈ ਵਿਲਮਾ ਫਿਰ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਮਸ਼ਹੂਰ ਮੁੱਕੇਬਾਜ਼ ਮੁਹੰਮਦ ਅਲੀ ਦਾ ਨਾਂ ਉਦੋਂ ਕੈਸ਼ੀਅਸ ਕਲੇਅ ਸੀ ਅਤੇ ਉਹ ਵੀ ਅਮਰੀਕਾ ਦੇ ਦਲ ਵਿਚ ਸ਼ਾਮਲ ਸੀ। ਨੀਗਰੋ ਨਸਲ ਦੇ ਇਹ ਦੋਵੇਂ ਖਿਡਾਰੀ ਉਦੋਂ ਵੀਹਵੇਂ ਸਾਲ ਵਿਚ ਸਨ। ਬੈਟੀ ਵਾਂਗ ਸੋਨੇ ਦੇ ਤਿੰਨ ਤਗ਼ਮੇ ਜਿੱਤਣ ਦੀ ਚਿਣਗ ਉਸ ਨੂੰ ਟੇਕ ਨਹੀਂ ਸੀ ਆਉਣ ਦੇ ਰਹੀ। ਦੌੜ ਮੁਕਾਬਲੇ ਸ਼ੁਰੂ ਹੋਏ ਤਾਂ ਵਿਲਮਾ ਦਾ ਇਕ ਪੈਰ ਟੇਢਾ ਪੈ ਗਿਆ ਜਿਸ ਨਾਲ ਮੋਚ ਆ ਗਈ। ਪਰ ਉਹ ਪੈਰ ਦੇ ਦਰਦ ਨਾਲ ਵੀ ਦੌੜਦੀ ਗਈ ਤੇ ਆਪਣੀ ਹੀਟ ਵਿਚੋਂ ਪ੍ਰਥਮ ਆਈ। ਆਖ਼ਰ ਉਹ 100 ਮੀਟਰ ਦੌੜ ਦੇ ਫਾਈਨਲ ਵਿਚ ਅੱਪੜ ਗਈ। ਤਦ ਸਭ ਦੀਆਂ ਨਜ਼ਰਾਂ ਇਸ ਲੰਮੀ ਝੰਮੀ ਨੀਗਰੋ ਕੁੜੀ ਉਤੇ ਸਨ। ਸਟਾਰਟ ਦੇ ਫਾਇਰ ਨਾਲ ਉਹ ਗੋਲੀ ਵਾਂਗ ਨਿਕਲੀ ਤੇ 11.0 ਸਕਿੰਟ ਦੇ ਰਿਕ-ਾਰਡ ਸਮੇਂ ਨਾਲ ਸੋਨ-ਤਗ਼ਮਾ ਜਿੱਤ ਗਈ। ਫਿਰ 200 ਮੀਟਰ ਦੌੜ ਦਾ ਸੋਨ-ਤਗ਼ਮਾ ਵੀ ਜਿੱਤ ਗਈ ਤੇ 4+100 ਰੀਲੇਅ ਦੌੜ ਦਾ ਗੋਲਡ ਮੈਡਲ ਵੀ। 200 ਮੀਟਰ ਦਾ ਸਮਾਂ ਸੀ 23.2 ਸੈਕੰਡ ਤੇ ਰੀਲੇਅ ਦੌੜ ਦਾ 44.5 ਸੈਕੰਡ।

ਇਕੋ ਓਲੰਪਿਕਸ ’ਚੋਂ ਸੋਨੇ ਦੇ ਤਿੰਨ ਤਗਮੇ ਜਿੱਤਣ ਵਾਲੀ ਉਹ ਅਮਰੀਕਾ ਦੀ ਪਹਿਲੀ ਦੌੜਾਕ ਬਣੀ। ਅਪੰਗ ਤੋਂ ਓਲੰਪਿਕ ਚੈਂਪੀਅਨ ਬਣੀ ਉਸ ਲੜਕੀ ਨੇ ਸਾਰੀ ਦੁਨੀਆਂ ਵਿਚ ਬੱਲੇ ਬੱਲੇ ਕਰਾ ਦਿੱਤੀ। ਉਹਦੀਆਂ ਜਿੱਤਾਂ ਨੇ ਦੁਨੀਆ ਭਰ ’ਚ ਸੰਦੇਸ਼ ਦਿੱਤਾ ਕਿ ਜਨਮੋਂ ਕੋਈ ਕਿੰਨਾ ਵੀ ਕਮਜ਼ੋਰ ਜਾਂ ਬਚਪਨ ਵਿਚ ਕਿੰਨਾ ਵੀ ਬਿਮਾਰ ਕਿਉਂ ਨਾ ਰਿਹਾ ਹੋਵੇ, ਜੇਕਰ ਉਹਦੇ ਵਿਚ ਕੁਝ ਕਰ ਵਿਖਾਉਣ ਦਾ ਜਜ਼ਬਾ ਤੇ ਹਿੰਮਤ ਹੈ ਤਾਂ ਉਹ ਜੋ ਚਾਹੇ ਸੋ ਕਰ ਸਕਦੈ। ਪੰਜਾਬੀ ਦੇ ਕਵੀ ਧਨੀ ਰਾਮ ਚਾਤ੍ਰਿਕ ਦਾ ਵੀ ਕਥਨ ਹੈ: ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ। ਖੇਡ ਸਹੂਲਤਾਂ ਖਿਡਾਰੀਆਂ ਦੀ ਆਪੋ ਆਪਣੀ ਲਗਨ, ਮਿਹਨਤ, ਹਿੰਮਤ ਤੇ ਜਿੱਤਾਂ ਜਿੱਤਣ ਦੇ ਦ੍ਰਿੜਤਾ ਨੂੰ ਹੀ ਸਾਣ ਚਾੜ੍ਹਦੀਆਂ ਹਨ।

ਤੰਗੀਆਂ ਤੁਰਸ਼ੀਆਂ ਵਾਲੇ ਘਰ ਦੀ ਜੰਮੀ ਜਾਈ ਵਿਲਮਾ ਵਾਵਰੋਲੇ ਵਾਂਗ ਚੜ੍ਹੀ ਤੇ ਅੰਬਰਾਂ ’ਚ ਬਿਜਲੀ ਵਾਂਗ ਲਿਸ਼ਕੀ। ਉਹਦੀ ਚਮਕ ਦਮਕ ਨੇ ਸਾਧਨ ਸੰਪੰਨ ਤੇ ਸਾਧਨ ਵਿਹੂਣੇ ਸਭਨਾਂ ਲੋਕਾਂ ਨੂੰ ਚੁੰਧਿਆ ਦਿੱਤਾ। ਵਿਲਮਾ ਨੇ ਜੋ ਕੀਤਾ, ਆਪਣੇ ਇਰਾਦੇ, ਮਿਹਨਤ ਤੇ ਸਾਹਸ ਨਾਲ ਕੀਤਾ। ਜੇ ਕਿਤੇ ਅਸਫ਼ਲ ਹੋਈ ਤਾਂ ਵੀ ਆਪਣੀ ਕਿਸੇ ਕਮੀ ਕਮਜ਼ੋਰੀ ਕਾਰਨ ਹੋਈ। ਉਸ ਨੇ ਆਪਣੇ ਨਾਲ ਪੜ੍ਹਦੇ ਸਾਥੀ ਰੌਬਰਟ ਐਲਡਰਿਜ ਨਾਲ ਲਵ-ਮੈਰਿਜ ਕੀਤੀ। ਚਾਰ ਬੱਚੇ ਵੀ ਹੋਏ ਪਰ ਅਧੇੜ ਉਮਰ ਵਿਚ ਉਨ੍ਹਾਂ ਦੀ ਬਣ ਨਾ ਸਕੀ ਤੇ ਤਲਾਕ ਹੋ ਗਿਆ। ਅਮਰੀਕਾ ’ਚ ਤਲਾਕ ਸਾਧਾਰਨ ਵਰਤਾਰਾ ਸਮਝਿਆ ਜਾਂਦਾ ਹੈ। ਵੈਸੇ ਵਿਲਮਾ ਦੀ ਡੇਟਿੰਗ ਉਹਦੇ ਹਾਣ ਦੇ ਮੁਹੰਮਦ ਅਲੀ ਵੀ ਨਾਲ ਹੋਈ ਸੀ ਪਰ ਸੰਜੋਗ ਨਹੀਂ ਸਨ ਰਲ਼ੇ। ਉਂਜ ਅਲੀ ਨੇ ਵੀ ਚਾਰ ਵਿਆਹ ਕਰਾਏ ਜਦ ਕਿ ਵਿਲਮਾ ਨੇ ਦੋਂਹ ਨਾਲ ਹੀ ਸਾਰ ਲਿਆ! ਮੁਹੰਮਦ ਅਲੀ ਬਾਰੇ ਕਦੇ ਫੇਰ ਲਿਖਾਂਗਾ।

ਵਿਲਮਾ ਨੇ ਆਪਣੀ ਸਵੈ-ਜੀਵਨੀ ਲਿਖੀ ਅਤੇ ਹਾਲੀਵੁੱਡ ਨੇ ‘ਵਿਲਮਾ’ ਨਾਂ ਦੀ ਫ਼ਿਲਮ ਬਣਾਈ। ਉਸ ਨੇ ਆਪਣੇ ਜੀਵਨ ਵਿਚ ਕਈ ਕਿੱਤੇ ਅਪਣਾਏ ਤੇ ਕਈ ਛੱਡੇ। ਕਈ ਸ਼ਹਿਰਾਂ ਵਿਚ ਕਿਆਮ ਕੀਤਾ। ਕਦੇ ਇੰਡੀਅਨਐਪੋਲਿਸ, ਸੇਂਟ ਲੂਈਸ, ਡਿਟਰਾਇਟ ਤੇ ਕਦੇ ਸ਼ਿਕਾਗੋ। ਉਹ ਅਧਿਆਪਕ, ਲੈਕਚਰਾਰ, ਖੋਜਕਾਰ, ਕੁਮੈਂਟੇਟਰ, ਮਾਡਲ ਤੇ ਮਿਸ਼ਨਰੀ ਬਣੀ। ਤਲਾਕ ਹੋ ਜਾਣ ਪਿਛੋਂ ਉਸ ਨੇ ਵਿਲਮਾ ਰੁਡੋਲਫ਼ ਫਾਊਂਡੇਸ਼ਨ ਬਣਾਈ ਜਿਸ ਲਈ ਲੱਖਾਂ ਡਾਲਰ ਖ਼ੁਦ ਪਾਏ ਤੇ ਬਾਕੀ ’ਕੱਠੇ ਕੀਤੇ। ਇਹ ਫਾਊਂਡੇਸ਼ਨ ਸਾਧਨ ਵਿਹੂਣੇ ਬੱਚਿਆਂ ਨੂੰ ਸਾਧਨ ਮੁਹੱਈਆ ਕਰਦੀ ਹੈ ਤਾਂ ਜੋ ਜੀਹਦੇ ਅੰਦਰ ਵੀ ਅੱਗ ਦੀ ਚਿਣਗ ਮਘਣਾ ਚਾਹੁੰਦੀ ਹੈ, ਉਹ ਮਘ ਸਕੇ, ਜਗ ਸਕੇ ਤੇ ਆਪਣਾ ਆਲਾ ਦੁਆਲਾ ਰੁਸ਼ਨਾ ਸਕੇ।

1994 ਵਿਚ ਵਿਲਮਾ ਦੀ ਮਾਂ ਗੁਜ਼ਰ ਗਈ। ਉਸ ਤੋਂ ਤੁਰਤ ਬਾਅਦ ਵਿਲਮਾ ਨੂੰ ਆਪਣੇ ਬ੍ਰੇਨ ਟਿਊਮਰ ਦਾ ਪਤਾ ਲੱਗਾ। ਉਸ ਨੂੰ ਗਲੇ ਦਾ ਕੈਂਸਰ ਵੀ ਹੋ ਗਿਆ। ਇਲਾਜ ਦੇ ਬਾਵਜੂਦ 12 ਨਵੰਬਰ 1994 ਨੂੰ ਉਸ ਦਾ ਆਪਣੇ ਜੱਦੀ ਸ਼ਹਿਰ ਨੈਸ਼ਵਿਲੇ ਵਿਚ ਦੇਹਾਂਤ ਹੋ ਗਿਆ। ਉਸ ਦੀ ਮ੍ਰਿਤੂ ਦੇ ਸੋਗ ਵਿਚ ਟੈਨੈਸੀ ਸਟੇਟ ਦੇ ਝੰਡੇ ਝੁਕਾਏ ਗਏ। ਉਸ ਦੀ ਦੇਹ ਦਫਨਾਉਣ ਸਮੇਂ ਉਹਦੇ ਚਾਰੇ ਪੁੱਤਰ, ਅੱਠ ਪੋਤੇ ਪੋਤਰੀਆਂ ਤੇ ਦਰਜਨਾਂ ਰਿਸ਼ਤੇਦਾਰ ਮੌਜੂਦ ਸਨ। ਉਸ ਦੇ ਫੈਨ ਵੀ ਅਣਗਿਣਤ ਸਨ। ਉਸ ਨੂੰ ਜਿਉਂਦੇ ਜੀਅ ਅਨੇਕਾਂ ਅਵਾਰਡ ਮਿਲੇ ਸਨ। ਮਰਨ ਉਪਰੰਤ ਉਸ ਦੀ ਯਾਦ ਵਿਚ ਅਵਾਰਡ ਜਾਰੀ ਕੀਤੇ ਗਏ। ਇਕ ਅਵਾਰਡ ਦਾ ਨਾਂ ‘ਵਿਲਮਾ ਰੁਡੋਲਫ਼ ਹਿੰਮਤ ਅਵਾਰਡ’ ਹੈ ਜੋ ਪ੍ਰਸਿੱਧ ਮਹਿਲਾ ਅਥਲੀਟ ਜੈਕੀ ਜਾਇਨਰ ਕਰਸੀ ਨੂੰ ਮਿਲਿਆ। ਇਕ ਸਕੂਲ ਦਾ ਨਾਂ, ਇਕ ਸੜਕ ਦਾ ਤੇ ਇਕ ਸਟੇਡੀਅਮ ਦਾ ਨਾਂ ਵਿਲਮਾ ਰੁਡੋਲਫ਼ ਦੇ ਨਾਂ ਉਤੇ ਰੱਖੇ ਗਏ। ਉਹਦੀ ਯਾਦ ਵਿਚ ਉਹਦਾ ਤਾਂਬੇ ਦਾ ਬੁੱਤ ਸਥਾਪਤ ਕੀਤਾ ਗਿਆ ਤੇ ਡਾਕ ਟਿਕਟ ਜਾਰੀ ਕੀਤੀ ਗਈ। ਕਈ ਲੇਖਕਾਂ ਨੇ ਉਹਦੀਆਂ ਜੀਵਨੀਆਂ ਲਿਖੀਆਂ ਤੇ ਕਈ ਫਿਲਮ ਪ੍ਰੋਡਿਊਸਰਾਂ ਨੇ ਫਿਲਮਾਂ ਬਣਾਈਆਂ। ਉਹ ਹਿੰਮਤ ਦੇ ਹੌਂਸਲੇ ਦੀ ਸਾਕਾਰ ਮੂਰਤ ਸੀ। ਉਹਦੀ ਬਾਤ ਵਿਸ਼ਵ ਭਰ ਦੇ ਨਿਤਾਣੇ, ਨਿਮਾਣੇ, ਅਪਾਹਜ ਤੇ ਬਿਮਾਰ ਬੱਚਿਆਂ ਨੂੰ ਉਤਸ਼ਾਹਿਤ ਕਰਦੀ ਰਹੇਗੀ। ਉਨ੍ਹਾਂ ਅੰਦਰ ਵੀ ਅੰਬਰਾਂ ਨੂੰ ਛੂਹਣ ਦੀਆਂ ਅੰਗੜਾਈਆਂ ਜਨਮ ਲੈਣਗੀਆਂ ਜੋ ਗੁਜ਼ਰ ਗਈ ਵਿਲਮਾ ਰੁਡੋਲਫ਼ ਦੀ ਰੂਹ ਨੂੰ ਸਕੂਨ ਦੇਣਗੀਆਂ!

# ਆਪ’ ਸਰਕਾਰ ਸਾਹਮਣੇ ਵੱਡੀਆਂ ਚੁਣੌਤੀਆਂ, ਕੇਂਦਰ ਨਾਲ ਵੀ ਵੱਧ ਸਕਦੈ ਟਕਰਾਅ

## 'ਜੋ ਦਿਖਾ, ਸੋ ਲਿਖਾ'



ਬਿਨਾਂ ਸ਼ੱਕ ਪੰਜਾਬ ਵਿਧਾਨ ਸਭਾ ਦੇ 7 ਦਿਨਾਂ ਇਜਲਾਸ ਦੌਰਾਨ 92 ਵਿਧਾਇਕਾਂ ਦੇ ਮਜਬੂਤ ਬਹੁਮੱਤ ਵਾਲੀ ਭਗਵੰਤ ਮਾਨ ਦੀ ਸਰਕਾਰ ਵਲੋਂ ਭਰੋਸੇ ਦਾ ਵੋਟ ਹਾਸਿਲ ਕਰ ਲਿਆ ਹੈ। ਇਸ ਤਰਾਂ ਸਰਕਾਰ ਘੱਟੋ ਘੱਟ 6 ਮਹੀਨੇ ਲਈ ਸੁਰੱਖਿਅਤ ਸਮਝ ਸਕਦੀ ਹੈ। ਉਂਝ 'ਅਪਰੇਸ਼ਨ ਲੋਟਸ' ਦੀ ਪ੍ਰਮਾਣਿਕਤਾ ਬਾਰੇ ਹੀ ਬਹੁੱਤ ਸ਼ੰਕੇ ਉਠ ਰਹੇ ਨੇ। ਪਹਿਲਾਂ ਦਿੱਲੀ ਵਿੱਚ ਵੀ ਐਜੇਹਾ ਡਰਾਮਾ ਰੱਚਿਆ ਗਿਆ ਸੀ। ਭਰੋਸੇ ਦੇ ਵੋਟ ਲਈ ਨਾਂ ਮੰਗ ਸੀ ਅਤੇ ਨਾਂ ਹੀ ਸੰਵਿਧਾਨਿਕ ਜਰੂਰਤ ਸੀ। 'ਆਪ' ਦੇ ਸੁਪਰੀਮੋ ਕੇਜਰੀਵਾਲ ਤੇ ਭਗਵੰਤ ਮਾਨ ਦੋ ਮਹੀਨੇ ਤੋਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਅੰਦਰ ਰੈਲੀਆਂ ਕਰ ਰਹੇ ਨੇ। ਸਾਰੇ ਵਿਧਾਇਕਾਂ/ ਚੇਅਰਮੈਨਾਂ ਨੂੰ ਵੀ ਗੁੱਜਰਾਤ ਦੇ ਚੋਣ ਪ੍ਰਚਾਰ ਵਿੱਚ ਝੋਕ ਦਿਤੈ, ਪਰ ਹਿਮਾਚਲ 'ਚ ਪ੍ਰਚਾਰ ਤੇ ਤਵੱਜੋਂ ਕਾਫੀ ਘਟਾਅ ਦਿੱਤੀ ਗਈ ਹੈ। ਸਪੱਸ਼ਟ ਹੈ ਕਿ 'ਆਪ' ਹਿਮਾਚਲ ਪ੍ਰਦੇਸ਼ ਨੂੰ ਛੱਡ ਕੇ ਸਿਰਫ ਤੇ ਸਿਰਫ ਗੁੱਜਰਾਤ ਤੇ ਹੀ ਤਾਕਤ ਅਜ਼ਮਾਏਗੀ। ਜਿੱਥੇ 'ਆਪ' ਪ੍ਰਧਾਨ ਮੰਤਰੀ ਲਈ ਚੁਣੌਤੀ ਪੇਸ਼ ਕਰਕੇ ਕੇਜਰੀਵਾਲ ਦੀ 2024 ਪ੍ਰਧਾਨ ਮੰਤਰੀ ਲਈ ਦਾਅਵੇਦਾਰੀ ਦੇ ਯਤਨ ਵਿਚ ਦਿਖਦੀ ਹੈ। ਉਂਝ 'ਏਬੀਪੀ ਸੀ-ਵੋਟਰ' ਦੇ ਸਰਵੇਖਣ ਵਿਚ ਬੀਜੇਪੀ ਹੋਰ ਵੀ ਮਜਬੂਤੀ ਨਾਲ ਵਾਪਸੀ ਕਰਦੀ ਦਿੱਸਦੀ ਹੈ, ਦੂਜੇ ਸਥਾਨ ਤੇ ਕਾਂਗਰਸ ਅਤੇ 'ਆਪ' ਨੂੰ ਬਹੁਤ ਹੀ ਕੰਮਜੋਰ ਦੱਸਿਆ ਗਿਐ। ਵਿਧਾਇਕਾਂ ਦੀ ਮਹੀਨਿਆਂ ਬੱਧੀ ਹਲਕਿਆਂ ਚੋਂ ਗੈਰ ਹਾਜਰੀ ਦਾ ਉਲਟ ਪ੍ਰਭਾਵ ਹੋ ਸਕਦੈ। ਕੁੱਝ ਅੱਛੇ ਕੰਮਾਂ ਦੇ ਬਾਵਜੂਦ ਵੋਟਰ ਸਰਕਾਰ ਦੀ 7 ਮਹੀਨੇ ਦੀ ਨਾਕਸ ਕਾਰਗੁਜਾਰੀ ਤੋਂ ਨਿਰਾਸ਼ ਨੇ। ਸਰਕਾਰ ਦੀ ਕਹਿਣੀ ਅਤੇ ਕਰਨੀ ਵਿਚ ਢੇਰ ਸਾਰਾ ਫਰਕ ਦਿਖਣ ਲੱਗ ਪਿਐ।

*ਧਰਨੇ ਮੁਜਾਹਿਰੇ*

ਕਰਜਾ ਮੁਆਫੀ, ਨੁਕਸਾਨੀਆਂ ਫਸਲਾਂ ਦਾ ਮੁਆਵਜਾ, ਪਰਾਲੀ ਪ੍ਰਬੰਧਨ, ਘੱਟ ਰਿਹਾ ਜਲ-ਸਤਰ ਆਦਿ ਮੰਗਾਂ ਨੂੰ ਲੈ ਕੇ ਬੀਕੇਯੂ (ਉਗਰਾਹਾਂ) ਨੇ ਸੰਗਰੂਰ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪੱਕਾ ਧਰਨਾਂ ਸ਼ੁਰੂ ਕਰ ਦਿੱਤੈ। ਭਾਰੀ ਤਾਦਾਦ ਵਿਚ ਕਿਸਾਨ ਟਰੈਕਟਰਾਂ ਟਰਾਲੀਆਂ ਤੇ ਡੇਰੇ ਜਮਾ ਕੇ ਦਿੱਲੀ ਮੋਰਚੇ ਵਾਂਗ ਡੱਟ ਗਏ ਨੇ। ਮੁੱਖ ਮੰਤਰੀ ਦੀ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਬੇ-ਸਿੱਟਾ ਰਹੀ।

ਮੰਡੀਆਂ ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋ ਚੁੱਕੀ ਹੈ। ਇਸ ਸਮੇਂ ਪਰਾਲੀ ਦੀ ਸੰਭਾਲ ਦਾ ਵੱਡਾ ਮੁੱਦਾ ਸਾਹਮਣੇ ਹੈ। ਸਰਕਾਰ ਨੇ ਪਰਾਲੀ ਸੰਭਾਲਣ ਦੇ ਦਾਅਵੇ ਤਾਂ ਬਹੁਤ ਕੀਤੇ ਨੇ, ਪਰ ਜਮੀਨੀ ਪੱਧਰ ਤੇ ਕੁੱਝ ਦਿਖਾਈ ਨਹੀਂ ਦਿੰਦਾ। ਕੇਜਰੀਵਾਲ ਦਿੱਲੀ ਦੇ ਪ੍ਰਦੂਸ਼ਨ ਲਈ ਪੰਜਾਬ/ ਹਰਿਆਣਾ ਵਿਚ ਪਰਾਲੀ ਦੀਆਂ ਅੱਗਾਂ ਨੂੰ ਜਿੰਮੇਵਾਰ ਦੱਸਦੇ ਨੇ। ਬੇਸ਼ਕ ਸਰਕਾਰ ਨੇ ਅੱਗ ਲਾਉਣ ਵਾਲੇ ਕਿਸਾਨਾਂ ਦੀਆਂ ਜਮਾਂਬੰਦੀਆਂ ਵਿਚ ਰੈਡ ਐਂਟਰੀ ਕਰਨ ਦੇ ਹੁੱਕਮ ਤਾਂ ਵਾਪਿਸ ਲੈ ਲਏ ਨੇ, ਫਿਰ ਵੀ ਰੈਡ ਐਂਟਰੀਆਂ ਹੋ ਰਹੀਆਂ ਨੇ। ਜੇਕਰ ਸਰਕਾਰ 6000 ਰੁਪਏ ਏਕੜ ਮੁਆਵਜਾ ਜਾਂ ਮਸ਼ਿਨਰੀ ਨਹੀਂ ਦਿੰਦੀ ਤਾਂ ਜਥੇਬੰਦੀਆਂ ਪਰਾਲੀ ਸਾੜਨ ਲਈ ਬਜਿੱਦ ਨੇ। ਉਂਝ ਸੁਪਰੀਮ ਕੋਰਟ ਵਿਚ ਪੇਸ਼ ਇਕ ਰਿਪੋਰਟ ਅਨੁਸਾਰ ਦਿੱਲੀ ਦੇ ਪ੍ਰਦੂਸ਼ਣ ਵਿਚ 4-10% ਪ੍ਰਦੂਸ਼ਨ ਪਰਾਲੀ ਦੇ ਧੂੰਏ ਰਾਂਹੀ ਹੁੰਦਾ ਹੈ। ਐਨਜੀਟੀ ਅਤੇ ਸੁਪਰੀਮ ਕੋਰਟ ਵਲੋਂ ਕਿਸਾਨਾਂ ਨੂੰ ਪਰਾਲੀ ਸੰਭਾਲ ਲਈ ਮਸ਼ੀਨਾਂ ਜਾਂ 100 ਰੁਪਏ ਕਵਿੰਟਲ ਦੇਣ ਦੇ ਹੁਕਮਾਂ ਤੇ ਵੀ ਅਮਲ ਨਹੀ ਹੋਇਆ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ 1500 ਰੁਪਏ ਪ੍ਰਤੀ ਏਕੜ ਦੀ ਤਜ਼ਵੀਜ਼ ਵੀ ਠੁਕਰਾ ਦਿੱਤੀ ਹੈ। ਪਰਾਲੀ ਅਤੇ ਹੋਰ ਕਿਸਾਨੀ ਮੰਗਾਂ ਤੇ ਅੰਦੋਲਨ ਸਰਕਾਰ ਲਈ ਵੱਡਿ ਚੁਣੌਤੀ ਬਣ ਚੁੱਕੈ। ਉਧਰ ਸਰਕਾਰੀ ਮੁਲਾਜਿਮਾਂ ਦੀਆਂ ਹੜਤਾਲਾਂ/ ਧਰਨੇ ਰੋਕਣ ਵਿਚ ਵੀ ਸ਼ਰਕਾਰ ਫੇਲ ਹੋਈ ਹੈ।

*ਅਮਨ ਕਨੂੰਨ ਤੇ ਨਸ਼ੇ*

ਸੂਬੇ ਵਿਚ ਗੈਂਗਸਟਰਾਂ ਵਲੋਂ ਕਤਲ ਅਤੇ ਫਿਰੌਤੀ ਦੀਆਂ ਵਾਰਦਾਤਾਂ ਆਮ ਨੇ। ਸਿੱਧੂ ਮੂਸੇਵਾਲੇ ਕਤਲ ਦੇ ਦੋਸ਼ੀ ਦੀਪਕ ਟੀਨੂੰ ਦੇ ਸੀਆਈਏ ਇੰਚਾਰਜ ਦੀ ਮਿਲੀਭੁਗਤ ਨਾਲ ਹਿਰਾਸਤ ਚੋਂ ਫਰਾਰ ਹੋਣ ਨਾਲ ਪੁਲਿਸ ਸ਼ੱਕ ਦੇ ਘੇਰੇ ਵਿੱਚ ਹੈ। ਤਰਨਤਾਰਨ ਵਿਚ ਫਿਰੌਤੀ ਨਾਂ ਦੇਣ ਤੇ ਕਪੜਾ ਵਪਾਰੀ ਦੇ ਸ਼ਰੇਆਮ ਕਤਲ ਨਾਲ ਜਨਤਾ ਵਿਚ ਸਹਿਮ ਪਸਰ ਗਿਐ। ਜੇਲਾਂ ਅੰਦਰੋਂ ਹੀ ਗੈਂਗਸਟਰ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਗਰੁੱਪ ਚਲਾ ਰਹੇ ਨੇ, ਸਰਕਾਰ ਬੇਬੱਸ ਦਿਸਦੀ ਹੈ। ਇਸੇ ਤਰਾਂ ਨਸ਼ਿਆਂ ਦਾ ਕਾਰੋਬਾਰ ਆਏ ਦਿਨ ਵਧ ਰਿਹੈ ਅਤੇ ਨੌਜਵਾਨ ਜਾਨਾਂ ਗਵਾ ਰਹੇ ਨੇ। ਨਸ਼ੇ ਦੀਆਂ ਵੱਡੀਆਂ ਖੇਪਾਂ ਬੰਦਰਗਾਹਾਂ ਅਤੇ ਬਾਰਡਰ ਰਾਹੀਂ ਬੇ ਰੋਕ ਟੋਕ ਆ ਰਹੀਆਂ ਨੇ, ਜਿੰਨਾ 'ਚੋਂ ਕਾਫੀ ਫੜੀਆਂ ਵੀ ਗਈਆਂ ਨੇ। ਬੇਰੁਜ਼ਗਾਰੀ ਕਾਰਨ ਨੌਜਵਾਨ ਵਿਦੇਸ਼ਾਂ ਨੂੰ ਲਗਾਤਾਰ ਜਾ ਰਹੇ ਨੇ। ਕੁੱਝ ਕੁ ਸਰਕਾਰੀ ਨੌਕਰੀਆਂ ਨਾਲ ਮਸਲਾ ਹਲ ਹੋਣ ਵਾਲਾ ਨਹੀਂ। ਸਰਹੱਦ ਪਾਰੋਂ ਡਰੋਨਾਂ ਰਾਹੀਂ ਆ ਰਿਹਾ ਨਸ਼ਾ ਅਤੇ ਹਥਿਆਰ ਸਰਕਾਰ ਲਈ ਸਿਰਦਰਦੀ ਬਣ ਚੁੱਕੈ। ਬੇਅਦਬੀ ਅਤੇ ਬਹਿਬਲ ਕਲਾਂ ਦਾ ਮਾਮਲਾ ਜਿਓਂ ਦਾ ਤਿਓਂ ਲਮਕ ਰਿਹੈ।

*ਰੇਤ/ਬਜਰੀ ਦੀ ਕਿਲਤ*

ਚੋਣਾਂ ਦੌਰਾਨ 'ਆਪ' ਵਲੋਂ ਰੇਤ/ਬੱਜਰੀ ਮਾਫੀਏ ਦਾ ਮੁੱਦਾ ਖੂਬ ਉਭਾਰਿਆ ਗਿਆ ਅਤੇ ਘੱਟ ਰੇਟ ਤੇ ਉਪਲੱਭਤ ਕਰਾਉਣ ਦੇ ਵਅਦੇ ਕੀਤੇ ਗਏ। ਸਰਕਾਰ ਦੇ ਪਹਿਲੇ 7 ਮਹੀਨਿਆਂ ਦੌਰਾਨ ਹੀ ਰੇਤ/ਬਜਰੀ ਦੀਆਂ ਕੀਮਤਾਂ ਅਸਮਾਨੀ ਛੂਹ ਰਹੀਆਂ ਨੇ ਅਤੇ ਕਿੱਲਤ ਕਾਰਨ ਜਨਤਾ ਵਿਚ ਹਾਹਾਕਾਰ ਮੱਚ ਚੁੱਕੀ ਹੈ। ਪਰ ਸਰਕਾਰ ਹੁਣ ਮੂਕ ਦਰਸ਼ਕ ਬਣੀ ਜਾਪਦੀ ਹੈ। ਉਂਝ ਹਰ ਪਰਵਾਰ ਨੂੰ 1 ਜੁਲਾਈ ਤੌਂ 300 ਯੂਨਿਟ ਮਹੀਨਾ ਮੁਫਤ ਬਿਜਲੀ ਦੇਣ ਨਾਲ ਆਮ ਲੋਕਾਂ ਨੂੰ ਕਾਫੀ ਰਾਹਤ ਮਿਲੀ ਹੈ।

*ਵਿਧਾਇਕਾਂ ਦਾ ਵਰਤਾਰਾ*

'ਅਪਰੇਸ਼ਨ ਲੋਟਸ' ਦੇ ਦੋਸ਼ਾਂ ਉੱਪਰੰਤ ਵਿਧਾਇਕਾਂ ਦਾ ਵਰਤਾਰਾ ਹੋਰ ਵੀ ਹੰਕਾਰੀ ਹੋਇਆ ਜਾਪਦੈ। ਸਰਕਾਰ ਵਲੋਂ ਵਿਧਾਇਕਾਂ ਨੂੰ ਹਰ ਹਾਲਤ ਵਿਚ ਖੁਸ਼ ਰੱਖਣ ਦੇ ਜਬਾਨੀ ਹੁਕਮ ਪ੍ਰਸਾਸ਼ਨ ਨੂੰ ਦੇਣ ਦੀ ਖਬਰ ਹੈ, ਜਿਸ ਨਾਲ ਸਰਕਾਰੀ ਮਸ਼ੀਨਰੀ ਭੈਭੀਤ ਦਿਸਦੀ ਹੈ। ਬਹੁੱਤ ਥਾਵਾਂ ਤੋਂ ਵਿਧਾਇਕਾਂ ਦੇ ਅਪੱਧਰ ਵਿਵਹਾਰ ਅਤੇ ਉਗਰਾਹੀ ਦੇ ਵੀਡੀਓ/ਆਡੀਓ ਜਨਤਕ ਹੋਣ ਤੇ ਵੀ ਕੱਟੜ ਇਮਾਨਦਾਰ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਪਹਿਲਾਂ ਕਮਿਸ਼ਨ ਮੰਗਣ ਤੇ ਸਾਬਕਾ ਮੰਤਰੀ ਵਿਜੇ ਸਿੰਗਲਾ ਨੂੰ ਬਗੈਰ ਵੀਡੀਓ ਜਨਤਕ ਹੋਏ ਜੇਲ ਭੇਜ ਕੇ ਸਰਕਾਰ ਵਾਹ ਵਾਹ ਖੱਟਦੀ ਹੈ, ਹੁਣ ਮੰਤਰੀ ਸਰਾਰੀ ਤੇ ਸਬੂਤਾਂ ਦੇ ਬਾਵਯੂਦ ਮੁੱਖ ਮੰਤਰੀ ਦੀ ਚੁੱਪੀ ਸਵਾਲਾਂ ਦੇ ਘੇਰੇ ਵਿਚ ਹੈ।

*ਐਸਵਾਈਐਲ ਮੁੱਦਾ*

ਐਸਵਾਈਐਲ ਨਹਿਰ ਦਾ ਮਾਮਲਾ 'ਆਪ' ਲਈ ਵੱਡੀ ਚੁਣੌਤੀ ਵਜੋਂ ਉੱਭਰ ਚੁਕੈ। ਸੁਪਰੀਮ ਕੋਰਟ ਵਲੋਂ ਦੋਵੇਂ ਰਾਜ ਸਰਕਾਰਾਂ ਨੂੰ ਆਪਸੀ ਸਹਿਮਤੀ ਨਾਲ ਹੱਲ ਕੱਢਣ ਦੇ ਆਦੇਸ ਨਾਲ ਇਹ ਸਿੱਧਾ ਪੰਜਾਬ ਦੇ ਖਿਲਾਫ ਜਾਂਦਾ ਦਿੱਸਦੈ। ਪੰਜਾਬ ਦੇ ਮੰਤਰੀਆਂ ਵਲੋਂ ਨਵੇਂ ਟ੍ਰਿਬਨਲ ਦੀ ਮੰਗ ਨਾਲ ਪੰਜਾਬ ਦੀ ਰਹਿੰਦੀ ਖੂੰਹਦੀ ਆਸ ਵੀ ਜਾਂਦੀ ਦਿਸਦੀ ਹੈ। ਇਸ ਮੁੱਦੇ ਤੇ ਕੇਜਰੀਵਾਲ ਅਤੇ ਵੱਡੇ ਲੀਡਰ ਹਰਿਆਣੇ ਦੇ ਹੱਕ ਵਿਚ ਭੁਗਤਦੇ ਆ ਰਹੇ ਨੇ ਅਤੇ ਕੇਂਦਰ ਵੀ ਹਰਿਆਣਾ ਦਾ ਪੱਖ ਪੂਰ ਰਿਹੈ। ਹਾਸ਼ੀਏ ਤੇ ਚੱਲ ਰਹੀਆਂ ਵਿਰੋਧੀ ਪਾਰਟੀਆਂ ਇਸ ਮੁੱਦੇ ਤੇ ਆਪਣੀ ਮੁੜ ਸੁਰਜੀਤੀ ਲਈ ਸਰਕਾਰ ਤੇ ਨਿਸ਼ਾਨੇ ਸਾਧ ਰਹੀਆਂ ਨੇ। ਕੇਜਰੀਵਾਲ ਦੇ ਰੁੱਖ ਕਾਰਨ ਭਗਵੰਤ ਮਾਨ ਸਖਤ ਸਟੈਂਡ ਲੈਣ ਤੋਂ ਅਸਮਰੱਥ ਜਾਪਦੇ ਨੇ। ਇਹ ਮਾਮਲਾ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਐ ਅਤੇ ਹੁਣ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਖੜੈ। ਮੁੱਖ ਮੰਤਰੀ ਦੀ ਇਸ ਮਾਮਲੇ 'ਚ ਥੋੜੀ ਜਿੰਨੀ ਕੰਮਜੋਰੀ ਉਨਾਂ ਦੇ ਚੰਗੇ ਅਕਸ਼ ਤੇ ਵੱਡਾ ਧੱਬਾ ਲਗਾ ਸਕਦੀ ਹੈ।

*ਰਾਜਪਾਲ ਨਾਲ ਟਕਰਾਉ*

ਕੇਂਦਰ ਦੇ ਨੁਮਾਇੰਦੇ ਰਾਜਪਾਲ ਨਾਲ ਸੂਬਾ ਸਰਕਾਰ ਦਾ ਟਕਰਾਅ ਚਰਮ ਸੀਮਾਂ ਤੇ ਪੁੱਜ ਚੁੱਕੈ। ਵਿਧਾਨ ਸਭਾ ਦੇ ਬੇਲੋੜੇ ਇਜਲਾਸ ਕਾਰਨ ਮੁੱਖ ਮੰਤਰੀ ਅਤੇ ਰਾਜਪਾਲ ਆਹਮਣੇ ਸਾਹਮਣੇ ਨੇ। ਇਜਲਾਸ ਜਨਤਾ ਵਿਚ ਕੋਈ ਚੰਗਾ ਪ੍ਰਭਾਵ ਨਹੀਂ ਛੱਡ ਸਕਿਆ, ਸਗੋਂ ਸੂਬਾ ਸਰਕਾਰ ਅਤੇ ਰਾਜਪਾਲ ਵਿਚ ਪਹਿਲਾਂ ਤੋਂ ਚੱਲ ਰਹੇ ਤਲਖ ਸਬੰਧਾਂ ਵਿਚ ਹੋਰ ਵਾਧਾ ਕਰੇਗਾ। ਮੰਤਰੀਆਂ ਵਲੋਂ ਰਾਜਪਾਲ ਵਿਰੁੱਧ ਤਲਖ ਭਾਸ਼ਾ ਨੇ ਬਲਦੀ ਤੇ ਤੇਲ ਦਾ ਕੰਮ ਕੀਤੈ। ਫਰੀਦਕੋਟ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁੱਕਤੀ ਤੇ ਸਰਕਾਰ ਦੀ ਖੂਬ ਕਿਰਕਿਰੀ ਹੋ ਰਹੀ ਹੈ। 'ਅਪਰੇਸ਼ਨ ਲੋਟਸ' ਲਈ ਸਿੱਧੇ ਕੇਂਦਰੀ ਮੰਤਰੀਆਂ ਤੇ ਨਾਮ ਲੈ ਕੇ ਦੋਸ਼ ਲਗਾਉਣ ਨਾਲ ਕੇਂਦਰ ਅਤੇ ਸੂਬਾ ਸਰਕਾਰ ਦੇ ਸਬੰਧ ਹੋਰ ਵਿਗੜਨੇ ਤੈਅ ਨੇ, ਜੋ ਭਾਰੀ ਕਰਜੇ ਦੇ ਬੋਝ ਨਾਲ ਆਰਥਿਕ ਸੰਕਟ ਵਿਚ ਘਿਰੇ ਸੂਬੇ ਲਈ ਕਾਫੀ ਨੁਕਸਾਨਦੇਹ ਸਾਬਿਤ ਹੋ ਸਕਦੇ ਨੇ।

ਵੱਡੀਆਂ ਚੁਣੌਤੀਆਂ ਤੇ ਪਾਰ ਪਾਉਣ ਲਈ ਮੁੱਖ ਮੰਤਰੀ ਨੂੰ ਬਾਹਰੀ ਰਾਜਾਂ ਦੀ ਬਜਾਏ ਸਾਰਾ ਧਿਆਨ ਸੂਬੇ ਦੇ ਮਸਲਿਆਂ ਦੇ ਹੱਲ ਤੇ ਕੇਂਦਰਿਤ ਕਰਨਾ ਚਾਹੀਦੈ, ਨਹੀਂ ਤਾਂ 'ਅੱਗਾ ਦੌੜ ਤੇ ਪਿੱਛਾ ਚੌੜ' ਵਾਲੀ ਸਥਿਤੀ ਬਣਨੀ ਤੈਅ ਹੈ।

*-ਦਰਸ਼ਨ ਸਿੰਘ ਸ਼ੰਕਰ*
*ਜਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)*
*ਫੋਨ: 9915836543*



# ਕੇਜਰੀਵਾਲ ਸਮਾਜ ਦੇ ਧਰਮ ਨਿਰਪੱਖ ਤਾਣੇ-ਬਾਣੇ ਨੂੰ ਤਬਾਹ ਕਰਨ ਵਾਲੀ ਰਾਜਨੀਤੀ 'ਤੇ ਉੱਤਰੇ : ਬਾਜਵਾ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਕਾਂਗਰਸ ਦੇ ਸੀਨੀਅਰ ਨੇਤਾ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀਰਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਆਪਣੀਆਂ ਸਿਆਸੀ ਇੱਛਾਵਾਂ ਨੂੰ ਪੂਰਾ ਕਰਨ ਲਈ ਬੇਸ਼ਰਮੀ ਨਾਲ ਫੁੱਟ ਪਾਊ ਏਜੰਡੇ ਨੂੰ ਜਨਤਕ ਕਰਨ ਲਈ ਸਖ਼ਤ ਆਲੋਚਨਾ ਕੀਤੀ ਹੈ ।

ਬਾਜਵਾ ਨੇ ਕਿਹਾ ਕਿ ਕੇਜਰੀਵਾਲ ਦਾ ਕੇਂਦਰ ਸਰਕਾਰ ਨੂੰ ਕਰੰਸੀ ਨੋਟਾਂ 'ਤੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਛਾਪਣ ਲਈ ਕਹਿਣ ਦਾ ਇੱਕੋ ਇੱਕ ਉਦੇਸ਼ ਸਿਰਫ਼ ਵੋਟਾਂ ਅਤੇ ਸੱਤਾ ਦੀ ਖ਼ਾਤਰ ਆਪਣੇ ਆਪ ਨੂੰ ਇੱਕ ਨਿਰਵਿਵਾਦ ਹਿੰਦੂ ਨੇਤਾ ਵਜੋਂ ਸਥਾਪਤ ਕਰਨਾ ਹੈ । ਬਾਜਵਾ ਨੇ ਕਿਹਾ ਕਿ ਕੇਜਰੀਵਾਲ ਭਾਰਤ ਦੇ ਲੋਕਾਂ ਨੂੰ ਵੀ ਗੁਮਰਾਹ ਕਰ ਰਿਹਾ ਹੈ ਕਿ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਛਾਪ ਕੇ ਦੇਸ਼ ਦੀ ਆਰਥਿਕਤਾ ਨੂੰ ਸੁਧਾਰਿਆ ਜਾ ਸਕਦਾ ਹੈ ।

ਬਾਜਵਾ ਨੇ ਕਿਹਾ, "ਕੀ ਇਹ ਇੱਕ ਅਜਿਹੇ ਵਿਅਕਤੀ ਲਈ ਬੇਸ਼ਰਮੀ ਦੀ ਗੱਲ ਨਹੀਂ ਹੈ ਜੋ ਕਦੇ ਆਈਆਈਟੀ ਦਾ ਸਾਬਕਾ ਵਿਦਿਆਰਥੀ ਸੀ ਅਤੇ ਇੱਕ ਆਈਆਰਐਸ ਅਧਿਕਾਰੀ ਅਜਿਹਾ ਝੂਠਾ ਦਾਅਵਾ ਕਰਦਾ ਹੈ ਜੋ ਨਾ ਸਿਰਫ਼ ਗੈਰ-ਵਿਗਿਆਨਕ ਅਤੇ ਬੇਬੁਨਿਆਦ ਹੈ ।

ਬਾਜਵਾ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਆਰਟੀਕਲ 51 ਏ (ਐਚ) ਵਿਚ ਸਪਸ਼ਟ ਤੌਰ 'ਤੇ ਦਰਜ ਹੈ ਕਿ ਮੌਜੂਦਾ ਸਰਕਾਰ ਸਮਾਜ ਵਿਚ ਵਿਗਿਆਨਕ ਪਹੁੰਚ ਨੂੰ ਬੜਾਵਾ ਦੇਵੇਗੀ । ਪਰ ਇਸ ਮੌਕਾਪ੍ਰਸਤ ਕੇਜਰੀਵਾਲ ਨੂੰ ਦੇਖੋ ਜੋ ਧਰਮ ਦੇ ਨਾਂ 'ਤੇ ਭੋਲੇ ਭਾਲੇ



ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ।


ਬਾਜਵਾ ਨੇ ਕਿਹਾ ਕਿ ਕੇਜਰੀਵਾਲ ਲਈ ਦਫ਼ਤਰਾਂ ਵਿਚ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਤਸਵੀਰਾਂ ਦਿਖਾਉਣਾ ਸਿਰਫ਼ ਵੋਟਾਂ ਬਟੋਰਨ ਲਈ ਪ੍ਰਤੀਕ ਦਾ ਕੰਮ ਹੈ ।

ਵਿਚਾਰਧਾਰਾ ਵਿੱਚ ਵਿਸ਼ਵਾਸ ਨਹੀਂ ਕਰਦਾ। ਜਦਕਿ ਡਾ: ਅੰਬੇਡਕਰ ਨੇ ਬੁੱਧ ਧਰਮ ਅਪਣਾਇਆ ਅਤੇ ਉਹ ਲੋਕਤੰਤਰੀ ਢਾਂਚੇ ਵਿੱਚ ਯਕੀਨ ਰੱਖਦੇ ਸਨ, ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਇੱਕ ਕੌਮੀ ਹੀਰੋ ਸਨ, ਜਿਹਨਾਂ ਨੇ ਧਰਮ ਨਿਰਪੱਖਤਾ ਵਿੱਚ ਭਰੋਸਾ ਜਤਾਇਆ । ਇਸ ਲਈ ਦੇਸ਼ ਵਿੱਚ ਕਿਸੇ ਵੀ ਵਿਅਕਤੀ ਨਾਲੋਂ ਵੱਧ ਧਾਰਮਿਕ ਹੋਣ ਦਾ ਦਾਅਵਾ ਕਰਨ ਵਾਲਾ ਕੇਜਰੀਵਾਲ ਇਨ੍ਹਾਂ ਮਹਾਨ ਕਥਾਵਾਂ ਦਾ ਪੈਰੋਕਾਰ ਨਹੀਂ ਹੋ ਸਕਦਾ। ਇਹ ਇੱਕ ਦਿਖਾਵੇ ਵਰਗਾ ਲੱਗਦਾ ਹੈ। ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਕੀ ਉਹ ਵੀ ਆਪਣੇ ਸਿਆਸੀ ਗੁਰੂ ਨਾਲ ਸਹਿਮਤ ਹਨ ਅਤੇ ਮਹਾਤਮਾ ਗਾਂਧੀ ਦੇ ਨਾਲ ਕਰੰਸੀ ਨੋਟਾਂ 'ਤੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਛਾਪਣ ਦਾ ਸਮਰਥਨ ਕਰਦੇ ਹਨ ? ਭਗਵੰਤ ਮਾਨ ਸਥਿਤੀ ਸਪਸ਼ਟ ਕਰਨ।

# ਵਿਜੀਲੈਂਸ ਨੇ ਸਹਿਕਾਰੀ ਬੈਂਕ ਨਾਲ 9 ਲੱਖ ਰੁਪਏ ਦੀ ਧੋਖਾਧੜੀ ਕਰਨ ਵਾਲੇ ਪ੍ਰਾਈਵੇਟ ਵਿਅਕਤੀ ਨੂੰ ਕੀਤਾ ਗ੍ਰਿਫਤਾਰ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਅੱਜ ਇੱਕ ਪ੍ਰਾਈਵੇਟ ਵਿਅਕਤੀ ਜਗਜੀਤ ਸਿੰਘ ਵਾਸੀ ਪਿੰਡ ਧੂਲਕਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਬੈਂਕ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਕੇਂਦਰੀ ਸਹਿਕਾਰੀ ਬੈਂਕ ਤਰਸਿੱਕਾ ਵਿੱਚ 9,75,771 ਰੁਪਏ ਦਾ ਗਬਨ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੇ ਬੈਂਕ ਮੈਨੇਜਰ ਰਾਕੇਸ਼ ਕੁਮਾਰ, ਕੈਸ਼ੀਅਰ ਰਾਮ ਕਿਸ਼ੋਰ ਅਤੇ ਸਕੱਤਰ ਕੁਲਵੰਤ ਸਿੰਘ ਨਾਲ ਮਿਲੀਭੁਗਤ ਕਰਕੇ ਉਕਤ ਰਕਮ ਉਸ ਦੇ ਹੋਰ ਬੈਂਕਾਂ ਵਿਚਲੇ ਨਿੱਜੀ ਖਾਤਿਆਂ ਵਿੱਚ ਤਬਦੀਲ



ਕਰਨ ਉਪਰੰਤ ਕਢਵਾ ਲਈ ਜਦਕਿ ਸਹਿਕਾਰੀ ਬੈਂਕ ਕਿਸਾਨ ਕ੍ਰੈਡਿਟ ਕਾਰਡ ਦੇ ਆਫ-ਲਾਈਨ ਖਾਤੇ ਤੋਂ ਅਜਿਹੀ ਰਕਮ ਦੂਜੇ ਬੈਂਕਾਂ ਦੇ ਖਾਤਿਆਂ ਵਿੱਚ ਤਬਦੀਲ ਨਹੀਂ ਕਰ ਸਕਦਾ।

ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਗਈ ਤਫ਼ਤੀਸ਼ ਦੌਰਾਨ ਇਹ ਪਾਇਆ ਗਿਆ ਕਿ ਉਪਰੋਕਤ ਮੁਲਜਮ ਬੈਂਕ ਅਧਿਕਾਰੀਆਂ ਨੇ ਦੋਸ਼ੀ ਜਗਜੀਤ ਸਿੰਘ ਨਾਲ ਮਿਲੀਭੁਗਤ ਕਰਕੇ 51,94,900 ਰੁਪਏ ਗਹਿਰੀ ਮੰਡੀ, ਅੰਮ੍ਰਿਤਸਰ ਜ਼ਿਲ੍ਹੇ ਦੇ ਹੋਰ ਬੈਂਕਾਂ ਵਿੱਚ ਟਰਾਂਸਫਰ ਕੀਤੇ ਸਨ।

ਇਸ ਮਾਮਲੇ ਵਿੱਚ ਸੱਤ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਨੇ ਉਪਰੋਕਤ ਬੈਂਕ ਵਿੱਚ 24 ਕਰੋੜ ਰੁਪਏ ਦੀ ਅਜਿਹੀ ਧੋਖਾਧੜੀ ਕੀਤੀ ਹੈ। ਇਸ ਸਬੰਧੀ ਆਈਪੀਸੀ ਦੀ ਧਾਰਾ 420, 409, 419, 465, 467, 468, 471, 477-ਏ, 120-ਬੀ, ਆਈ.ਟੀ. ਐਕਟ ਦੀ ਧਾਰਾ 43-ਏ, 43 (ਆਈ), 66, 66-ਡੀ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਤੇ 13 ਤਹਿਤ ਪਹਿਲਾਂ ਹੀ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ।

# ਮੀਤ ਹੇਅਰ ਵੱਲੋਂ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਵਿੱਚ ਪੁਨਰਗਠਨ ਰਾਹੀਂ ਖਾਲ੍ਹੀ ਅਸਾਮੀਅ ਭਰਨ ਦੇ ਆਦੇਸ਼

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਵਿੱਚ ਖਾਲੀ ਅਸਾਮੀਆਂ ਭਰਨ ਲਈ ਪੁਨਰਗਠਨ ਦੀ ਪ੍ਰਕਿਰਿਆ ਜਲਦ ਮੁਕੰਮਲ ਕਰਕੇ ਇਨ੍ਹਾਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ। ਇਹ ਗੱਲ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਸਰਕਾਰੀ ਪ੍ਰੈਸ ਦੇ ਦੌਰੇ ਮੌਕੇ ਕਹੀ।

ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਸਰਕਾਰੀ ਵਿਭਾਗਾਂ ਨੂੰ ਮਜ਼ਬੂਤ ਕਰਨ ਦੇ ਨਿਰਦੇਸ਼ਾਂ ਤਹਿਤ ਸਰਕਾਰੀ ਪ੍ਰੈਸ ਨੂੰ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸਾਮੀਆਂ ਦੀ ਸਿਰਜਣਾ ਕਰਨ ਤੋਂ ਬਾਅਦ ਨਵੀਨੀਕਰਨ ਕੀਤਾ ਜਾਵੇਗਾ ਜਿਸ ਤਹਿਤ ਬੇਲੋੜੇ ਸਮਾਨ ਦਾ ਨਿਪਟ-



ਾਰਾ ਕਰਕੇ ਅਤਿ-ਆਧੁਨਿਕ ਮਸ਼ੀਨਾਂ ਖਰੀਦੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਅਸਾਮੀਆਂ ਦੀ ਭਰਤੀ ਅਤੇ ਲੋੜੀਂਦੀ ਨਵੀ ਮਸ਼ੀਨਰੀ ਸਥਾਪਤ ਕਰਨ ਦਾ ਕੰਮ ਜਲਦ ਮੁਕੰਮਲ ਕਰ ਲਿਆ ਜਾਵੇ।

ਮੀਤ ਹੇਅਰ ਨੇ ਸਰਕਾਰੀ ਪ੍ਰੈਸ ਦਾ ਦੌਰਾ ਕਰਕੇ ਵਿਭਾਗ ਦੇ ਕੰਮਕਾਜ ਦੀ ਸਮੀਖਿਆ ਕੀਤੀ ਅਤੇ ਮਸ਼ੀਨਾਂ ਦੇਖੀਆਂ। ਉਨ੍ਹਾਂ ਨੇ ਵੱਖ-ਵੱਖ ਬਰਾਂਚਾਂ ਦਾ ਦੌਰਾ ਕਰਕੇ ਕੰਮ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਸਟਾਫ ਨੂੰ ਆਖਿਆ ਕਿ ਸਰਕਾਰੀ ਪ੍ਰੈਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਕੰਮ ਕੀਤੇ ਜਾਣ। ਇਸ ਮੌਕੇ ਪ੍ਰਮੁੱਖ ਸਕੱਤਰ ਵੀ.ਕੇ.ਮੀਨਾ, ਵਿਸ਼ੇਸ਼ ਸਕੱਤਰ ਡਾ. ਸੇਨੂੰ ਦੁੱਗਲ ਤੇ ਕੰਟਰੋਲਰ ਵਿੰਮੀ ਭੁੱਲਰ ਵੀ ਹਾਜ਼ਰ ਸਨ।

# ਜੌੜਾਮਾਜਰਾ ਵੱਲੋਂ ਸਿਹਤ ਵਿਭਾਗ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ

**ਸਿਹਤ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਪੰਜਾਬ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਸਰਗਰਮ ਰਹਿਣ ਦੇ ਆਦੇਸ਼**

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਪ੍ਰਧਾਨਗੀ ਹੇਠ ਪੰਜਾਬ ਭਵਨ ਚੰਡੀਗੜ੍ਹ ਵਿਖੇ ਸੂਬੇ ਦੇ ਸਿਹਤ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਵਿਭਾਗ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਜੌੜਾਮਾਜਰਾ ਨੇ ਅਧਿਕਾਰੀਆਂ ਨੂੰ ਸਰਗਰਮ ਰਹਿਣ ਅਤੇ ਸਾਰੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਸਮੇਂ ਅਨੁਸਾਰ ਨੇਪਰੇ ਚਾੜ੍ਹਨ ਲਈ ਕਿਹਾ। ਉਹਨਾਂ ਅੱਗੇ ਕਿਹਾ ਕਿ ਕਿਸੇ ਵੀ ਕੰਮ ਨੂੰ ਨੇਪਰੇ ਚਾੜ੍ਹਨ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ



ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਗਲਤੀ ਕਰਨ ਵਾਲੇ ਅਧਿਕਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸੂਬੇ ਵਿੱਚ ਸਿਹਤ ਸੇਵਾਵਾਂ ਵਿੱਚ ਹੋਰ ਸੁਧਾਰ ਲਿਆਉਣ ਲਈ ਜੌੜਾਮਾਜਰਾ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਪੰਜਾਬ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਨੂੰ ਉਨ੍ਹਾਂ ਦੇ ਮੈਡੀਕਲ ਉਪਕਰਨਾਂ ਦੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਕਿਸੇ ਵੀ ਨਵੇਂ ਉਪਕਰਨ ਦੀ ਲੋੜ ਜਾਂ ਮੁਰੰਮਤ ਬਾਰੇ ਜਾਣੂ ਕਰਵਾਉਣ ਸਬੰਧੀ ਨਿਰਦੇਸ਼ ਦੇਣ ਕਿਉਂਕਿ ਇਸ ਸਬੰਧੀ ਬਜਟ ਵਿੱਚ ਉਪਬੰਧ ਕੀਤਾ ਗਿਆ ਹੈ।

ਸਿਹਤ ਮੰਤਰੀ ਨੇ ਪੰਜਾਬ ਦੀਆਂ ਸਿਹਤ ਸੰਸਥਾਵਾਂ ਵਿੱਚ ਨਕਾਰਾ/ਵਰਤੋਂ ਵਿੱਚ ਨਾ ਆਉਣ ਵਾਲੇ ਉਪਕਰਨਾਂ ਦਾ ਨਿਪਟਾਰਾ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ ਤਾਂ ਜੋ ਹਸਪਤਾਲਾਂ ਵਿੱਚ ਥਾਂ ਖਾਲੀ ਹੋ ਸਕੇ। ਸਾਫ਼-ਸਫ਼ਾਈ ਸਬੰਧੀ ਮੰਤਰੀ ਨੇ ਹਸਪਤਾਲਾਂ ਵਿੱਚ ਸਾਫ਼-ਸਫ਼ਾਈ ਦੇ ਰੱਖ-ਰਖਾਅ ਲਈ ਠੇਕਿਆਂ ਦੀ ਸਥਿਤੀ ਬਾਰੇ ਵੀ ਜਾਣਕਾਰੀ ਲਈ ਅਤੇ ਅਧਿਕਾਰੀਆਂ ਨੂੰ ਕਿਹਾ ਕਿ ਹਸਪਤਾਲਾਂ ਦੀ ਬਿਹਤਰ ਸਾਂਭ-ਸੰਭਾਲ ਨੂੰ ਯਕੀਨੀ ਬਣਾਇਆ ਜਾਵੇ। ਉਹਨਾਂ ਕਿਹਾ ਕਿ ਖਸਤਾ ਹਾਲਤ ਵਾਲੀਆਂ ਪੁਰਾਣੀਆਂ ਇਮਾਰਤਾਂ ਨੂੰ ਢੁਕਵੀਂ ਪ੍ਰਕਿਰਿਆ ਅਪਣਾਉਂਦਿਆਂ ਢਾਹ ਦਿੱਤਾ ਜਾਵੇ।

ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ 25 ਜਨ ਔਸ਼ਧੀ ਸਟੋਰ ਪਹਿਲਾਂ ਹੀ ਕਫਾਇਤੀ ਦਰਾਂ 'ਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਕਾਰਜਸ਼ੀਲ ਹਨ ਅਤੇ ਲੋਕਾਂ ਦੀ ਸਹੂਲਤ ਲਈ ਅਜਿਹੇ 14 ਹੋਰ ਸਟੋਰ ਖੋਲ੍ਹਣ ਦੀ ਯੋਜਨਾ ਹੈ।

# ਬੀ.ਐੱਸ.ਐੱਫ ਦੇ ਇੰਸਪੈਕਟਰ ਨੇ ਡਿਊਟੀ ਦੌਰਾਨ ਫਾਹਾ ਲੈ ਕੇ ਕੀਤੀ ਆਤਮਹੱਤਿਆ

ਬਟਾਲਾ, 27 ਅਕਤੂਬਰ (ਪੋਸਟ ਬਿਉਰੋ): ਬਟਾਲਾ ਦੇ ਨਜਦੀਕੀ ਸਰਹੱਦੀ ਕਸਬਾ ਸ਼ਿਕਾਰ ਮਾਛੀਆ ਵਿਖੇ ਬੀ.ਐੱਸ.ਐੱਫ ਚੈੱਕ ਪੋਸਟ ਵਿਖੇ ਤਾਇਨਾਤ ਜਵਾਨ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ . ਇਸਦੇ ਨਾਲ ਹੀ ਜਵਾਨ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਨ ਲਈ ਸਿਵਲ ਹਸਪਤਾਲ ਬਟਾਲਾ ਵਿਖੇ ਲਿਆਂਦਾ ਗਿਆ ਹੈ।

ਸਿਵਲ ਹਸਪਤਾਲ ਦੇ ਡਾਕਟਰ ਨੇ ਅਮਨਦੀਪ ਕੌਰ ਨੇ ਦੱਸਿਆ ਕਿ ਬਟਾਲਾ ਦੇ ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਦੇ ਅਧੀਨ ਪੈਂਦੀ ਬੀ.ਐੱਸ.ਐੱਫ ਦੀ ਸ਼ਿਕਾਰ ਮਾਛੀਆ ਚੈੱਕ ਪੋਸਟ ਵਿਖੇ ਬੀ.ਐੱਸ.ਐੱਫ ਵਿੱਚ ਬਤੌਰ



ਇੰਸਪੈਕਟਰ ਤਾਇਨਾਤ ਸਤਿਆ ਨਰਾਇਣ ਸਿੰਘ ਵਲੋਂ ਫਾਹਾ ਲੈ ਕੇ ਆਤਮਹੱਤਿਆ ਕਰ ਲਈ ਹੈ। 40 ਸਾਲਾ ਮ੍ਰਿਤਕ ਸਤਿਆ ਨਰਾਇਣ ਸਿੰਘ ਯੂਪੀ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਆਤਮਹੱਤਿਆ ਕਰਨ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਚੱਲ ਪਾਇਆ। ਬੀ.ਐੱਸ.ਐੱਫ ਦੇ ਅਧਿਕਾਰੀ ਇਸ ਘਟਨਾ ਨੂੰ ਲੈ ਕੇ ਕੈਮਰੇ ਸਾਹਮਣੇ ਕੁਝ ਵੀ ਬੋਲਣ ਤੋਂ ਇਨਕਾਰ ਕਰਦੇ ਨਜ਼ਰ ਆਏ।

# ਕੇਜਰੀਵਾਲ ਵੱਲੋਂ ਕਰੰਸੀ ਨੋਟਾਂ ਬਾਰੇ ਦਿੱਤਾ ਬਿਆਨ ਦੇਸ਼ ਵਿਚ ਫਿਰਕੂ ਸਦਭਾਵਨਾ ਭੰਗ ਕਰਨ ਵਾਲਾ : ਮਜੀਠੀਆ

ਚੰਡੀਗੜ੍ਹ, 27 ਅਕਤੂਬਰ : ਸ਼੍ਰੋਮਣੀ ਅਕਾਲੀ ਦਲ ਨੇ ਅੱਜ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਆਖਿਆ ਕਿ ਉਹ ਕਰੰਸੀ ਨੋਟਾਂ 'ਤੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਛਪਵਾਉਣ ਦੀ ਮੰਗ ਕਰ ਕੇ ਭਾਰਤੀ ਰਾਜਨੀਤੀ ਦਾ ਫਿਰਕੂਕਰਨ ਕਰਨ ਤੋਂ ਗੁਰੇਜ਼ ਕਰਨ ਅਤੇ ਜ਼ੋਰ ਦੇ ਕੇ ਆਖਿਆ ਕਿ ਅਜਿਹੇ ਗੈਰ ਜ਼ੁੰਮੇਵਾਰਾਨਾ ਬਿਆਨ ਦੇਸ਼ ਵਿਚ ਫ਼ਿਰਕੂ ਸਦਭਾਵਨਾ ਨੂੰ ਸੱਟ ਮਾਰਨਗੇ।

ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਇਕ ਆਈ ਆਈ ਟੀ ਗਰੈਜੂਏਟ ਇੰਨਾ ਹੇਠਾਂ ਡਿੱਗ ਗਿਆ ਹੈ ਕਿ ਸਿਆਸੀ ਲਾਹਾ ਲੈਣ ਵਾਸਤੇ ਫ਼ਿਰਕੂ ਮੰਗ ਰੱਖ ਰਿਹਾ ਹੈ।

ਉਹਨਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੋਈ ਵੀ ਪੜ੍ਹਿਆ ਲਿਖਿਆ ਵਿਅਕਤੀ ਇਹ ਸਮਝਦਾ ਹੈ ਕਿ ਹਿੰਦੂ ਦੇਵੀ ਦੇਵਤਿਆਂ ਦੀ ਤਸਵੀਰ ਭਾਰਤੀ ਕਰੰਸੀ 'ਤੇ ਛਪਵਾਉਣ ਨਾਲ ਭਾਰਤੀ ਅਰਥਚਾਰੇ ਵਿਚ ਕੋਈ ਸੁਧਾਰ ਹੋਣ ਵਾਲਾ ਨਹੀਂ ਹੈ। ਉਹਨਾਂ ਕਿਹਾ ਕਿ ਕਿਉਂਕਿ ਸ੍ਰੀ ਕੇਜਰੀਵਾਲ ਨੇ ਇਹ




ਬਿਆਨ ਦਿੱਤਾ ਹੈ ਇਸ ਤੋਂ ਸਪਸ਼ਟ ਹੈ ਕਿ ਉਹ ਸੌੜੇ ਸਿਆਸੀ ਹਿੱਤਾਂ ਵਾਸਤੇ ਦੇਸ਼ ਦਾ ਸਮਾਜਿਕ ਸਰੂਪ ਤਹਿਸ ਨਹਿਸ ਕਰਨਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਪੂਜਣਯੋਗ ਹਨ ਤੇ ਇਹ ਪਵਿੱਤਰ ਥਾਵਾਂ 'ਤੇ ਰੱਖੀਆਂ ਜਾਣੀਆਂ ਚਾਹੀਦੀਆਂ ਹਨ। ਉਹਨਾਂ ਕਿਹਾ ਕਿ ਜੇਕਰ ਇਹ ਮੀਟ ਦੀਆਂ ਦੁਕਾਨਾਂ ਤੇ ਸ਼ਰਾਬ ਦੀਆਂ ਦੁਕਾਨਾਂ 'ਤੇ ਰੱਖੀਆਂ ਗਈਆਂ ਤਾਂ ਇਸ ਨਾਲ ਬੇਚੈਨੀ ਹੋ ਸਕਦੀ ਹੈ। ਉਹਨਾਂ ਕਿਹਾ ਕਿ ਇਹਨਾਂ ਤਸਵੀਰਾਂ ਨਾਲ ਦੇਵੀ ਦੇਵਤਿਆਂ ਦੀ ਅਜਿਹੀਆਂ ਥਾਵਾਂ 'ਤੇ ਬੇਅਦਬੀ ਵੀ ਹੋ ਸਕਦੀ ਹੈ।

ਮਜੀਠੀਆ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਦਾ ਬਿਆਨ ਦੇਸ਼ ਦੇ ਧਰਮ ਨਿਰਪੱਖ ਸਰੂਪ ਦੇ ਖਿਲਾਫ ਹੈ। ਉਹਨਾਂ ਕਿਹਾ ਕਿ ਭਾਰਤ ਇਕ ਬਹੁ ਸਭਿਆਚਾਰ ਵਾਲਾ ਤੇ ਬਹੁ ਭਾਸ਼ਾਈ ਮੁਲਕ ਹੈ ਤੇ ਦੇਸ਼ ਦੇ ਸੰਵਿਧਾਨ ਦਾ ਸਾਰੇ ਧਰਮ ਤੇ ਸਭਿਆਚਾਰ ਸਨਮਾਨ ਕਰਦੇ ਹਨ। ਉਹਨਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਕਿਸੇ ਨੂੰ ਵੀ ਧਰਮ ਦੇ ਨਾਂ 'ਤੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ਾਂ ਨਹੀਂ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਹ ਬਹੁਤ ਹੀ ਗੈਰ ਕਾਨੂੰਨੀ ਵੀ ਹੈ ਕਿਉਂਕਿ ਬਿਆਨ ਰਾਹੀਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਚੋਣਾਂ ਵਿਚ ਭਾਜਪਾ ਨਾਲ ਮੁਕਾਬਲਾ ਕਰਨ ਦੀ ਮਨਸ਼ਾ ਵੀ ਜ਼ਾਹਰ ਹੋ ਰਹੀ ਹੈ।

ਸਾਬਕਾ ਮੰਤਰੀ ਨੇ ਕਿਹਾ ਕਿ ਇਹ ਉਹ ਬਦਲਾਅ ਨਹੀਂ ਹੈ ਜਿਸਦਾ ਵਾਅਦਾ ਦੇਸ਼ ਤੇ ਪੰਜਾਬੀਆਂ ਨਾਲ ਆਪ ਨੇ ਕੀਤਾ ਸੀ। ਵਾਹਨਾਂ ਕਿਹਾ ਕਿ ਇੱਥੇ ਗੱਲ ਆਪ ਦੇ ਇਰਾਦਿਆਂ ਦੀ ਹੈ। ਉਹਨਾਂ ਕਿਹਾ ਕਿ ਸਪਸ਼ਟ ਹੈ ਕਿ ਆਪ ਤੇ ਇਸਦੇ ਕਨਵੀਨਰ ਅਰਵਿੰਦ ਕੇਜਰੀਵਾਲ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦਾ ਕੋਈ ਇਰਾਦਾ ਨਹੀਂ ਰੱਖਦੇ।

ਉਹਨਾਂ ਕਿਹਾ ਕਿ ਅਸੀਂ ਇਹ ਪੰਜਾਬ ਵਿਚ ਵੇਖਿਆ ਹੈ ਜਿਥੇ ਕਿਸਾਨਾਂ, ਮੁਲਾਜ਼ਮਾਂ ਤੇ ਨੌਜਵਾਨਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਗਏ ਪਰ ਦਿੱਤਾ ਕੁਝ ਨਹੀਂ ਗਿਆ। ਉਹਨਾਂ ਕਿਹਾ ਕਿ ਇਹ ਵੀ ਸੱਚਾਈ ਹੈ ਕਿ ਦਿੱਲੀ ਮਾਡਲ ਸਮੇਤ ਆਪ ਦੇ ਸਾਰੇ ਮਾਡਲ ਨਿਰਪੱਖ ਸਰਵੇਖਣਾਂ ਵਿਚ ਲੀਰੋਂ ਲੀਰ ਹੋ ਗਏ ਹਨ ਤੇ ਇਸੇ ਕਾਰਨ ਹੁਣ ਸ੍ਰੀ ਕੇਜਰੀਵਾਲ ਧਰਮ ਵਾਲੇ ਪਾਸੇ ਹੋ ਗਏ ਹਨ ਤਾਂ ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਲਾਹਾ ਲਿਆ ਜਾ ਸਕੇ।

ਮਜੀਠੀਆ ਨੇ ਆਪ ਦੇ ਕਨਵੀਨਰ ਨੂੰ ਸਲਾਹ ਦਿੱਤੀ ਕਿ ਉਹ ਜੋ ਪ੍ਰਚਾਰ ਕਰਦੇ ਹਨ, ਉਸ 'ਤੇ ਡੱਟਣ ਦੀ ਕੋਸ਼ਿਸ਼ਾਂ ਕਰਨ। ਉਹਨਾਂ ਕਿਹਾ ਕਿ ਸ੍ਰੀ ਕੇਜਰੀਵਾਲ ਕਰੰਸੀ ਨੋਟਾਂ 'ਤੇ ਦੇਵੀ ਦੇਵਤਿਆਂ ਦੀ ਤਸਵੀਰ ਛਪਵਾਉਣ ਦੀ ਮੰਗ ਕਰ ਕੇ ਆਪਣੇ ਆਪ ਨੂੰ ਕੱਟੜ ਹਿੰਦੂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ਾਂ ਕਰ ਰਹੇ ਹਨ ਪਰ ਉਹਨਾਂ ਨੂੰ ਆਪਣੇ ਚੁਣੇ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਰਾਬੀ ਹੋਣ 'ਤੇ ਕੋਈ ਅਫ਼ਸੋਸ ਨਹੀਂ ਹੈ।









## ਭੜਕਾਊ ਭਾਸ਼ਣ ਮਾਮਲੇ ’ਚ ਆਜ਼ਮ ਖਾਨ ਨੂੰ ਤਿੰਨ ਸਾਲ ਦੀ ਸਜ਼ਾ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): ਰਾਮਪੁਰ ਅਦਾਲਤ ਨੇ ਸਮਾਜਵਾਦੀ ਪਾਰਟੀ ਦੇ ਨੇਤਾ ਆਜ਼ਮ ਖਾਨ ਨੂੰ ਭੜਕਾਊ ਭਾਸ਼ਣ ਦੇਣ ਦੇ ਮਾਮਲੇ ਵਿੱਚ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ 10 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਆਜ਼ਮ ਖਾਨ ਨੂੰ ਅੱਜ ਰਾਮਪੁਰ ਅਦਾਲਤ ਨੇ ਆਈਪੀਸੀ ਦੀ ਧਾਰਾ 153-ਏ, 505-ਏ ਅਤੇ 125 ਲੋਕ ਪ੍ਰਤੀਨਿਧਤਾ ਐਕਟ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਸਜ਼ਾ ਦੇ ਐਲਾਨ ਤੋਂ ਬਾਅਦ ਸਮਾਜਵਾਦੀ ਪਾਰਟੀ ਦੇ ਵਿਧਾਇਕ ਆਜ਼ਮ ਖਾਨ ਦੀ ਵਿਧਾਨ ਸਭਾ ਮੈਂਬਰੀ ਖ਼ਤਰੇ ਵਿੱਚ ਹੈ। ਹਾਲਾਂਕਿ ਆਜ਼ਮ ਖਾਨ ਦੇ ਵਕੀਲਾਂ ਦੀ ਤਰਫੋਂ ਅਦਾਲਤ ਵਿੱਚ ਦੋ ਜ਼ਮਾਨਤ ਦਾਇਰ ਕਰ ਦਿੱਤੀਆਂ ਗਈਆਂ ਹਨ, ਜ਼ਮਾਨਤ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਜਦੋਂ ਇਸ ਬਾਰੇ



ਆਜ਼ਮ ਖਾਨ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਅਦਾਲਤ ਦੇ ਫੈਸਲੇ ਨੂੰ ਸਵੀਕਾਰ ਕਰਦੇ ਹਨ।

ਦੱਸ ਦੇਈਏ ਕਿ ਆਜ਼ਮ ਖਾਨ (ਦੇ ਖਿਲਾਫ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਨ੍ਹਾਂ ਨੇ ਮਿਲਕ ਕੋਤਵਾਲੀ ਖੇਤਰ ਦੇ ਖਾਤਾਨਗਰਿਆ ਪਿੰਡ ਵਿੱਚ ਇੱਕ ਜਨਸਭਾ ਨੂੰ ਸੰਬੋਧਿਤ ਕੀਤਾ ਸੀ। ਦੋਸ਼ ਹੈ ਕਿ ਉਸ ਨੇ ਭੜਕਾਊ ਭਾਸ਼ਣ ਦਿੱਤਾ ਸੀ ਜਿਸ ਨਾਲ ਦੋ ਵਰਗਾਂ ਵਿਚਾਲੇ ਨਫ਼ਰਤ ਫੈਲ ਸਕਦੀ ਸੀ। ਜਿਸ ਦਾ ਵੀਡੀਓ ਵਾਇਰਲ ਹੋ ਗਿਆ ਸੀ।

## ਕੇਜਰੀਵਾਲ ਨੇ ਕਿਹਾ: ਭਾਰਤੀ ਕਰੰਸੀ ’ਤੇ ਗਾਂਧੀ ਦੇ ਨਾਲ ਲਕਸ਼ਮੀ-ਗਣੇਸ਼ ਦੀ ਫੋਟੋ ਹੋਣੀ ਚਾਹੀਦੀ ਹੈ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ) ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਕਰਕੇ ਕੇਂਦਰ ਸਰਕਾਰ ਨੂੰ ਅਹਿਮ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਰੁਪਏ ‘ਤੇ ਗਾਂਧੀ ਜੀ ਦੇ ਨਾਲ ਲਕਸ਼ਮੀ-ਗਣੇਸ਼ ਦੀ ਫੋਟੋ ਹੋਣੀ ਚਾਹੀਦੀ ਹੈ। ਇਹ ਖੁਸ਼ਹਾਲੀ ਅਤੇ ਖੁਸ਼ਹਾਲੀ ਲਿਆਏਗਾ ਅਤੇ ਪੂਰੇ ਦੇਸ਼ ਨੂੰ ਉਸਦਾ ਆਸ਼ੀਰਵਾਦ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਦੀ ਸ਼ੁਰੂਆਤ ਨਵੇਂ ਨੋਟਾਂ ਨਾਲ ਕੀਤੀ ਜਾ ਸਕਦੀ ਹੈ। ਇਸ ਦੇ ਲਈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਵੀ ਲਿਖਣਗੇ।

ਉਨ੍ਹਾਂ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਬੁਰੇ ਦੌਰ ‘ਚੋਂ ਗੁਜ਼ਰ ਰਹੀ ਹੈ, ਡਾਲਰ ਦੇ ਮੁਕਾ-





ਬਲੇ ਰੁਪਿਆ ਡਿੱਗ ਰਿਹਾ ਹੈ। ਇਸ ਦਾ ਅਸਰ ਆਮ ਆਦਮੀ ‘ਤੇ ਸਾਫ਼ ਨਜ਼ਰ ਆ ਰਿਹਾ ਹੈ। ਇਸ ਕਾਰਨ ਆਮ ਆਦਮੀ ਪ੍ਰੇਸ਼ਾਨ ਹੈ। ਅਸੀਂ ਚਾਹੁੰਦੇ ਹਾਂ ਕਿ ਭਾਰਤ ਅਮੀਰ ਦੇਸ਼ ਬਣੇ, ਲੋਕ ਅਮੀਰ ਬਣਨ। ਇਸ ਦੇ ਲਈ ਸਾਨੂੰ ਕਈ ਕਦਮ ਚੁੱਕਣੇ ਪੈਣਗੇ। ਅਸੀਂ ਹਸਪਤਾਲ ਬਣਾਉਣੇ ਹਨ, ਵੱਡੀ ਗਿਣਤੀ ਵਿੱਚ ਸਕੂਲ ਖੋਲ੍ਹਣੇ ਹਨ। ਬੁਨਿਆਦੀ ਢਾਂਚਾ ਬਣਾਇਆ ਜਾਣਾ ਹੈ।

ਕੇਜਰੀਵਾਲ ਨੇ ਕਿਹਾ ਕਿ ਸਾਡੀਆਂ ਕੋਸ਼ਿਸ਼ਾਂ ਉਦੋਂ ਹੀ ਸਫਲ ਹੋਣਗੀਆਂ ਜਦੋਂ ਸਾਡੇ ’ਤੇ ਭਗਵਾਨ ਦਾ ਆਸ਼ੀਰਵਾਦ ਹੋਵੇਗਾ। ਉਨ੍ਹਾਂ ਕਿਹਾ ਕਿ ਕਈ ਵਾਰ ਅਜਿਹਾ ਹੁੰਦਾ ਹੈ ਕਿ ਮਿਹਨਤ ਕਰਨ ਤੋਂ ਬਾਅਦ ਵੀ ਕੋਈ ਨਤੀਜਾ ਨਹੀਂ ਨਿਕਲਦਾ। ਇਸ ਮਾਮਲੇ ਵਿੱਚ, ਪਰਮੇਸ਼ੁਰ ਦੀ ਅਸੀਸ ਦੀ ਲੋੜ ਹੈ. ਜਦੋਂ ਦੇਵਤਿਆਂ ਦਾ ਆਸ਼ੀਰਵਾਦ ਹੁੰਦਾ ਹੈ ਤਾਂ ਨਤੀਜੇ ਆਉਣੇ ਸ਼ੁਰੂ ਹੋ ਜਾਂਦੇ ਹਨ।

## ਰਾਜਨਾਥ ਸਿੰਘ ਨੇ ਰੂਸ ਦੇ ਰੱਖਿਆ ਮੰਤਰੀ ਨੂੰ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਲਈ ਕਿਹਾ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): ਰੂਸ ਅਤੇ ਯੂਕਰੇਨ ਵਿਚਾਲੇ ਜੰਗ ਅੱਠ ਮਹੀਨਿਆਂ ਬਾਅਦ ਵੀ ਜਾਰੀ ਹੈ। ਇਸ ਦੌਰਾਨ ਦੋਵੇਂ ਦੇਸ਼ ਕੂਟਨੀਤਕ ਪੱਧਰ ’ਤੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਨਾਲ ਸੰਪਰਕ ਕਰ ਰਹੇ ਹਨ। ਇਸ ਕੜੀ ‘ਚ ਵੀਰਵਾਰ ਨੂੰ ਰੂਸ ਦੇ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨੇ ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਟੈਲੀਫੋਨ ‘ਤੇ ਗੱਲਬਾਤ ਕੀਤੀ।

ਇਸ ਗੱਲਬਾਤ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਰੂਸੀ ਹਮਰੁਤਬਾ ਸਰਗੇਈ ਸ਼ੋਇਗੂ ਨੂੰ ਕਿਹਾ ਕਿ ਯੂਕਰੇਨ ਵਿਵਾਦ ਨੂੰ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਪੱਖ ਨੂੰ ਪ੍ਰਮਾਣੂ ਵਿਕਲਪ ਦਾ ਸਹਾਰਾ ਨਹੀਂ ਲੈਣਾ ਚਾਹੀਦਾ। ਰੱਖਿਆ ਮੰਤਰਾਲੇ ਨੇ ਕਿਹਾ ਕਿ ਟੈਲੀਫੋਨ ‘ਤੇ ਗੱਲਬਾਤ ਦੌਰਾਨ ਸ਼ੋਇਗੂ ਨੇ ਰਾਜਨਾਥ ਸਿੰਘ ਨੂੰ ‘ਡਰਟੀ ਬੰਬ’ ਦੀ ਵਰਤੋਂ ਨਾਲ ਉਕਸਾਉਣ ਦੀ



ਸੰਭਾਵਨਾ ਬਾਰੇ ਆਪਣੀਆਂ ਚਿੰਤਾਵਾਂ ਸਮੇਤ ਯੂਕਰੇਨ ਦੀ ਬਦਲਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਰੂਸ ਅਤੇ ਯੂਕਰੇਨ ਦਰਮਿਆਨ ਵਧਦੀ ਦੁਸ਼ਮਣੀ ਦੇ ਵਿਚਕਾਰ ਰੂਸੀ ਰੱਖਿਆ ਮੰਤਰੀ ਦੀ ਪਹਿਲਕਦਮੀ ‘ਤੇ ਇਹ ਗੱਲਬਾਤ ਹੋਈ।

ਇਸਦੇ ਨਾਲ ਹੀ ਰੱਖਿਆ ਮੰਤਰ-ਾਲੇ ਨੇ ਕਿਹਾ ਕਿ ਰਾਜਨਾਥ ਸਿੰਘ ਨੇ ਵਿਵਾਦ ਦੇ ਛੇਤੀ ਹੱਲ ਲਈ ਗੱਲਬਾਤ ਅਤੇ ਕੂਟਨੀਤੀ ਦੇ ਰਾਹ ‘ਤੇ ਚੱਲਣ ਦੀ ਜ਼ਰੂਰਤ ’ਤੇ ਭਾਰਤ ਦੇ ਸਟੈਂਡ ਨੂੰ ਦੁਹਰਾਇਆ। ਇਸ ਨੇ ਕਿਹਾ ਕਿ ਕਿਸੇ ਵੀ ਪੱਖ ਨੂੰ ਪ੍ਰਮਾਣੂ ਵਿਕਲਪ ਦਾ ਸਹਾਰਾ ਨਹੀਂ ਲੈਣਾ ਚਾਹੀਦਾ ਕਿਉਂਕਿ ਪ੍ਰਮਾਣੂ ਜਾਂ ਰੇਡੀਓਲੌਜੀਕਲ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਮਨੁੱਖਤਾ ਦੇ ਬੁਨਿਆਦੀ ਸਿਧਾਂਤਾਂ ਦੇ ਵਿਰੁੱਧ ਹੈ। ਇਸ ਵਿਚ ਕਿਹਾ ਗਿਆ ਹੈ ਕਿ ਦੋਵਾਂ ਮੰਤਰੀਆਂ ਨੇ ਦੁਵੱਲੇ ਰੱਖਿਆ ਸਹਿਯੋਗ ਦੇ ਨਾਲ-ਨਾਲ ਯੂਕਰੇਨ ਵਿਚ ਵਿਗੜਦੀ ਸਥਿਤੀ ’ਤੇ ਚਰਚਾ ਕੀਤੀ।

## ਦਿੱਲੀ ਹੀ ਨਹੀਂ, ਯੂਪੀ-ਹਰਿਆਣਾ ਦੇ ਕਈ ਸ਼ਹਿਰਾਂ ਵਿੱਚ ਵੀ ਦੀਵਾਲੀ ਤੋਂ ਬਾਅਦ ਪ੍ਰਦੂਸ਼ਣ ਦਾ ਪੱਧਰ ਵਧਿਆ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)- ਦੀਵਾਲੀ ਤੋਂ ਇੱਕ ਦਿਨ ਬਾਅਦ, ਦਿੱਲੀ ਅਤੇ ਕਈ ਹੋਰ ਸ਼ਹਿਰਾਂ ਅਤੇ ਕਸਬਿਆਂ ਵਿੱਚ ਹਵਾ ਦੀ ਗੁਣਵੱਤਾ 'ਖਰਾਬ' ਜਾਂ 'ਬਹੁਤ ਖਰਾਬ' ਦਰਜ ਕੀਤੀ ਗਈ, ਖਾਸ ਤੌਰ 'ਤੇ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ, ਪਰ ਰਾਸ਼ਟਰੀ ਪੱਧਰ 'ਤੇ ਪਿਛਲੇ ਸਾਲਾਂ ਦੇ ਮੁਕਾਬਲੇ ਦਿੱਲੀ ਵਿੱਚ ਸਥਿਤੀ ਸੀ।

ਦੀਵਾਲੀ ਤੋਂ ਬਾਅਦ ਰਾਸ਼ਟਰੀ ਰਾਜਧਾਨੀ ਅਤੇ ਇਸ ਦੇ ਨੇੜਲੇ ਖੇਤਰਾਂ ਵਿੱਚ ਹਵਾ ਦੀ ਗੁਣਵੱਤਾ ਵਿੱਚ ਗੰਭੀਰ ਗਿਰਾਵਟ ਦੇਖੀ ਗਈ, ਜਦੋਂ ਪਿਛਲੇ ਦੋ ਸਾਲਾਂ ਦੌਰਾਨ ਨਵੰਬਰ ਵਿੱਚ ਤਿਉਹਾਰ ਮਨਾਇਆ ਗਿਆ, ਇਸ ਖੇਤਰ ਵਿੱਚ ਦਿਨ ਵੇਲੇ ਗਹਿਰੀ ਧੁੰਦ ਦੇਖਣ ਨੂੰ ਮਿਲੀ। ਹਾਲਾਂਕਿ, ਤਾਪਮਾਨ ਅਤੇ ਹਵਾ ਦੀ ਦਿਸ਼ਾ ਨਾਲ ਸਬੰਧਤ ਅਨੁਕੂਲ ਮੌਸਮ ਨੇ ਇਸ ਸਾਲ ਪਟਾਕਿਆਂ ਅਤੇ ਪਰਾਲੀ ਸਾੜਨ ਦੇ ਪ੍ਰਭਾਵ ਨੂੰ ਕੁਝ ਹੱਦ ਤੱਕ ਘਟਾ ਦਿੱਤਾ ਹੈ।

ਸੋਮਵਾਰ ਰਾਤ 11 ਵਜੇ ਦਿੱਲੀ ਦਾ ਏਅਰ ਕੁਆਲਿਟੀ ਇੰਡੈਕਸ 310 'ਤੇ



ਰਿਹਾ। ਮੰਗਲਵਾਰ ਸਵੇਰੇ 6 ਵਜੇ ਤੱਕ ਇਹ ਵਧ ਕੇ 326 ਹੋ ਗਿਆ, ਸਵੇਰੇ 9 ਵਜੇ ਤੱਕ ਸਥਿਰ ਰਿਹਾ ਅਤੇ ਫਿਰ ਘਟਣਾ ਸ਼ੁਰੂ ਹੋ ਗਿਆ। ਇਹ ਸ਼ਾਮ 4.10 ਵਜੇ 312 ਸੀ.

ਜ਼ੀਰੋ ਅਤੇ 50 ਦੇ ਵਿਚਕਾਰ ਨੂੰ 'ਚੰਗਾ', 51 ਅਤੇ 100 ਨੂੰ 'ਤਸੱਲੀਬਖਸ਼', 101 ਅਤੇ 200 ਨੂੰ 'ਮੱਧਮ', 201 ਅਤੇ 300 ਨੂੰ 'ਖਰਾਬ', 301 ਅਤੇ 400 ਨੂੰ 'ਬਹੁਤ ਖਰਾਬ' ਅਤੇ 401 ਅਤੇ 500 ਨੂੰ 'ਬਹੁਤ ਖਰਾਬ' ਮੰਨਿਆ ਜਾਂਦਾ ਹੈ।

ਗੁਆਂਢੀ ਰਾਜਾਂ ਵਿੱਚੋਂ, ਨੋਇਡਾ (312) ਅਤੇ ਗੁਰੂਗ੍ਰਾਮ (313), ਉੱਤਰ ਪ੍ਰਦੇਸ਼ ਵਿੱਚ ਫਰੀਦਾਬਾਦ (311) ਅਤੇ ਹਰਿਆਣਾ ਦੇ ਚਰਖੋ ਦਾਦਰੀ (301) ਵਿੱਚ ਸਵੇਰੇ 9 ਵਜੇ ਹਵਾ ਦੀ ਗੁਣਵੱਤਾ ਬਹੁਤ ਖਰਾਬ ਰਹੀ। ਯੂਪੀ ਵਿੱਚ, ਗ੍ਰੇਟਰ ਨੋਇਡਾ (282) ਅਤੇ ਗਾਜ਼ੀਆਬਾਦ (272) ਵੀ ਬਹੁਤ ਗਰੀਬ ਸ਼੍ਰੇਣੀ ਦੇ ਨੇੜੇ ਸਨ।

## ਇੱਕ ਵਾਰ ਆਪਣੀ ਪਾਰਟੀ ਨੂੰ ਭੁੱਲ ਕੇ ਦੇਸ਼ ਲਈ ਵੋਟ ਪਾਓ, ਕੇਜਰੀਵਾਲ ਨੇ ਕੀਤੀ ਭਾਜਪਾ ਸਮਰਥਕਾਂ ਨੂੰ ਅਪੀਲ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੂੜੇ ਦੇ ਮੁੱਦੇ ‘ਤੇ ਭਾਜਪਾ ਨੂੰ ਘੇਰਨ ਲਈ ਵੀਰਵਾਰ ਨੂੰ ਗਾਜ਼ੀਪੁਰ ਲੈਂਡਫਿਲ ਸਾਈਟ ‘ਤੇ ਪਹੁੰਚੇ। ਇਸ ਦੌਰਾਨ ਭਾਜਪਾ ਵਰਕਰਾਂ ਦਾ ਪ੍ਰਦਰਸ਼ਨ ਜਾਰੀ ਰਿਹਾ। ਇਸ ਤੋਂ ਪਹਿਲਾਂ ਵੀਰਵਾਰ ਨੂੰ ਗਾਜ਼ੀਪੁਰ ‘ਚ ਦਿੱਲੀ ਭਾਜਪਾ ਵਰਕਰ ਅਤੇ ‘ਆਪ’ ਵਰਕਰ ਆਹਮੋ-ਸਾਹ-ਮਣੇ ਹੋ ਗਏ ਅਤੇ ਆਪਸ ‘ਚ ਭਿੜ ਗਏ।

ਗਾਜ਼ੀਪੁਰ ਲੈਂਡਫਿਲ ਸਾਈਟ ‘ਤੇ ਪਹੁੰ-ਚੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਾਜਪਾ ਸਮਰਥਕਾਂ ਨੂੰ ਮੇਰੀ ਅਪੀਲ ਹੈ- ‘ਥੋੜਾ ਸੋਚੋ। ਭਾਜਪਾ ਨੇ ਦਿੱਲੀ ਨੂੰ ਗੰਦਗੀ ਤੇ ਕੂੜੇ ਦੇ ਪਹਾੜਾਂ ਤੋਂ ਇਲਾਵਾ ਕੀ ਦਿੱਤਾ? ਇੱਕ ਵਾਰ ਆਪਣੀ ਪਾਰਟੀ ਨੂੰ ਭੁੱਲ ਕੇ



ਦੇਸ਼ ਲਈ ਵੋਟ ਪਾਓ। ਦਿੱਲੀ ਦੇ ਸੀਐਮ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਲਿਖਿਆ ਕਿ ਪਿਛਲੇ 15 ਸਾਲਾਂ ਤੋਂ ਦਿੱਲੀ ਨਗਰ ਨਿਗਮ ਵਿੱਚ ਬੈਠੀ ਭਾਜਪਾ ਨੇ ਦਿੱਲੀ ਵਿੱਚ ਥਾਂ-ਥਾਂ ਕੂੜਾ ਫੈਲਾ ਦਿੱਤਾ ਹੈ, ਅੱਜ ਮੈਂ ਗਾਜ਼ੀਪੁਰ ਵਿੱਚ ਕੂੜੇ ਦਾ ਪਹਾੜ ਦੇਖਣ ਆਇਆ ਹਾਂ।

## ਪੈਰੋਲ ਉਤੇ ਬਾਹਰ ਆਏ ਹੋਏ ਰਾਮ ਰਹੀਮ ਨੇ ਦੀਵਾਲੀ ’ਤੇ ਮਿਊਜ਼ਿਕ ਵੀਡੀਓ ਕੀਤਾ ਜਾਰੀ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਬਲਾਤਕਾਰ ਅਤੇ ਕਤਲ ਦੇ ਦੋਸ਼ੀ ਗੁਰਮੀਤ ਰਾਮ ਰਹੀਮ ਸਿੰਘ ਇਨ੍ਹੀਂ ਦਿਨੀਂ 40 ਦਿਨਾਂ ਦੀ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਹਨ। ਰਾਮ ਰਹੀਮ ਨੇ ਯੂਪੀ ਦੇ ਬਰਨਾਵਾ ਆਸ਼ਰਮ ਵਿੱਚ 5 ਸਾਲ ਬਾਅਦ ਪਹਿਲੀ ਵਾਰ ਦੀਵਾਲੀ ਮਨਾਈ। ਇਸ ਦੌਰਾਨ ਉਨ੍ਹਾਂ ਨੇ ਦੀਵਾਲੀ ਦਾ ਮਿਊਜ਼ਿਕ ਵੀਡੀਓ ਲਾਂਚ ਕੀਤਾ। 3.52 ਮਿੰਟ ਦਾ ਇਹ ਵੀਡੀਓ ਯੂਟਿਊਬ 'ਤੇ ਟਰੈਂਡਿੰਗ ਕਰ ਰਿਹਾ ਹੈ। ਦੱਸ ਦਈਏ ਕਿ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਸਾਲ 2017 'ਚ ਦੋਸ਼ੀ ਕਰਾਰ ਦਿੰਦੇ ਹੋਏ 20 ਸਾਲ ਦੀ ਸਜ਼ਾ ਸੁਣਾਈ ਗਈ ਸੀ। ਉਸ ਦੇ ਪਰਿਵਾਰ ਵੱਲੋਂ ਦਾਇਰ ਅਰਜ਼ੀ ਤੋਂ ਬਾਅਦ ਉਸ ਨੂੰ ਪਿਛਲੇ ਹਫ਼ਤੇ ਪੈਰੋਲ ਦਿੱਤੀ ਗਈ ਸੀ।

ਰਾਮ ਰਹੀਮ ਦਾ ਪੰਜਾਬੀ ਮਿਊਜ਼ਿਕ ਵੀਡੀਓ ਦੀਵਾਲੀ ਵਾਲੇ ਦਿਨ ਉਨ੍ਹਾਂ ਦੇ ਯੂਟਿਊਬ ਚੈਨਲ 'ਤੇ ਰਿਲੀਜ਼ ਕੀਤਾ



ਗਿਆ। ਪੰਜਾਬੀ ਭਾਸ਼ਾ 'ਚ ਲਾਂਚ ਹੋਏ 3 ਮਿੰਟ 52 ਸੈਕਿੰਡ ਦੇ ਗੀਤ 'ਚ ਰਾਮ ਰਹੀਮ ਨੇ ਖੁਦ ਕੰਮ ਕੀਤਾ ਹੈ। ਵੀਡੀਓ 'ਚ ਰਾਮ ਰਹੀਮ ਦੇ ਆਪਣੇ ਗੁਰੂ ਸ਼ਾਹ ਸਤਨਾਮ ਨਾਲ ਪੁਰਾਣੇ ਸ਼ਾਟ ਫਿਲਮਾਏ ਗਏ ਹਨ। ਰਾਮ ਰਹੀਮ ਨੇ ਇਸ ਨੂੰ ਆਪਣਾ ਨਵਾਂ ਭਜਨ ਕਿਹਾ ਹੈ। ਇਸ ਦੇ ਨਾਲ ਹੀ ਇਸ ਗੀਤ ਦੀ ਕੰਪੋਜ਼ਿੰਗ, ਐਡੀਟਿੰਗ, ਮਿਊਜ਼ਿਕ ਸਮੇਤ ਸਾਰਾ ਕੰਮ ਉਸ ਨੇ ਖੁਦ ਕਰਨ ਦਾ ਦਾਅਵਾ ਕੀਤਾ ਹੈ।

ਵੀਡੀਓ 'ਚ ਰਾਮ ਰਹੀਮ ਨੂੰ ਦੀਵਾ ਜਗਾਉਂਦੇ ਹੋਏ ਸੈਰ ਕਰਦੇ ਦਿਖਾਇਆ ਗਿਆ ਹੈ। ਉਸ ਦੇ ਨਾਲ ਦੋ ਸਾਥੀਆਂ ਦੀਆਂ ਕਲਿੱਪ ਵੀ ਹਨ। ਕਿਹਾ ਜਾ ਰਿਹਾ ਹੈ, "ਲੋਕ ਇੱਕ ਦਿਨ ਦੀਵਾਲੀ ਮਨਾਉਂਦੇ ਹਨ, ਪਰ ਤੁਹਾਡਾ ਧੰਨਵਾਦ, ਸਾਡੇ ਲਈ ਹਰ ਦਿਨ ਦੀਵਾਲੀ ਹੈ।

## ਅਮਿਤ ਸ਼ਾਹ ਨੇ ਹਰਿਆਣਾ ਲਈ 6 ਹਜ਼ਾਰ ਕਰੋੜ ਦੇ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ

ਫਰੀਦਾਬਾਦ, 27 ਅਕਤੂਬਰ (ਪੋਸਟ ਬਿਊਰੋ): ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਹਰਿਆਣਾ ਔਰਬਿਟਲ ਰੇਲ ਕਾਰੀਡੋਰ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਅਤੇ ਤਿੰਨ ਹੋਰ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਇਨ੍ਹਾਂ ਦੀ ਕੁੱਲ ਲਾਗਤ 6,629 ਕਰੋੜ ਰੁਪਏ ਹੈ। ਸ਼ਾਹ ਨੇ ਫਰੀਦਾਬਾਦ ਦੇ ਸੈਕਟਰ-12 ਸਥਿਤ ਪਰੇਡ ਗਰਾਊਂਡ ਵਿਚ ਆਯੋਜਿਤ ਪ੍ਰੋਗਰਾਮ ’ਚ ਆਨਲਾਈਨ ਜ਼ਰੀਏ ਇਨ੍ਹਾਂ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਸ਼ਾਹ ਨੇ ਸੋਨੀਪਤ ਦੇ ਬਰਹੀ ਵਿਚ 590 ਕਰੋੜ ਰੁਪਏ ਦੇ ਰੇਲ ਕੋਚ ਨਵੀਨੀਕਰਨ ਕਾਰਖ਼ਾਨੇ ਅਤੇ ਹੋਰਤਕ ’ਚ 315.40 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਦੇਸ਼ ਦੇ ਪਹਿਲੇ ਸਭ ਤੋਂ ਲੰਬੇ ਐਲੀਵੇਟੇਡ ਰੇਲਵੇ ਟਰੈਕ ਦਾ ਉਦਘਾਟਨ ਕੀਤਾ। ਕੇਂਦਰੀ ਗ੍ਰਹਿ ਮੰਤਰੀ ਨੇ 106 ਕਰੋੜ ਰੁਪਏ ਦੀ



ਲਾਗਤ ਨਾਲ ਬਣੇ ਹਰਿਆਣਾ ਪੁਲਸ ਨਿਵਾਸ ਕੰਪਲੈਕਸ ਦਾ ਉਦਘਾਟਨ ਕੀਤਾ। ਉਨ੍ਹਾਂ ਨੇ 5,618 ਕਰੋੜ ਰੁਪਏ ਦੀ ਲਾਗਤ ਵਾਲੀ ਹਰਿਆਣਾ ਔਰਬਿਟਲ ਰੇਲ ਕਾਰੀਡੋਰ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ।


ਇਸ ਦੌਰਾਨ ਪ੍ਰੋਗਰਾਮ ’ਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ, ਉੱਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ, ਰੇਲ ਮੰਤਰੀ ਅਸ਼ਵਨੀ ਵੈਸ਼ਣਵ, ਕੇਂਦਰੀ ਊਰਜਾ ਮੰਤਰੀ ਅਤੇ ਭਾਰੀ ਉਦਯੋਗ ਰਾਜ ਮੰਤਰੀ ਅਤੇ ਫਰੀਦਬਾਦ ਦੇ ਸਥਾਨਕ ਸੰਸਦ ਮੈਂਬਰ ਕ੍ਰਿਸ਼ਨਪਾਲ ਗੁੱਜਰ ਅਤੇ ਭਾਜਪਾ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਓ. ਪੀ. ਧਨਖੜ ਵੀ ਮੌਜੂਦ ਸਨ।

## ਸਾਫਟਵੇਅਰ ਇੰਜੀਨੀਅਰ ਲੜਕੀ ਨਾਲ ਸਮੂਹਿਕ ਬਲਾਤਕਾਰ, ਕਈ ਸ਼ੱਕੀ ਹਿਰਾਸਤ ’ਚ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): ਝਾਰਖੰਡ ਦੇ ਚਾਈਬਾਸਾ ਵਿੱਚ ਇੱਕ ਇੰਜੀਨੀਅਰ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਇਸ ਮਾਮਲੇ ਵਿੱਚ ਹੁਣ ਤੱਕ 12 ਲੋਕਾਂ ਨੂੰ ਹਿਰਾਸਤ ਵਿੱਚ ਲੈ ਚੁੱਕੀ ਹੈ। ਫਿਲਹਾਲ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤਾ ਵੀਰਵਾਰ ਨੂੰ ਆਪਣੇ ਇੱਕ ਦੋਸਤ ਨਾਲ ਏਅਰਪੋਰਟ ਗਈ ਸੀ। ਉਥੇ ਖੜ੍ਹੇ ਦੋਵੇਂ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ 9-10 ਅਣਪਛਾਤੇ ਨੌਜਵਾਨ ਉਥੇ ਆਏ ਅਤੇ ਉਨ੍ਹਾਂ ਨੇ ਦੋਸਤ ਦੀ ਕੁੱਟਮਾਰ ਕੀਤੀ ਅਤੇ ਉਸ ਦਾ ਮੋਬਾਈਲ ਅਤੇ ਨਕਦੀ ਖੋਹ ਲਈ ਅਤੇ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ।

ਪੁਲੀਸ ਨੇ ਪੀੜਤਾ ਦਾ ਮੈਡੀਕਲ ਕਰਵਾ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ 'ਚ ਹੋਰ ਵੀ ਕਈ ਲੋਕਾਂ ਦੀ ਭਾਲ ਜਾਰੀ ਹੈ, ਇਨ੍ਹਾਂ ਲੋਕਾਂ ਦੀ ਗ੍ਰਿਫਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਵੀ ਕੀਤੀ ਜਾ ਰਹੀ ਹੈ।

ਮਾਮਲੇ ਦੀ ਜਾਂਚ ਕਰ ਰਹੇ ਪੁਲਿਸ



ਅਧਿਕਾਰੀ ਨੇ ਦੱਸਿਆ ਕਿ ਪੀੜਤਾ ਬੈਂਗਲੁਰੂ ਵਿੱਚ ਇੱਕ ਸਾਫਟਵੇਅਰ ਇੰਜੀਨੀਅਰ ਹੈ। ਫਿਲਹਾਲ ਉਹ ਚਾਈਬਾਸਾ 'ਚ ਕਿਰਾਏ ਦੇ ਮਕਾਨ 'ਚ ਰਹਿ ਰਹੀ ਸੀ। ਪੀੜਤਾ ਨੇ ਮੁਫਸਿਲ ਥਾਣੇ ਪਹੁੰਚ ਕੇ ਆਪਣੇ ਨਾਲ ਵਾਪਰੀ ਘਟਨਾ ਦੀ ਜਾਣਕਾਰੀ ਦਿੱਤੀ। ਉਦੋਂ ਤੋਂ ਹੀ ਪੁਲੀਸ ਨੇ ਸਰਗਰਮੀ ਦਿਖਾਉਂਦੇ ਹੋਏ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਇਸ ਘਟਨਾ ਨੂੰ ਲੈ ਕੇ ਸੂਬੇ ਵਿੱਚ ਸਿਆਸਤ ਵੀ ਤੇਜ਼ ਹੋ ਗਈ ਹੈ। ਸੂਬੇ ਦੇ ਸਾਬਕਾ ਮੁੱਖ ਮੰਤਰੀ ਰਘੁਵਰ ਦਾਸ ਨੇ ਇਸ ਘਟਨਾ ਨੂੰ ਕਾਨੂੰਨ ਵਿਵਸਥਾ ਦੀ ਅਸਫਲਤਾ ਦੱਸਦੇ ਹੋਏ ਮੌਜੂਦਾ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਹੈ।

## ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਸਿੰਘ ਨੂੰ ਪੈਰੋਲ ਦੇਣ ’ਤੇ ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਚੁੱਕੇ ਸਵਾਲ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): ਹਰਿਆਣਾ ਵਿੱਚ ਅਗਲੇ ਮਹੀਨੇ ਨਵੰਬਰ ਵਿੱਚ ਹੋਣ ਜਾ ਰਹੀਆਂ ਆਦਮਪੁਰ ਉਪ ਚੋਣ ਅਤੇ ਪੰਚਾਇਤੀ ਚੋਣਾਂ ਤੋਂ ਪਹਿਲਾਂ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਸਿੰਘ ਦੀ ਪੈਰੋਲ ਨੂੰ ਲੈ ਕੇ ਵਿਵਾਦ ਵਧਦਾ ਜਾ ਰਿਹਾ ਹੈ। ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਦਿੱਤੀ ਗਈ 40 ਦਿਨਾਂ ਦੀ ਪੈਰੋਲ ‘ਤੇ ਸਵਾਲ ਚੁੱਕੇ ਹਨ।

ਸਵਾਤੀ ਮਾਲੀਵਾਲ ਨੇ ਹਰਿਆਣਾ ਸਰਕਾਰ ਤੋਂ ਪੈਰੋਲ ਵਾਪਸ ਲੈਣ ਦੀ ਮੰਗ ਕੀਤੀ ਹੈ। ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਬਲਾਤਕਾਰੀ ਅਤੇ ਕਾਤਲ ਹੈ। ਜਦੋਂ ਵੀ ਹਰਿਆਣਾ ਸਰਕਾਰ ਚਾਹੁੰਦੀ ਹੈ, ਉਹ ਉਸ ਨੂੰ



ਪੈਰੋਲ ‘ਤੇ ਛੱਡ ਦਿੰਦੀ ਹੈ। ਇਸ ਵਾਰ ਰਾਮ ਰਹੀਮ ਪੈਰੋਲ ‘ਤੇ ਰਹਿੰਦਿਆਂ ਥਾਂ-ਥਾਂ ਸਤਿਸੰਗ ਕਰ ਰਿਹਾ ਹੈ ਅਤੇ ਇਸ ਸਤਿਸੰਗ ‘ਚ ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਮੇਅਰ ਹਿੱਸਾ ਲੈ ਰਹੇ ਹਨ।

ਸਵਾਤੀ ਮਾਲੀਵਾਲ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਆਪਣਾ ਅਕਸ ਸਾਫ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੇਰੀ ਹਰਿਆਣਾ ਸਰਕਾਰ ਨੂੰ ਅਪੀਲ ਹੈ ਕਿ ਉਸ ਦੀ ਪੈਰੋਲ ਤੁਰੰਤ ਰੱਦ ਕਰਕੇ ਉਸ ਨੂੰ ਜੇਲ੍ਹ ਭੇਜਿਆ ਜਾਵੇ। ਇਸ ਦੇ ਨਾਲ ਹੀ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਦਿੱਤੀ ਪੈਰੋਲ ‘ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਇਸ ਵਿਚ ਮੇਰੀ ਕੋਈ ਭੂਮਿਕਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਫੈਸਲੇ ਤੋਂ ਬਾਅਦ ਦੋਸ਼ੀਆਂ ਨੂੰ ਜੇਲ੍ਹ ਦੀ ਸਜ਼ਾ ਭੁਗਤਣੀ ਪੈਂਦੀ ਹੈ। ਉਸ ਤੋਂ ਬਾਅਦ ਜੇਲ੍ਹ ਦੇ ਨਿਯਮ ਸਾਰੇ ਕੈਦੀਆਂ ‘ਤੇ ਲਾਗੂ ਹੁੰਦੇ ਹਨ। ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਹਾਲ ਹੀ ‘ਚ ਸੁਨਾਰੀਆ ਜੇਲ ਤੋਂ 40 ਦਿਨਾਂ ਦੀ ਪੈਰੋਲ ‘ਤੇ ਰਿਹਾਅ ਕੀਤਾ ਗਿਆ ਸੀ।

## ਤਿਉਹਾਰੀ ਸੀਜ਼ਨ ’ਚ ਲੋਕਾਂ ਨੇ ਕੀਤੀ ਜ਼ਬਰਦਸਤ ਖਰੀਦਦਾਰੀ, ਧਨਤੇਰਸ ’ਤੇ 45 ਹਜ਼ਾਰ ਕਰੋੜ ਦਾ ਹੋਇਆ ਕਾਰੋਬਾਰ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): ਦੇਸ਼ 'ਚ ਮਹਿੰਗਾਈ ਦੇ ਵਿਚਕਾਰ ਤਿਉਹਾਰੀ ਸੀਜ਼ਨ 'ਚ ਨਵਰਾਤਰੀ ਤੋਂ ਲੈ ਕੇ ਹੁਣ ਤੱਕ ਡੇਢ ਲੱਖ ਕਰੋੜ ਤੋਂ ਜ਼ਿਆਦਾ ਦਾ ਕਾਰੋਬਾਰ ਹੋ ਚੁੱਕਾ ਹੈ। ਧਨਤੇਰਸ 'ਚ ਕਰੀਬ 45000 ਕਰੋੜ ਦਾ ਟਰਨਓਵਰ ਹੋਇਆ ਹੈ। ਇਸ ਸਾਲ ਲੋਕਾਂ ਨੇ ਗਹਿਣੇ, ਵਾਹਨ ਅਤੇ ਫਰਨੀਚਰ ਵਰਗੀਆਂ ਵਸਤੂਆਂ ਵੱਡੀ ਗਿਣਤੀ ਵਿੱਚ ਖਰੀਦੀਆਂ ਹਨ। ਕੋਵਿਡ-19 ਮਹਾਂਮਾਰੀ ਕਾਰਨ ਦੋ ਸਾਲਾਂ ਤੱਕ ਸੀਮਤ ਢੰਗ ਨਾਲ ਜਸ਼ਨ ਮਨਾਉਣ ਲਈ ਮਜਬੂਰ ਹੋਣ ਤੋਂ ਬਾਅਦ, ਇਸ ਸਾਲ ਦੀਵਾਲੀ 'ਤੇ ਬਾਜ਼ਾਰ ਖਰੀਦਦਾਰਾਂ ਨਾਲ ਭਰ ਗਏ ਸਨ। ਕੱਪੜਿਆਂ, ਮਠਿਆਈਆਂ, ਲਾਈਟਾਂ, ਪਟਾਕਿਆਂ, ਫੁੱਲਾਂ, ਤੋਹਫ਼ਿਆਂ ਆਦਿ ਦੀ ਕਾਫੀ ਖਰੀਦਦਾਰੀ ਹੋਈ।

ਧਿਆਨ ਯੋਗ ਹੈ ਕਿ ਇਸ ਸਾਲ ਦੀਵਾਲੀ 'ਤੇ ਭਾਰਤੀ ਬਾਜ਼ਾਰ 'ਚ ਚੀਨੀ ਸਮਾਨ ਦਾ ਕਾਰੋਬਾਰ ਸੁਸਤ ਰਿਹਾ। ਕਨਫੈਡਰੇਸ਼ਨ ਆਫ ਆਲ ਇੰਡੀਆ ਟਰੇਡਰਜ਼ (ਸੀ.ਏ.ਆਈ.ਟੀ.) ਵੱਲੋਂ ਅਨੁਮਾਨ ਲਗਾਇਆ ਗਿਆ ਸੀ ਕਿ ਇਸ



ਦੀਵਾਲੀ ਸੀਜ਼ਨ 'ਚ ਚੀਨ ਨੂੰ ਕਰੀਬ 60 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਸੀਏਆਈਟੀ ਦੇ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਐਨਡੀਟੀਵੀ ਨਾਲ ਗੱਲਬਾਤ ਵਿੱਚ ਕਿਹਾ ਸੀ, "ਜੇਕਰ ਅਸੀਂ ਦੀਵਾਲੀ ਦੇ ਤਿਉਹਾਰ ਦੀ ਪੂਜਾ ਤੋਂ ਲੈ ਕੇ ਘਰ ਦੀ ਸਜਾਵਟ ਤੱਕ ਦੀਆਂ ਚੀਜ਼ਾਂ ਦੀ ਗੱਲ ਕਰੀਏ, ਤਾਂ ਮੈਨੂੰ ਉਮੀਦ ਹੈ ਕਿ ਇਸ ਸਾਲ ਚੀਨ ਨੂੰ ਲਗਭਗ 60 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਨੁਕਸਾਨ ਹੋਵੇਗਾ।" ਸਮੇਂ ਦੇ ਨਾਲ, ਭਾਰਤੀ ਬਾਜ਼ਾਰ ਨੇ ਸਵਦੇਸ਼ੀ ਵਸਤੂਆਂ ਵਿੱਚ ਭਰੋਸਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਭਾਰਤੀ ਬਾਜ਼ਾਰ ਤੋਂ ਚੀਨ ਨੂੰ ਝਟਕਾ ਸਾਲ ਦਰ ਸਾਲ ਵਧਦਾ ਜਾ ਰਿਹਾ ਹੈ।



# ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਵ੍ਹਾਈਟ ਹਾਊਸ 'ਚ ਮਨਾਈ ਦੀਵਾਲੀ

ਵਾਸ਼ਿੰਗਟਨ, 27 ਅਕਤੂਬਰ (ਹੁਸਨ ਲੜੋਆ ਬੰਗਾ): ਸੋਮਵਾਰ ਨੂੰ ਵ੍ਹਾਈਟ ਹਾਊਸ 'ਚ ਦੀਵਾਲੀ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ 'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੇ ਪ੍ਰਸ਼ਾਸਨ ਤੋਂ ਕਈ ਭਾਰਤੀ-ਅਮਰੀਕੀਆਂ ਦੀ ਮੌਜੂਦਗੀ ਦੇਖਣ ਨੂੰ ਮਿਲੀ। ਬਾਈਡਨ ਨੇ ਇਸ ਦੌਰਾਨ ਕਿਹਾ, "ਤੁਹਾਡੀ ਮੇਜ਼ਬਾਨੀ ਕਰਕੇ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ। ਵ੍ਹਾਈਟ ਹਾਊਸ 'ਚ ਇਸ ਪੈਮਾਨੇ ਦਾ ਇਹ ਪਹਿਲਾ ਦੀਵਾਲੀ ਰਿਸੈਪਸ਼ਨ ਹੈ। ਸਾਡੇ ਕੋਲ ਇਤਿਹਾਸ ਵਿੱਚ ਪਹਿਲਾਂ ਨਾਲੋਂ ਕਿਤੇ ਵੱਧ ਏਸ਼ੀਅਨ ਅਮਰੀਕਨ ਹਨ ਅਤੇ ਅਸੀਂ ਦੀਵਾਲੀ ਨੂੰ ਅਮਰੀਕੀ ਸੱਭਿਆਚਾਰ ਦਾ ਇੱਕ ਖ਼ੁਸ਼ੀ ਦਾ ਹਿੱਸਾ ਬਣਾਉਣ ਲਈ ਤੁਹਾਡਾ ਧੰਨਵਾਦ ਕਰਨਾ ਚਾਹੁੰਦੇ ਹਾਂ। ਇਸ ਦੇ ਨਾਲ ਹੀ ਬਾਈਡਨ ਨੇ ਸੰਯੁਕਤ ਰਾਜ, ਭਾਰਤ ਅਤੇ ਦੁਨੀਆ ਭਰ ਵਿੱਚ ਪ੍ਰਕਾਸ਼ ਦੇ ਇਸ ਤਿਉਹਾਰ ਦੇ ਜਸ਼ਨਾਂ ਨੇ ਇੱਕ ਅਰਬ ਤੋਂ ਵੱਧ ਹਿੰਦੂਆਂ, ਜੈਨੀਆਂ, ਸਿੱਖਾਂ ਅਤੇ ਬੋਧੀਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ।



ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਨੇ ਵੀ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਬਾਈਡਨ ਪ੍ਰਸ਼ਾਸਨ ਦੁਨੀਆ ਭਰ ਦੇ 1 ਬਿਲੀਅਨ ਤੋਂ ਵੱਧ ਲੋਕਾਂ ਨੂੰ 'ਦੀਵਾ' ਰੋਸ਼ਨ ਕਰਨ ਅਤੇ ਬੁਰਾਈ 'ਤੇ ਚੰਗਿਆਈ, ਅਗਿਆਨਤਾ 'ਤੇ ਗਿਆਨ ਅਤੇ ਹਨੇਰੇ 'ਤੇ ਰੌਸ਼ਨੀ ਦੀ ਲੜਾਈ ਦਾ ਜਸ਼ਨ ਮਨਾਉਣ ਲਈ ਸ਼ਾਮਲ ਹੋ ਰਿਹਾ ਹੈ।

ਫਸਟ ਲੇਡੀ ਜਿਲ ਬਾਈਡਨ ਨੇ ਵੀ ਅਮਰੀਕਾ ਵਿੱਚ ਏਸ਼ੀਆਈ ਅਮਰੀਕੀ ਭਾਈਚਾਰੇ ਦੀ ਤਾਰੀਫ ਕੀਤੀ। ਅਮਰੀਕਾ ਦੀ ਪਹਿਲੀ ਮਹਿਲਾ ਨੇ ਕਿਹਾ, "ਮੈਂ ਸ਼ੁਕਰਗੁਜ਼ਾਰ ਹਾਂ ਕਿ ਇਨ੍ਹਾਂ ਦੀਵਿਆਂ ਨੇ ਅੱਜ ਤੁਹਾਨੂੰ ਇਸ ਘਰ ਤੱਕ ਪਹੁੰਚਾਇਆ ਹੈ। ਅਜਿਹਾ ਘਰ ਜੋ ਤੁਹਾਡੇ ਸਾਰਿਆਂ ਦਾ ਹੈ।"

ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੇ ਕਾਰਜਕਾਲ ਤੋਂ ਲੈ ਕੇ ਹੁਣ ਤੱਕ ਹਰ ਸਾਲ ਵ੍ਹਾਈਟ ਹਾਊਸ ਵਿੱਚ ਦੀਵਾਲੀ ਮਨਾਈ ਜਾਂਦੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਅਤੇ ਉਨ੍ਹਾਂ ਦੀ ਪਤਨੀ ਡਾਕਟਰ ਜਿਲ ਬਾਈਡਨ ਨੇ ਸੋਮਵਾਰ ਨੂੰ ਭਾਰਤੀ-ਅਮਰੀਕੀਆਂ ਨੂੰ ਦੀਵਾਲੀ ਮਨਾਉਣ ਲਈ ਵ੍ਹਾਈਟ ਹਾਊਸ ਬੁਲਾਇਆ ਸੀ।

# ਕੈਲੀਫੋਰਨੀਆ ਵਿਚ ਇਕ ਘਰ ਦੇ ਪਿਛਵਾੜੇ ਵਿਚੋਂ ਜ਼ਮੀਨ ਵਿਚ ਦੱਬੀ ਕਾਰ ਮਿਲੀ

ਸੈਕਰਾਮੈਂਟੋ, 27 ਅਕਤੂਬਰ (ਹੁਸਨ ਲੜੋਆ ਬੰਗਾ): ਸਨ ਫਰਾਂਸਿਸਕੋ (ਕੈਲੀਫੋਰਨੀਆ) ਨੇੜੇ ਇਕ ਰਿਹਾਇਸ਼ੀ ਮਕਾਨ ਦੇ ਪਿਛਵਾੜੇ ਜ਼ਮੀਨ ਵਿਚ ਦੱਬੀ ਇਕ ਕਾਰ ਬਰਾਮਦ ਹੋਈ ਹੈ। ਕਾਰ ਵਿਚੋਂ ਕੋਈ ਬਰਾਮਦਗੀ ਨਹੀਂ ਹੋਈ। ਪੁਲਿਸ ਮੁੱਖੀ ਸਟੀਵਨ ਮੈਕੂਲੀ ਨੇ ਦੱਸਿਆ ਕਿ ਕਾਰ ਦੇ ਦੱਬੀ ਹੋਣ ਦਾ ਪਤਾ ਸੂਹੀਆ ਕੁੱਤਿਆਂ ਨੇ ਲਾਇਆ ਸੀ ਜਿਸ ਉਪਰੰਤ ਜ਼ਮੀਨ ਪੁੱਟੀ ਗਈ। ਇਹ ਮਾਮਲਾ ਐਥਰਟਨ ਸ਼ਹਿਰ ਦਾ ਹੈ ਜਿਥੇ ਮੌਜੂਦਾ ਮਕਾਨ ਮਾਲਕ ਘਰ ਦਾ ਕੰਮ ਕਰਵਾ ਰਿਹਾ ਹੈ। ਉਨਾਂ ਕਿਹਾ ਕਿ ਸੂਹੀਆ ਕੁੱਤਿਆਂ ਨੇ ਜ਼ਮੀਨ ਵਿਚ ਮਨੁੱਖੀ ਲਾਸ਼ ਹੋਣ ਦਾ ਸੰਕੇਤ ਦਿੱਤਾ ਸੀ ਪਰੰਤੂ ਕਾਰ ਵਿਚੋਂ ਕੋਈ ਮਨੁੱਖੀ ਰਹਿੰਦ ਖੂੰਹਦ ਨਹੀਂ ਮਿਲੀ। ਐਥਰਟਨ ਦੇ ਮੇਅਰ ਰਿਕ ਡੀਗੋਲੀਆ ਅਨੁਸਾਰ ਕਾਰ ਜ਼ਮੀਨ



ਵਿਚ 5 ਫੁੱਟ ਹੇਠਾਂ ਦੱਬੀ ਹੋਈ ਸੀ। ਉਨਾਂ ਕਿਹਾ ਕਿ ਬਰਾਮਦ ਮਰਸੀਡਜ-ਬੈਂਜ਼ ਕਾਰ 1992 ਵਿਚ ਲਾਪਤਾ ਹੋਈ ਸੀ। ਮੇਅਰ ਅਨੁਸਾਰ ਪੁਲਿਸ ਨੇ ਕਾਰ ਦੇ ਸੰਭਾਵੀ ਮਾਲਕ ਦਾ ਪਤਾ ਲਾ ਲਿਆ ਹੈ ਜਿਸ ਦੀ ਪੁਸ਼ਟੀ ਅਜੇ ਨਹੀਂ ਹੋ ਸਕੀ ਪਰੰਤੂ ਲੱਗਦਾ ਹੈ ਕਿ ਉਸ ਦੀ ਮੌਤ ਹੋ ਚੁੱਕੀ। ਉਨਾਂ ਦਸਿਆ ਕਿ ਮਾਮਲਾ ਪੁਲਿਸ ਦੀ ਜਾਂਚ ਅਧੀਨ ਹੈ।

# ਅਮਰੀਕਾ ਦੇ ਸ਼ਹਿਰ ਸੇਂਟ ਲੂਇਸ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿੱਚ 2 ਮੌਤਾਂ, 6 ਜ਼ਖਮੀ

ਸੈਕਰਾਮੈਂਟੋ, 27 ਅਕਤੂਬਰ (ਹੁਸਨ ਲੜੋਆ ਬੰਗਾ): ਸੇਂਟ ਲੂਇਸ (ਮਿਸੂਰੀ) ਦੇ ਇਕ ਹਾਈ ਸਕੂਲ ਵਿਚ ਇਕ ਗੰਨਮੈਨ ਵੱਲੋਂ ਕੀਤੀ ਗੋਲੀਬਾਰੀ ਵਿਚ 2 ਜਣਿਆਂ ਦੀ ਮੌਤ ਹੋ ਗਈ ਤੇ 6 ਹੋਰ ਜ਼ਖਮੀ ਹੋ ਗਏ। ਕਮਿਸ਼ਨਰ ਮਾਈਕ ਸੈਕ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸੈਂਟਰਲ ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਹਾਈ ਸਕੂਲ ਦੇ ਅੰਦਰ ਹਮਲਾਵਰ ਨੇ ਗੋਲੀਆਂ ਮਾਰ ਕੇ ਇਕ ਬਾਲਗ ਔਰਤ ਤੇ ਇਕ ਨਬਾਲਗ ਲੜਕੀ ਦੀ ਹੱਤਿਆ ਕਰ ਦਿੱਤੀ। ਘਟਨਾ ਸਥਾਨਕ ਸਮੇ ਅਨੁਸਾਰ ਸਵੇਰੇ 9.10 ਵਜੇ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਕੁਝ ਹੀ ਮਿੰਟਾਂ ਵਿਚ ਸਕੂਲ ਵਿਚ ਪਹੁੰਚ ਗਈ। ਸਕੂਲ ਦੀ ਤੀਜੀ ਮੰਜਿਲ ਉਪਰ ਪੁਲਿਸ ਤੇ ਗੰਨਮੈਨ ਵਿਚਾਲ ਹੋਏ ਗੋਲੀਆਂ ਦੇ ਵਟਾਂਦਰੇ ਦੌਰਾਨ ਗੰਨਮੈਨ ਗੋਲੀ ਵੱਜਣ ਕਾਰਨ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਉਨਾਂ ਦਸਿਆ ਕਿ ਨਬਾਲਗ ਲੜਕੀ ਦੀ ਮੌਕੇ



ਉਪਰ ਹੀ ਮੌਤ ਹੋ ਗਈ ਜਦ ਕਿ ਔਰਤ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਉਨਾਂ ਕਿਹਾ ਕਿ ਸ਼ੱਕੀ ਹਮਲਾਵਰ ਦੀ ਅਜੇ ਪਛਾਣ ਕੀਤੀ ਜਾਣੀ ਹੈ ਜਦ ਕਿ ਗੋਲੀਬਾਰੀ ਵਿਚ ਮਾਰੀਆਂ ਗਈ ਔਰਤ ਤੇ ਲੜਕੀ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸੈਕ ਨੇ ਦੱਸਿਆ ਕਿ ਜ਼ਖਮੀਆਂ ਦਾ ਹਸਪਤਾਲ ਵਿਚ ਇਲਾਜ਼ ਚਲ ਰਿਹਾ ਹੈ ਜਿਥੇ ਉਨਾਂ ਦੀ ਹਾਲਤ ਵਿਚ ਸੁਧਾਰ ਹੋ ਰਿਹਾ ਹੈ। ਉਨਾਂ ਕਿਹਾ ਕਿ ਪੁਲਿਸ ਨੇ ਮਿਸਾਲੀ ਕਾਰਵਾਈ ਕੀਤੀ ਹੈ ਤੇ ਇਸ ਘਟਨਾ ਵਿਚ ਕੋਈ ਵੀ ਪੁਲਿਸ ਅਫਸਰ ਜ਼ਖਮੀ ਨਹੀਂ ਹੋਇਆ ਹੈ। ਸਕੂਲ ਵਿਚ ਹਮਲਾਵਰ ਕਿਸ ਤਰਾਂ ਦਾਖਲ ਹੋਇਆ, ਇਸ ਬਾਰੇ ਕਮਿਸ਼ਨਰ ਨੇ ਸਿੱਧਾ ਜਵਾਬ ਨਹੀਂ ਦਿੱਤਾ ਤੇ ਕੇਵਲ ਏਨਾ ਕਿਹਾ ਕਿ ਮਾਮਲੇ ਨੂੰ ਉਲਝਾਓ ਨਾ। ਉਨਾਂ ਕਿਹਾ ਇਸ ਸਮੇ ਸਕੂਲ ਦਾ ਗੇਟ ਬੰਦ ਕਰ ਦਿੱਤਾ ਗਿਆ ਹੈ। ਉਨਾਂ ਨੇ ਹੋਰ ਕੋਈ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

# ਅਮਰੀਕਾ ਦੇ ਸਿੱਖ ਪੁਲਿਸ ਅਫ਼ਸਰ ਦੀ ਹੱਤਿਆ ਦੇ ਦੋਸ਼ੀ ਨੂੰ ਸੁਣਾਈ ਮੌਤ ਦੀ ਸਜ਼ਾ



ਵਾਸ਼ਿੰਗਟਨ, 27 ਅਕਤੂਬਰ (ਪੋਸਟ ਬਿਊਰੋ): ਅਮਰੀਕਾ ਦੇ ਟੈਕਸਾਸ ਦੀ ਇੱਕ ਸੂਬਾਈ ਅਦਾਲਤ ਨੇ ਦੇਸ਼ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਸੰਦੀਪ ਧਾਲੀਵਾਲ ਦੀ ਹੱਤਿਆ ਦੇ ਦੋਸ਼ੀ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਸਤੰਬਰ 2019 ਵਿੱਚ ਡਿਊਟੀ ਦੌਰਾਨ ਸੋਲਿਸ ਨੇ ਦਿਨ ਦਿਹਾੜੇ ਧਾਲੀਵਾਲ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਸੰਦੀਪ ਧਾਲੀਵਾਲ ਹੈਰਿਸ ਕਾਊਂਟੀ ਵਿਭਾਗ ਦੇ ਪਹਿਲੇ ਸਿੱਖ ਡਿਪਟੀ ਅਫਸਰ ਸਨ। ਦੱਸਿਆ ਜਾ ਰਿਹਾ ਕਿ ਸੋਲਿਸ ਨੂੰ ਪੈਰੋਲ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਗਿਆ ਸੀ। ਧਾਲੀਵਾਲ ਨੇ ਸੋਲਿਸ ਨੂੰ ਪੈਰੋਲ ਦੀ ਉਲੰਘਣਾ ਦੇ ਦੋਸ਼ੀ ਫੜਿਆ ਸੀ। ਸੋਲਿਸ ਨੂੰ ਉਪ ਪੁਲਿਸ ਅਧਿਕਾਰੀ ਧਾਲੀਵਾਲ ਦੀ ਹੱਤਿਆ ਦੇ ਦੋਸ਼ੀ ਪਾਏ ਜਾਣ ਤੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਬਾਅਦ ਸਜ਼ਾ ਸੁਣਾਈ ਗਈ ਸੀ। ਹੈਰਿਸ ਕਾਉਂਟੀ ਦੇ ਜ਼ਿਲ੍ਹਾ ਅਟਾਰਨੀ ਕਿਮ ਓਗ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਸੀਂ ਸੋਲਿਸ ਲਈ ਮੌਤ ਦੀ ਸਜ਼ਾ ਦੀ ਅਪੀਲ ਕੀਤੀ ਹੈ। ਇਸ ਫੈਸਲੇ ਤੋਂ ਬਾਅਦ ਹੈਰਿਸ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਸੰਦੀਪ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ।

# ਨਿਊਯਾਰਕ ਵਿਚ ਹੋਏ ਦਿਵਾਲੀ ਸਮਾਗਮ ਵਿਚ ਭਾਰਤੀ ਭਾਈਚਾਰੇ ਨੇ ਕੀਤੀ ਵੱਡੀ ਗਿਣਤੀ ਵਿਚ ਸ਼ਮੂਲੀਅਤ

*** ਮੇਅਰ ਐਰਿਕ ਐਡਮਜ ਅਤੇ ਹੋਰਨਾਂ ਨੇ ਦਿੱਤੀਆਂ ਦਿਵਾਲੀ ਦੀਆਂ ਮੁਬਾਰਕਾਂ**

ਸੈਕਰਾਮੈਂਟੋ, 27 ਅਕਤੂਬਰ (ਹੁਸਨ ਲੜੋਆ ਬੰਗਾ): ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿਚ ਦਿਵਾਲੀ ਸਮਾਗਮ ਪੂਰੇ ਉਤਸ਼ਾਹ ਅਤੇ ਰਵਾਇਤੀ ਰਸਮਾਂ ਨਾਲ ਅਯੋਜਿਤ ਕੀਤਾ ਗਿਆ ਜਿਸ ਵਿਚ ਮੇਅਰ ਐਰਿਕ ਐਡਮਜ, ਨਿਊਯਾਰਕ ਦੇ ਸੈਨੇਟਰ ਚਾਰਲਸ ਈ ਸ਼ੂਮਰ, ਸਟੇਟ ਅਸੰਬਲੀ ਵੋਮੈਨ ਮੈਂਬਰ ਜੈਨੀਫਰ ਰਾਜ ਕੁਮਾਰ , ਮੈਨਹਟਨ ਬੋਰੋਘ ਦੇ ਪ੍ਰਧਾਨ ਮਾਰਕ ਲੈਵਾਈਨ ਤੇ ਨਿਊਯਾਰਕ ਵਿਚਲੇ ਭਾਰਤ ਦੇ ਕੌਂਸਲ ਜਨਰਲ ਰਣਧੀਰ ਜੈਸਵਾਲ ਸਮੇਤ ਵੱਡੀ ਗਿਣਤੀ ਵਿਚ ਅਮਰੀਕੀ ਤੇ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ। ਭਾਰਤ ਦੇ ਵੱਖ ਵੱਖ ਹਿੱਸਿਆਂ ਨਾਲ ਸਬੰਧਤ ਲੋਕਾਂ ਨੇ ਵੱਖੋ ਵੱਖਰੇ ਪਹਿਰਾਵੇ ਪਹਿਣ ਕੇ ਸਮਾਗਮ ਵਿਚ ਸ਼ਮੂਲੀਅਤ ਕੀਤੀ ਜੋ ਭਾਰਤ ਦੇ ਬਹੁ-ਸਭਿਆਚਾਰਕ ਸਮਾਜ ਦਾ ਪ੍ਰਤੀਕ ਸਨ। ਮੇਅਰ ਐਡਮਜ ਤੇ ਹੋਰਨਾਂ ਨੇ ਦਿਵਾਲੀ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਦੀਵੇ ਤੇ ਮੋਮਬਤੀਆਂ ਜਗਾ ਕੇ ਇਕਜੁੱਟਤਾ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਗਿਆ। ਵੱਖ ਵੱਖ ਬੁਲਾਰਿਆਂ ਦੇ ਸੰਬੋਧਨ ਦੌਰਾਨ ਕਲਾਕਾਰਾਂ ਨੇ ਖੂਬ ਰੰਗ ਬੰਨਿਆ। ਸਮਾਗਮ ਦਾ ਉਦਘਾਟਨ ਕਰਦਿਆਂ ਆਪਣੇ ਸੰਬੋਧਨ ਵਿਚ ਸ਼ੂਮਰ ਨੇ ਕਿਹਾ ' ਅਸੀਂ ਦਿਵਾਲੀ



ਨੂੰ ਮਾਨਤਾ ਦਿੰਦੇ ਹਾਂ। ਸਾਨੂੰ ਔਰਤਾਂ ਦੀ ਸ਼ਕਤੀ ਤੇ ਉਨਾਂ ਵੱਲੋਂ ਅਮਰੀਕਾ ਵਿਚ ਨਿਭਾਈ ਭੂਮਿਕਾ ਨੂੰ ਮਾਨਤਾ ਦੇਣ ਦੀ ਲੋੜ ਹੈ। ਆਓ ਆਪਾਂ ਆਪਣੇ ਦੇਸ਼ ਤੇ ਸ਼ਹਿਰ ਦੇ ਨਾਲ ਨਾਲ ਔਰਤਾਂ ਦੀ ਤਰਕੀ ਲਈ ਕੰਮ ਕਰੀਏ।' ਬੀਬੀ ਜੈਨੀਫਰ ਰਾਜਕੁਮਾਰ ਨੇ ਮੇਅਰ ਐਡਮਜ ਦੀ ਤਾਰੀਫ ਕਰਦਿਆਂ ਕਿਹਾ ਕਿ ਅਸੀਂ ਜਨਤਿਕ ਤੌਰ 'ਤੇ ਉਨਾਂ ਨੂੰ ਹਿੰਦੂ ਮੇਅਰ ਕਹਿੰਦੇ ਹਾਂ। ਉਹ ਪੌਦਿਆਂ ਅਧਾਰਤ ਖਾਣਾ ਖਾਣ ਤੇ ਸਮਾਧੀ ਲਾਉਣ ਸਮੇਤ ਹਿੰਦੂ ਸਮਾਜ ਵਿਚ ਪ੍ਰਚਲਤ ਰੀਤੀ ਰਿਵਾਜਾਂ ਦਾ ਸਨਮਾਨ ਕਰਦੇ ਹਨ। ਉਨਾਂ ਕਿਹਾ ਕਿ ਮੈਨੂੰ ਨਿਊਯਾਰਕ ਸਟੇਟ ਅਸੰਬਲੀ ਵਿਚ ਪਹਿਲੀ ਹਿੰਦੂ ਔਰਤ ਵਜੋਂ ਚੁਣ ਕੇ ਆਉਣ ਦਾ ਮਾਣ ਸਨਮਾਨ ਮਿਲਿਆ ਹੈ ਪਰੰਤੂ ਗੱਲ ਇਥੇ ਹੀ ਖਤਮ ਨਹੀਂ ਹੋਵੇਗੀ ਤੇ ਆਉਣ ਵਾਲੇ ਸਮੇ ਵਿਚ ਹੋਰ ਭਾਰਤੀ ਔਰਤਾਂ ਸਟੇਟ ਅਸੰਬਲੀ ਵਿਚ ਚੁਣ ਕੇ ਆਉਣਗੀਆਂ। ਕੌਂਸਲ ਜਨਰਲ ਜੈਸਵਾਲ ਨੇ ਕਿਹਾ ਕਿ ਅਸੀਂ ਟਾਈਮਜ਼ ਸਕੁਏਅਰ ਵਿਚ ਹਰ ਸਾਲ ਦਿਵਾਲੀ ਮਨਾਉਂਦੇ ਹਾਂ ਪਰੰਤੂ ਇਸ ਵਾਰ ਦਾ ਦਿਵਾਲੀ ਸਮਾਗਮ ਖਾਸ ਹੈ । ਇਸ ਸਾਲ ਦੀ ਦਿਵਾਲੀ ਅਸੀਂ 75 ਸਾਲਾ ਆਜ਼ਾਦੀ ਦੇ ਜਸ਼ਨਾਂ ਦੇ ਹਿੱਸੇ ਵਜੋਂ ਮੰਨਾ ਰਹੇ ਹਾਂ। ਇਸ ਮੌਕੇ ਲੱਗੇ ਦਿਵਾਲੀ ਬਜ਼ਾਰ ਵਿਚ ਭਾਰਤ ਦੇ ਵੱਖ ਵੱਖ ਰਵਾਇਤੀ ਖਾਣਿਆਂ ਤੇ ਮਠਿਆਈਆਂ ਦਾ ਆਨੰਦ ਲੋਕਾਂ ਨੇ ਲਿਆ।

## ਪਾਕਿਸਤਾਨ ਐੱਫ.ਏ.ਟੀ.ਐੱਫ.ਦੀ ਗ੍ਰੇ ਸੂਚੀ ਵਿਚੋਂ ਆਇਆ ਬਾਹਰ, ਭਾਰਤ ਨੇ ਜਤਾਇਆ ਸਖ਼ਤ ਇਤਰਾਜ਼




ਪੈਰਿਸ, 27 ਅਕਤੂਬਰ (ਪੋਸਟ ਬਿਊਰੋ): ਆਖਿਰਕਾਰ ਪਾਕਿਸਤਾਨ ਵਿੱਤੀ ਐਕਸ਼ਨ ਟਾਸਕ ਫੋਰਸ (FATF) ਦੀ ਗ੍ਰੇ ਸੂਚੀ 'ਚੋਂ ਬਾਹਰ ਆ ਹੀ ਗਿਆ। ਭਾਰਤ ਨੇ ਗੁਆਂਢੀ ਦੇਸ਼ ਪਾਕਿਸਤਾਨ ਨੂੰ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ ਦੁਆਰਾ ਆਪਣੀ 'ਗ੍ਰੇ ਲਿਸਟ' ਤੋਂ ਹਟਾਉਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਭਾਰਤ ਨੇ ਸ਼ੁੱਕਰਵਾਰ ਨੂੰ ਪਾਕਿਸਤਾਨ ਨੂੰ ਦੀ ਸਲੇਟੀ ਸੂਚੀ ਤੋਂ ਹਟਾਉਣ ਨੂੰ ਮੰਦਭਾਗਾ ਕਰਾਰ ਦਿੱਤਾ। ਦਰਅਸਲ, ਅੱਤਵਾਦੀ ਫੰਡਿੰਗ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਤੇ ਨਜ਼ਰ ਰੱਖਣ ਵਾਲੀ ਅੰਤਰਰਾਸ਼ਟਰੀ ਸੰਸਥਾ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (FATF) ਦੀ ਬੈਠਕ ਪੈਰਿਸ 'ਚ ਹੋਈ। ਇਸ ਬੈਠਕ 'ਚ ਪਾਕਿਸਤਾਨ ਨੂੰ ਗ੍ਰੇ ਲਿਸਟ 'ਚ ਰੱਖਣ ਜਾਂ ਨਾ ਰੱਖਣ ਦਾ ਅੰਤਿਮ ਫੈਸਲਾ ਲਿਆ ਗਿਆ। ਐਫਏਟੀਐਫ ਦੇ ਮੌਜੂਦਾ ਪ੍ਰਧਾਨ ਸਿੰਗਾਪੁਰ ਦੇ ਟੀ. ਰਾਜਾ ਕੁਮਾਰ ਨੇ ਰਾਤ 8.30 ਵਜੇ ਦੇ ਕਰੀਬ ਪ੍ਰੈੱਸ ਕਾਨਫਰੰਸ ਕਰਕੇ ਪਾਕਿਸਤਾਨ ਨੂੰ ਗ੍ਰੇ ਸੂਚੀ ਵਿੱਚੋਂ ਬਾਹਰ ਕੱਢਣ ਦਾ ਐਲਾਨ ਕੀਤਾ।

# ਪਿਛਲੇ ਹਫਤੇ ਅਸਤੀਫਾ ਦੇਣ ਵਾਲੀ ਸੁਏਲਾ ਬ੍ਰੇਵਰਮੈਨ ਦੀ ਰਿਸ਼ੀ ਸੁਨਕ ਦੀ ਕੈਬਨਿਟ ਵਿੱਚ ਹੋਈ ਵਾਪਸੀ

ਲੰਡਨ, 27 ਅਕਤੂਬਰ (ਪੋਸਟ ਬਿਊਰੋ): ਭਾਰਤੀ ਮੂਲ ਦੇ 42 ਸਾਲਾ ਰਿਸ਼ੀ ਸੁਨਕ ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਬਣੇ ਹਨ। ਸੁਨਕ ਬਕਿੰਘਮ ਪੈਲੇਸ ਪਹੁੰਚੇ ਅਤੇ ਰਾਜਾ ਚਾਰਲਸ ਨੂੰ ਮਿਲੇ। ਕਿੰਗ ਨੇ ਉਸਨੂੰ ਬਰਤਾਨੀਆ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ। ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸਨੁਕ ਨੇ ਰਾਜਾ ਚਾਰਲਸ ਦੂਜੇ ਨਾਲ ਮੁਲਾਕਾਤ ਦੇ ਇਕ ਘੰਟੇ ਦੇ ਅੰਦਰ ਹੀ ਆਪਣਾ ਏਜੰਡਾ ਲਾਗੂ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਪਿਛਲੇ ਹਫਤੇ ਅਸਤੀਫਾ ਦੇਣ ਵਾਲੀ ਭਾਰਤੀ ਮੂਲ ਦੀ ਸੁਏਲਾ ਬ੍ਰੇਵਰਮੈਨ ਬ੍ਰਿਟੇਨ ਦੇ ਗ੍ਰਹਿ ਮੰਤਰੀ ਦੇ ਰੂਪ 'ਚ ਰਿਸ਼ੀ ਸੁਨਕ ਕੈਬਨਿਟ 'ਚ ਵਾਪਸ ਆ ਗਈ ਹੈ। ਉਨ੍ਹਾਂ ਨੂੰ ਰਿਸ਼ੀ ਸਾਨੂਕ ਮੰਤਰੀ ਮੰਡਲ ਵਿੱਚ ਮੁੜ ਗ੍ਰਹਿ ਮੰਤਰੀ ਬਣਾਇਆ ਗਿਆ ਹੈ।



ਬ੍ਰਿਟੇਨ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ, ਜਿਸ ਨੇ ਹਾਲ ਹੀ ਵਿੱਚ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ, ਐਤਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਲਿਜ਼ ਟਰਸ ਦੀ ਥਾਂ ਲੈਣ ਲਈ ਰਿਸ਼ੀ ਸੁਨਕ ਦੇ ਸਮਰਥਨ ਵਿੱਚ ਸਾਹਮਣੇ ਆਈ। ਸੂਤਰਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਨਵੀਂ ਕੈਬਨਿਟ ਦਾ ਐਲਾਨ ਕਰਨ ਲਈ ਲਿਜ਼ ਟਰਸ ਦੀ ਮੰਤਰੀਆਂ ਦੀ ਟੀਮ ਦੇ ਕਈ ਮੈਂਬਰਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ। ਹੁਣ ਤੱਕ ਤਿੰਨ ਮੰਤਰੀਆਂ ਨੂੰ ਅਹੁਦਾ ਛੱਡਣ ਲਈ ਕਿਹਾ ਜਾ ਚੁੱਕਾ ਹੈ। ਇਨ੍ਹਾਂ ਵਿੱਚ ਵਪਾਰ ਮੰਤਰੀ ਜੈਕਬ ਰੀਸ-ਮੋਗ, ਨਿਆਂ ਮੰਤਰੀ ਬ੍ਰੈਂਡਨ ਲੁਈਸ ਅਤੇ ਵਿਕਾਸ ਮੰਤਰੀ ਵਿੱਕੀ ਫੋਰਡ ਸ਼ਾਮਲ ਹਨ। ਰਿਪੋਰਟਾਂ ਮੁਤਾਬਕ ਜੇਰੇਮੀ ਹੰਟ ਵਿੱਤ ਮੰਤਰੀ ਬਣੇ ਰਹਿਣਗੇ।

## ਪਾਕਿਸਤਾਨ 'ਚ ਸੁਰੱਖਿਆ 'ਚ ਤਾਇਨਾਤ ਪੁਲਸ ਕਰਮਚਾਰੀ ਦੀ ਹੱਤਿਆ

ਪੇਸ਼ਾਵਰ, 27 ਅਕਤੂਬਰ (ਪੋਸਟ ਬਿਊਰੋ): ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਸੂਬੇ 'ਚ ਪੋਲੀਓ ਟੀਕਾਕਰਨ ਟੀਮ ਦੀ ਸੁਰੱਖਿਆ ਕਰਦੇ ਹੋਏ ਮੰਗਲਵਾਰ ਨੂੰ ਇਕ ਪੁਲਸ ਕਰਮਚਾਰੀ ਦੀ ਕੁਝ ਸ਼ੱਕੀ ਅੱਤਵਾਦੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਬਲੋਚਿਸਤਾਨ ਸੂਬੇ ਦੇ ਪਿਸ਼ਨਿ ਜ਼ਲ੍ਹਿੇ ਦੇ ਡਿਪਟੀ ਕਮਿਸ਼ਨਰ ਮੁਹੰਮਦ ਯਾਸਿਰ ਨੇ ਕਿਹਾ ਕਿ ਸਵੇਰੇ ਸੂਬੇ ਦੇ ਪਿਸ਼ੀਨ ਇਲਾਕੇ 'ਚ ਪੋਲੀਓ ਟੀਕਾਕਰਨ ਟੀਮ 'ਤੇ ਦੋ ਸ਼ੱਕੀ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ। ਪੋਲੀਓ ਟੀਕਾਕਰਨ ਟੀਮ ਦੀ ਸੁਰੱਖਿਆ ਹੇਠ ਤਾਇਨਾਤ ਪੁਲਸ ਮੁਲਾਜ਼ਮ ਨੇ ਜਵਾਬੀ ਕਾਰਵਾਈ ਕੀਤੀ ਪਰ ਇਸ ਦੌਰਾਨ ਗੋਲੀ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਮੁਹੰਮਦ ਯਾਸਿਰ ਨੇ ਕਿਹਾ, "ਪੋਲੀਓ ਟੀਕਾਕਰਨ ਟੀਮ ਦੇ ਮੈਂਬਰ ਵਾਲ-ਵਾਲ ਬਚ ਗਏ ਕਿਉਂਕਿ ਹਮਲਾਵਰ ਪੁਲਸ ਮੁਲਾਜ਼ਮ ਨੂੰ ਗੋਲੀ ਮਾਰ ਕੇ ਮੌਕੇ ਤੋਂ ਫਰਾਰ ਹੋ ਗਏ।

# ਆਖ਼ਿਰ ਕਿਉਂ ਸੀ ਨਹਾਉਂਦਾ ਦੁਨੀਆਂ ਦਾ ਸਭ ਤੋਂ ਗੰਦਾ ਕਿਹਾ ਜਾਣ ਵਾਲਾ ਵਿਅਕਤੀ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ): 50 ਸਾਲਾਂ ਤੋਂ ਨਾ ਨਹਾਉਣ ਵਾਲਾ ਈਰਾਨੀ ਵਿਅਕਤੀ ਪੂਰਾ ਹੋ ਚੁੱਕਿਆ ਯਾਨੀ ਉਨ੍ਹਾਂ ਦੀ ਮੌਤ ਹੋ ਗਈ ਹੈ। ਈਰਾਨੀ ਮੀਡੀਆ ਰਿਪੋਰਟਾਂ ਅਨੁਸਾਰ 94 ਸਾਲਾ ਵਿਅਕਤੀ ਦੀ ਮੰਗਲਵਾਰ ਨੂੰ ਮੌਤ ਹੋ ਗਈ ਹੈ। ਇਸ ਵਿਅਕਤੀ ਨੂੰ ਦੁਨੀਆਂ ਦਾ ਸਭ ਤੋਂ ਗੰਦਾ ਵਿਅਕਤੀ ਕਿਹਾ ਜਾਂਦਾ ਹੈ .ਉਹ ਪਿਛਲੇ 50 ਸਾਲਾਂ ਤੋਂ ਨਹਾਇਆ ਨਹੀਂ ਸੀ, ਇਸ ਲਈ ਉਸਨੂੰ "ਦੁਨੀਆਂ ਦਾ ਸਭ ਤੋਂ ਗੰਦਾ ਆਦਮੀ" ਕਿਹਾ ਜਾਂਦਾ ਸੀ ਅਤੇ ਇਸ ਵਿਅਕਤੀ ਦਾ ਨਾਮ ਅਮਾਉ ਹਾਜੀ ਦੱਸਿਆ ਜਾ ਰਿਹਾ ਹੈ।

ਕਿਹਾ ਜਾ ਰਿਹਾ ਹੈ ਕਿ ਅਮਾਉ ਹਾਜੀ ਨੂੰ ਡਰ ਸੀ ਕਿ ਜੇਕਰ ਉਹ ਨਹਾਇਆ ਤਾਂ ਉਨ੍ਹਾਂ ਨੂੰ ਇਨਫੈਕਸ਼ਨ ਹੋ ਜਾਵੇਗੀ, ਇਸ ਲਈ ਉਨ੍ਹਾਂ ਨੇ ਨਹਾਉਣਾ ਛੱਡ ਦਿੱਤਾ ਸੀ। ਅਮਾਉ ਹਾਜੀ ਦੱਖਣੀ ਫਾਰਸ ਸੂਬੇ ਦੇ ਦੇਜਗਾਹ ਪਿੰਡ ਵਿਚ ਇਕੱਲੇ ਰਹਿੰਦੇ ਸਨ। ਆਈਆਰਐਨਏ ਦੀ ਰਿਪੋਰਟ ਮੁਤਾਬਕ ਉਸ ਦੀ ਮੌਤ ਕੁਦਰਤੀ ਕਾਰਨਾਂ ਕਰਕੇ ਹੋਈ ਹੈ। ਸਾਲ 2013 ਵਿੱਚ ਇਸ ਵਿਅਕਤੀ ਉੱਤੇ 'ਦ ਸਟ੍ਰੇਂਜ ਲਾਈਫ ਆਫ ਅਮਾਉ ਹਾਜੀ' ਨਾਂ ਦੀ



ਇੱਕ ਛੋਟੀ ਡਾਕੂਮੈਂਟਰੀ ਵੀ ਬਣੀ ਸੀ। ਡਾਕੂਮੈਂਟਰੀ 'ਚ ਦਿਖਾਇਆ ਕਿ ਅਮਾਉ ਹਾਜੀ ਆਪਣੀ ਜ਼ਿੰਦਗੀ ਕਿਵੇਂ ਜੀਉਂਦੇ ਹਨ।

ਰਿਪੋਰਟਾਂ ਅਨੁਸਾਰ ਹਾਜੀ ਨੇ "ਬਿਮਾਰ ਹੋਣ" ਦੇ ਡਰੋਂ ਨਹਾਉਣ ਤੋਂ ਪਰਹੇਜ਼ ਕੀਤਾ ਸੀ ਪਰ "ਪਹਿਲੀ ਵਾਰ ਕੁਝ ਮਹੀਨੇ ਪਹਿਲਾਂ ਪਿੰਡ ਵਾਲੇ ਉਸ ਨੂੰ ਨਹਾਉਣ ਲਈ ਬਾਥਰੂਮ ਵਿੱਚ ਲੈ ਗਏ ਸੀ। ਪਿੰਡ ਵਾਸੀਆਂ ਨੇ ਕਿਹਾ ਕਿ ਉਹ "ਆਪਣੀ ਜਵਾਨੀ ਦੇ ਕੁਝ ਸਦਮਿਆਂ ਤੋਂ ਉਭਰ ਨਹੀਂ ਸਕੇ, ਜਿਸ ਕਾਰਨ ਉਨ੍ਹਾਂ ਨੇ ਨਹਾਉਣ ਤੋਂ ਇਨਕਾਰ ਕਰ ਦਿੱਤਾ। ਇੱਕ ਰਿਪੋਰਟ ਮੁਤਾਬਕ ਹਾਜੀ ਸੜਕ ਕਿਨਾਰੇ ਮਰਨ ਵਾਲੇ ਜਾਨਵਰਾਂ ਨੂੰ ਖਾਂਦੇ ਸੀ। ਉਸ ਦਾ ਮੰਨਣਾ ਸੀ ਕਿ ਸਫ਼ਾਈ ਉਸ ਨੂੰ ਬਿਮਾਰ ਕਰ ਦੇਵੇਗੀ।

ਸੋ, ਅਮਾਉ ਹਾਜੀ ਦੀ ਮੌਤ ਤੋਂ ਬਾਅਦ ਇਹ ਗੈਰ-ਅਧਿਕਾਰਤ ਰਿਕਾਰਡ ਇੱਕ ਭਾਰਤੀ ਵਿਅਕਤੀ ਦੇ ਕੋਲ ਜਾ ਸਕਦਾ ਹੈ, ਜਿਸ ਨੇ ਆਪਣੀ ਜ਼ੰਦਿਗੀ ਦੇ ਜ਼ਿਆਦਾਤਰ ਸਮੇਂ ਤੱਕ ਇਸ਼ਨਾਨ ਨਹੀਂ ਕੀਤਾ। ਪਵਿੱਤਰ ਸ਼ਹਿਰ ਵਾਰਾਣਸੀ ਦੇ ਬਾਹਰ ਇੱਕ ਪਿੰਡ ਦੇ ਕੈਲਾਸ਼ "ਕਲਾਉ" ਸਿੰਘ ਨੇ "ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ" ਨੂੰ ਖਤਮ ਕਰਨ ਦੀ ਕੋਸ਼ਸ਼ਿ ਵਿੱਚ 30 ਸਾਲਾਂ ਤੋਂ ਵੱਧ ਸਮੇਂ ਤੱਕ ਇਸ਼ਨਾਨ ਨਹੀਂ ਕੀਤਾ। ਕਲੌ ਸਿੰਘ ਹਰ ਸ਼ਾਮ ਅੱਗ ਬਾਲ ਕੇ ਸਿਗਰਟ ਪੀਂਦਾ ਸੀ। ਕਲੌ ਵੀ ਇਕ ਲੱਤ 'ਤੇ ਖੜ੍ਹੇ ਹੋ ਕੇ ਭਗਵਾਨ ਸ਼ਵਿ ਦੀ ਪੂਜਾ ਕਰਦਾ ਸੀ।

# ਆਰਥਿਕ ਚੁਣੌਤੀ ਦਾ ਸਾਹਮਣਾ ਕਰ ਰਹੇ ਬ੍ਰਿਟੇਨ ਲਈ ਮਜ਼ਬੂਤ ਅਰਥਵਿਵਸਥਾ ਦਾ ਕਰਾਂਗੇ ਨਿਰਮਾਣ : ਰਿਸ਼ੀ ਸੁਨਕ

ਲੰਡਨ, 27 ਅਕਤੂਬਰ (ਪੋਸਟ ਬਿਊਰੋ): ਭਾਰਤੀ ਮੂਲ ਦੇ ਰਿਸ਼ੀ ਸੁਨਕ ਨੇ ਅੱਜ ਨੂੰ ਇਤਿਹਾਸ ਰਚ ਦਿੱਤਾ। ਸੁਨਕ ਮਹਾਰਾਜਾ ਚਾਰਲਸ ਦੁਆਰਾ ਭਾਰਤੀ ਮੂਲ ਦੇ ਪਹਿਲੇ ਬਰਤਾਨੀਆ ਪ੍ਰਧਾਨ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ ਹੈ । ਇਸ ਤੋਂ ਪਹਿਲਾਂ ਉਨ੍ਹਾਂ ਨੂੰ ਦੀਵਾਲੀ ਵਾਲੇ ਦਿਨ ਕੰਜ਼ਰਵੇਟਿਵ ਪਾਰਟੀ ਦਾ ਨਵਾਂ ਨੇਤਾ ਚੁਣਿਆ ਗਿਆ ਸੀ। 42 ਸਾਲਾ ਰਿਸ਼ੀ ਸੁਨਾਕ ਯੂਕੇ ਦੇ ਸਾਬਕਾ ਵਿੱਤ ਮੰਤਰੀ ਵੀ ਰਹਿ ਚੁੱਕੇ ਹਨ । ਉਹ ਪਿਛਲੇ 210 ਸਾਲਾਂ ਵਿੱਚ ਬ੍ਰਿਟੇਨ ਦੇ ਸਭ ਤੋਂ ਨੌਜਵਾਨ ਪ੍ਰਧਾਨ ਮੰਤਰੀ ਹਨ।

ਕਿੰਗ ਚਾਰਲਸ- ਦੁਆਰਾ ਰਿਸ਼ੀ ਸੁਨਕ ਨੂੰ ਬ੍ਰਿਟਿਸ਼ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਘੋਸ਼ਤਿ ਕਰਨ ਤੋਂ ਬਾਅਦ ਰਿਸ਼ੀ ਸੁਨਕ 10 ਡਾਊਨਿੰਗ ਸਟ੍ਰੀਟ 'ਤੇ ਪਹੁੰਚੇ। ਇੱਥੇ ਉਨ੍ਹਾਂ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਨਵੀਂ ਸਰਕਾਰ ਬਣਾਉਣ ਲਈ ਮਹਾਰਾਜਾ ਚਾਰਲਸ ਤੀਜੇ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ।

ਗੰਭੀਰ ਆਰਥਿਕ ਚੁਣੌਤੀ ਦਾ



ਸਾਹਮਣਾ ਕਰ ਰਹੇ ਬ੍ਰਿਟੇਨ ਲਈ ਮਜ਼ਬੂਤ ਅਰਥਵਿਵਸਥਾ ਦਾ ਕਰਾਂਗੇ ਨਿਰਮਾਣ: ਰਿਸ਼ੀ ਸੁਨਕ

ਰੂਸ-ਯੂਕਰੇਨ ਯੁੱਧ ਅਤੇ ਮਹਾਂਮਾਰੀ 'ਤੇ ਗੱਲ ਕੀਤੀ

ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਸਾਡਾ ਦੇਸ਼ ਰੂਸ-ਯੂਕਰੇਨ ਯੁੱਧ ਅਤੇ ਮਹਾਮਾਰੀ ਕਾਰਨ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਕੁਝ 'ਗਲਤੀਆਂ' ਹੋਈਆਂ ਸਨ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਮੇਰੀ ਚੋਣ ਕੀਤੀ ਗਈ ਹੈ ਅਤੇ ਗਲਤੀਆਂ ਨੂੰ ਸੁਧਾਰਨ ਦਾ ਕੰਮ ਤੁਰੰਤ ਸ਼ੁਰੂ ਕੀਤਾ ਜਾ ਰਿਹਾ ਹੈ। ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਅਸੀਂ ਅੱਜ ਜਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹਾਂ ਉਨ੍ਹਾਂ ਨਾਲ ਨਜਿੱਠਿਆ ਜਾਵੇਗਾ .

ਉਨ੍ਹਾਂ ਕਿਹਾ ਕਿ ਮੈਨੂੰ ਆਪਣੀ ਪਾਰਟੀ ਦਾ ਆਗੂ ਚੁਣਿਆ ਗਿਆ ਹੈ, ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਉਸੇ ਮਾਨਵਤਾ ਨਾਲ ਕੰਮ ਕਰਾਂਗਾ ਅਤੇ ਤੁਹਾਡੇ ਅਤੇ ਆਉਣ ਵਾਲੀ ਪੀੜ੍ਹੀ ਦੇ ਬਿਹਤਰ ਭਵਿੱਖ ਲਈ ਕੰਮ ਕਰਾਂਗਾ। ਮੈਂ ਆਪਣੇ ਦੇਸ਼ ਨੂੰ ਸਿਰਫ਼ ਸ਼ਬਦਾਂ ਨਾਲ ਹੀ ਨਹੀਂ ਸਗੋਂ ਕੰਮਾਂ ਨਾਲ ਵੀ ਜੋੜਾਂਗਾ।

ਰਿਸ਼ੀ ਸੁਨਕ ਨੇ ਕਿਹਾ ਕਿ ਮੇਰੀ ਸਰਕਾਰ ਅਜਿਹੀ ਅਰਥਵਿਵਸਥਾ ਦਾ ਨਿਰਮਾਣ ਕਰੇਗੀ ਜੋ ਬ੍ਰੈਗਜ਼ਟਿ ਦੇ ਮੌਕਿਆਂ ਦਾ ਵੱਧ ਤੋਂ ਵੱਧ ਫਾਇਦਾ ਉਠਾਏ। ਉਨ੍ਹਾਂ ਕਿਹਾ ਕਿ ਇਸ ਸਹਿਯੋਗ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਮੈਂ ਤੁਹਾਡੇ ਲਈ ਕੰਮ ਕਰਾਂਗਾ। ਮੈਂ ਤੁਹਾਡਾ ਭਰੋਸਾ ਜਿੱਤ ਲਿਆ ਹੈ।

ਇਸ ਤੋਂ ਪਹਿਲਾਂ ਪਾਰਟੀ ਨੇਤਾ ਚੁਣੇ ਜਾਣ ਤੋਂ ਬਾਅਦ ਆਪਣੇ ਪਹਿਲੇ ਸੰਬੋਧਨ ਵਿੱਚ ਸੁਨਕ ਨੇ ਸੋਮਵਾਰ ਨੂੰ ਕਿਹਾ ਸੀ ਕਿ ਮੈਂ ਵਾਅਦਾ ਕਰਦਾ ਹਾਂ ਕਿ ਮੈਂ ਇਮਾਨਦਾਰੀ ਅਤੇ ਨਿਮਰਤਾ ਨਾਲ ਤੁਹਾਡੀ ਸੇਵਾ ਕਰਾਂਗਾ। ਉਨ੍ਹਾਂ ਦੀ ਤਰਜੀਹ ਦੇਸ਼ ਨੂੰ ਇਕਜੁੱਟ ਕਰਨਾ ਹੋਵੇਗੀ। ਉਨ੍ਹਾਂ ਕਿਹਾ ਕਿ ਬ੍ਰਿਟੇਨ ਇਕ ਮਹਾਨ ਦੇਸ਼ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਗੰਭੀਰ ਆਰਥਿਕ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

# ਪੰਜਾਬ ਵਿੱਚ ਜਾਇਦਾਦ ਮਾਲਕਾਂ ਨੂੰ 15 ਦਿਨਾਂ ਵਿੱਚ ਮਿਲੇਗੀ ਐਨ.ਓ.ਸੀ

## ਤਤਕਾਲ ਤਹਿਤ 5 ਦਿਨਾਂ ਵਿੱਚ ਐਨ.ਓ.ਸੀ ਮੁਹੱਈਆ ਕਰਵਾਈ ਜਾਵੇਗੀ, ਵਸੀਕਾ ਨਵੀਸਾਂ ਦੇ ਨਵੇਂ ਲਾਈਸੰਸ ਹੋਣਗੇ ਜਾਰੀ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਲੋਕਾਂ ਨੂੰ ਜਾਇਦਾਦ ਦੀ ਖਰੀਦੋ-ਫਰੋਕਤ ਦੌਰਾਨ ਹੋਣ ਵਾਲੇ ਝਗੜਿਆਂ ਅਤੇ ਮੁਕੱਦਮੇਬਾਜੀ ਤੋਂ ਬਚਾਉਣ ਲਈ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਵੀਰਵਾਰ ਨੂੰ ਇੱਕ ਉੱਚਰੀ ਪੱਧਰੀ ਮੀਟਿੰਗ ਦੌਰਾਨ ਐਨ.ਓ.ਸੀ ਪ੍ਰਕ੍ਰਿਆ ਨੂੰ 21 ਦਿਨਾਂ ਤੋਂ ਘਟਾ ਕੇ 15 ਕੰਮਕਾਜੀ ਦਿਨ ਕਰਨ ਦਾ ਫੈਸਲਾ ਲਿਆ।



ਇਥੇ ਪੰਜਾਬ ਭਵਨ ਵਿਖੇ ਹੋਈ ਇਸ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਸੁਝਾਅ ਤੇ ਇਹ ਵੀ ਫੈਸਲਾ ਲਿਆ ਗਿਆ ਕਿ ਪ੍ਰਵਾਸੀ ਭਾਰਤੀਆਂ ਅਤੇ ਹੋਰਨਾਂ ਅਜਿਹੇ ਵਿਅਕਤੀਆਂ ਜਿੰਨ੍ਹਾਂ ਕੋਲ ਸਮੇਂ ਦੀ ਘਾਟ ਹੁੰਦੀ ਹੈ, ਦੀ ਸਹੂਲਤ ਲਈ ਤਤਕਾਲ ਸੁਵਿਧਾ ਤਹਿਤ ਐਨ.ਓ.ਸੀ. ਪ੍ਰਕ੍ਰਿਆ ਲਈ ਸਮਾਂ 5 ਦਿਨ ਦਾ ਹੋਵ-ੇਗਾ। ਵਿੱਤ ਮੰਤਰੀ ਨੇ ਕਿਹਾ ਕਿ ਇਸ ਸੁਵਿਧਾ ਤਹਿਤ ਪ੍ਰਵਾਸੀ ਭਾਰਤੀ ਜਾਂ ਉਹ ਵਿਅਕਤੀ ਜੋ ਇਸ ਸਹੂਲਤ ਨੂੰ ਜਲਦੀ ਹਾਸਿਲ ਕਰਨਾ ਚਾਹੁੰਦੇ ਹਨ ਕੁਝ ਵੱਧ ਫੀਸ ਅਦਾ ਕਰਕੇ 5 ਦਿਨਾਂ ਵਿੱਚ ਐਨ.ਓ.ਸੀ. ਹਾਸਿਲ ਕਰ ਸਕਣਗੇ।

ਇਸੇ ਦੌਰਾਨ ਕੈਬਨਿਟ ਮੰਤਰੀਆਂ ਵੱਲੋਂ ਐਨ.ਓ.ਸੀ ਦੀ ਆਨਲਾਈਨ ਪ੍ਰਕ੍ਰਿਆ ਤੇ ਨਜਰ ਰੱਖਣ ਲਈ ਮਾਲ ਵਿਭਾਗ ਦੇ ਸਬ-ਰਜਿਸਟਰਾਰ ਨੂੰ ਲਾਗਇਨ ਆਈ.ਡੀ ਅਤੇ ਪਾਸਵਰਡ ਮੁਹੱਈਆ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਉਹ ਰਜਿਸਟਰੀ ਮੌਕੇ ਅਸਲੀ ਅਤੇ ਜਾਅਲੀ ਐਨ.ਓ.ਸੀ. ਦਾ ਪਤਾ ਲਗਾ ਸਕੇ। ਇਸ ਨਾਲ ਜਾਅਲੀ ਐਨ.ਓ.ਸੀ ਕਾਰਨ ਹੋਈ ਰਜਿਸਟਰੀ ਦੇ ਮਾਮਲੇ ਵਿੱਚ ਸਬੰਧਤ ਅਧਿਕਾਰੀ ਦੀ ਜਿੰਮੇਵਾਰੀ ਤੈਅ ਕੀਤੀ ਜਾ ਸਕੇਗੀ ਅਤੇ ਧੋਖਾਧੜੀ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਮੇਂ ਸਿਰ ਅਪਰਾਧਕ ਮਾਮਲੇ ਦਰਜ ਕਰਨ ਵਿੱਚ ਵੀ ਸਹਾਇਤਾ ਮਿਲੇਗੀ।

ਮੀਟਿੰਗ ਦੌਰਾਨ ਲੋਕਾਂ ਦੀ ਸਹੂਲਤ ਲਈ ਵਸੀਕਾ ਨਵੀਸਾਂ ਦੇ ਨਵੇਂ ਲਾਇਸੰਸ ਜਾਰੀ ਕਰਨ ਦਾ ਵੀ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਇਹ ਵੀ ਯਕੀਨੀ ਬਨਾਉਣ ਲਈ ਕਿਹਾ ਗਿਆ ਕਿ ਹਰੇਕ ਵਸੀਕਾ ਨਵੀਸ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਨੂੰ ਜਾਇਦਾਦ ਵਿਕਰੇਤਾ ਤੇ ਖਰੀਦਦਾਰ ਦੀ ਜਾਣਕਾਰੀ ਲਈ ਪ੍ਰਦਰਸ਼ਿਤ ਕਰੇ ਅਤੇ ਤਹਿਸੀਲਦਾਰਾਂ ਵੱਲੋਂ ਅਚਨਚੇਤ ਚੈਕਿੰਗਾਂ ਕਰਕੇ ਇਸ ਨੂੰ ਯਕੀਨੀ ਬਣਾਇਆ ਜਾਵੇ।

ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਲੋਕਾਂ ਨੂੰ ਅਧਿਕਾਰਤ ਅਤੇ ਅਣ-ਅਧਿਕਾਰਤ ਰਿਹਾਇਸ਼ੀ ਕਾਲੋਨੀਆਂ ਬਾਰੇ ਜਾਣੂੰ ਕਰਵਾਉਣ ਲਈ ਸੂਬੇ ਭਰ ਦੀਆਂ ਸਾਰੀਆਂ ਅਧਿਕਾਰਤ ਕਾਲੋਨੀਆਂ ਦੀ ਸੂਚੀ ਨੂੰ ਮਾਲ, ਮਕਾਨ ਉਸਾਰੀ ਤੇ ਸਥਾਨਕ ਸਰਕਾਰਾਂ ਦੀਆਂ ਵਿਭਾਗੀ ਵੈੱਬਸਾਈਟਾਂ 'ਤੇ ਪ੍ਰਕਾਸ਼ਤ ਕੀਤਾ ਜਾਵੇਗਾ।

ਵਿੱਤ ਮੰਤਰੀ ਨੇ ਮੀਟਿੰਗ ਵਿੱਚ ਹਾਜਰ ਮਾਲ, ਮਕਾਨ ਉਸਾਰੀ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਅਗਲੀ ਮੀਟਿੰਗ ਦੌਰਾਨ ਜਾਇਦਾਦ ਰਜਿਸਟਰੀ ਪ੍ਰਕ੍ਰਿਆ ਵਿੱਚ ਆਉਂਦੀਆਂ ਹੋਰਨਾਂ ਔਕੜਾਂ ਦੇ ਹੱਲ ਲਈ ਸੁਝਾਅ ਪੇਸ਼ ਕਰਨ ਤਾਂ ਜੋ ਲੋਕਾਂ ਦੀ ਸਹੂਲਤ ਅਤੇ ਰੀਅਲ ਇਸਟੇਟ ਵਿੱਚ ਤੇਜੀ ਲਿਆਉਣ ਲਈ ਹਰ ਸੰਭਵ ਯਤਨ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਰੇ ਵਿਭਾਗਾਂ ਦੀ ਕਾਰਵਾਈ ਨੂੰ ਸਰਲ ਅਤੇ ਪਾਰਦਰਸ਼ੀ ਬਨਾਉਣ ਲਈ ਵਚਨਬੱਧ ਹੈ।

# 90248 ਮ੍ਰਿਤਕ ਲਾਭਪਾਤਰੀਆਂ ਦੀ ਸ਼ਨਾਖਤ ਨਾਲ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਪਹੁੰਚਿਆ ਲਾਭ : ਡਾ.ਬਲਜੀਤ ਕੌਰ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਬਜ਼ੁਰਗਾਂ, ਵਿਧਵਾਵਾਂ, ਆਸ਼ਰਿਤ ਬੱਚਿਆਂ ਅਤੇ ਦਿਵਿਆਂਗਾਂ ਦੀਆਂ ਪੈਨਸ਼ਨਾਂ ਸਬੰਧੀ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਮੰਤਰੀ ਡਾ.ਬਲਜੀਤ ਕੌਰ ਦੇ ਹੁਕਮਾ ਤੇ ਹੋਏ ਸਰਵੇ ਨਾਲ 90248 ਲਾਭਪਾਤਰੀਆਂ ਦੀ ਸ਼ਨਾਖਤ ਨਾਲ ਪ੍ਰਤੀ ਮਹੀਨਾ ਸਰਕਾਰ ਨੂੰ 13.53 ਕਰੋੜ ਦੀ ਬਚਤ ਹੋਵੇਗੀ।

ਕੈਬਨਿਟ ਮੰਤਰੀ ਡਾ.ਬਲਜੀਤ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ 30.46 ਲੱਖ ਲਾਭਪਾਤਰੀਆਂ ਦਾ ਸਰਵੇ

**ਪੈਨਸ਼ਨਾਂ ਸਬੰਧੀ ਸਰਵੇ ਨਾਲ ਸਰਕਾਰ ਨੂੰ ਪ੍ਰਤੀ ਮਹੀਨਾ 13.53 ਕਰੋੜ ਦੀ ਬਚਤ**

ਕਰਵਾਇਆ ਗਿਆ ਹੈ। ਇਸ ਸਰਵੇ ਦੇ ਮੁਕੰਮਲ ਹੋਣ ਤੇ 90248 ਮ੍ਰਿਤਕ ਲਾਭਪਾਤਰੀਆਂ ਦੀ ਸਨਾਖਤ ਹੋਈ ਹੈ। ਮ੍ਰਿਤਕ ਲਾਭਕਾਰੀਆਂ ਦੀ ਸ਼ਨਾਖਤ ਨਾਲ ਸਰਕਾਰ ਨੂੰ ਪ੍ਰਤੀ ਮਹੀਨਾ 13.53 ਕਰੋੜ ਅਤੇ ਸਲਾਨਾ 162.36 ਕਰੋੜ ਰੁਪਏ ਦੀ ਬਚਤ ਹੋਵੇਗੀ।

ਕੈਬਨਿਟ ਮੰਤਰੀ ਨੇ ਦੱਸਿਆ ਕਿ 90, 248 ਮ੍ਰਿਤਕ ਲਾਭਪਾਤਰੀਆਂ ਦੀ ਸ਼ਨਾਖਤ ਨਾਲ ਜਿੱਥੇ ਸਰਕਾਰ ਦਾ



ਵਿੱਤੀ ਨੁਕਸਾਨ ਹੋਣੋ ਰੁਕਿਆ ਹੈ, ਸਗੋਂ ਇਸ ਰਾਸ਼ੀ ਨਾਲ ਹੋਰ ਲੋੜਵੰਦ ਲੋਕਾਂ ਦੀ ਸਹਾਇਤਾ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਲਾਭਪਾਤਰੀਆਂ ਨੂੰ ਪੈਨਸ੍ਹਨ ਦੀ ਅਦਾਇਗੀ ਕਰਨ ਲਈ ਇਲੈਕਟ੍ਰੋਨਿਕ ਬੈਨੀਫਿਟ ਟਰਾਂਸਫਰ (ਈ.ਬੀ.ਟੀ) ਸਕੀਮ ਲਾਗੂ ਕੀਤੀ ਜਾਵੇਗੀ, ਬੈਂਕ ਵਲੋਂ ਤੈਨਾਤ ਬਿਜਨਸ ਕਾਰਸਪੋਡੈਂਸ ਰਾਹੀਂ ਲਾਭਪਾਤਰੀਆਂ ਨੂੰ ਪੈਨਸ਼ਨ ਦੀ ਵੰਡ ਕੀਤੀ ਜਾਵੇਗੀ। ਲਾਭਪਾਤਰੀਆਂ ਨੂੰ ਬੈਂਕਾਂ ਦੀ ਕਤਾਰਾਂ ਵਿੱਚ ਨਹੀਂ ਖੜਨਾ ਪਵੇਗਾ। ਸਕੀਮ ਨੂੰ ਲਾਗੂ ਕਰਨ ਲਈ ਪਹਿਲਾਂ ਦੋ ਪਾਇਲਟ ਪ੍ਰੋਜੈਕਟ ਜ਼ਿਲ੍ਹਾ ਸੰਗਰੂਰ, ਸ੍ਰੀ ਮੁਕਤਸਰ ਸਾਹਿਬ ਵਿੱਚ ਸ਼ੁਰੂ ਕੀਤੇ ਜਾਣਗੇ, ਇਸ ਬਾਰੇ ਬੈਂਕਾਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ।




# ਪ੍ਰੋ. ਮੋਹਨ ਸਿੰਘ ਦਾ 117ਵਾਂ ਜਨਮ ਦਿਵਸ ਉਤਸਵ ਧੂਮਧਾਮ ਨਾਲ ਮਨਾਇਆ ਗਿਆ

ਲੁਧਿਆਣਾ, 27 ਅਕਤੂਬਰ (ਪੋਸਟ ਬਿਊਰੋ): ਪਿਛਲੇ ਹਫ਼ਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਤੇ ਪ੍ਰੋ ਮੋਹਨ ਸਿੰਘ ਮੈਮੋਰੀਅਲ ਫਾਉਂਡੇਸਨ ਲੁਧਿਆਣਾ ਦੇ ਸਹਿਯੋਗ ਨਾਲ ਪ੍ਰੋ ਮੋਹਨ ਸਿੰਘ ਦੇ 117ਵੇਂ ਜਨਮ ਦਿਵਸ ਮੌਕੇ ਪ੍ਰੋ. ਮੋਹਨ ਸਿੰਘ ਜਨਮ ਉਤਸਵ ਪੰਜਾਬੀ ਭਵਨ, ਲੁਧਿਆਣਾ ਵਿਖੇ ਅੱਜ ਮਨਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਸੁਰਜੀਤ ਪਾਤਰ, ਚੇਅਰਮੈਨ, ਪੰਜਾਬ ਕਲਾ ਪਰਸ਼ਿਦ ਸਨ ਅਤੇ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ
ਸਾਬਕਾ ਪ੍ਰਧਾਨ ਅਤੇ ਫ਼ੈਲੋ ਪੰਜਾਬੀ ਸਾਹਿਤ ਅਕਾਡਮੀ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਪੁੱਜੇ।



ਇਸ ਸਮਾਗਮ ਵਿਚ ਪ੍ਰੋ. ਮੋਹਨ ਸਿੰਘ ਬਾਰੇ ਯਾਦਗਾਰੀ ਭਾਸ਼ਨ ਸ੍ਰੀ ਸੁਵਰਨ ਸਿੰਘ ਵਿਰਕ(ਸਿਰਸਾ) ਨੇ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰੋ. ਮੋਹਨ ਸਿੰਘ 20ਵੀਂ ਸਦੀ ਦਾ ਯੁੱਗ ਕਵੀ ਸੀ ਜਿਸ ਨੇ ਲੋਕ ਪੀੜਾ ਤੇ ਨਿੱਜੀ ਵੇਦਨਾ ਨੂੰ ਸਾਂਝੇ ਰੂਪ ਵਿਚ ਗਾਵਿਆ। ਉਹ ਵਿਕਾਸਸ਼ੀਲ ਇਨਕਲਾਬੀ ਸੋਚ ਦਾ ਕਵੀ ਸੀ ਜਿਸ ਨੇ ਸ਼ਬਦ ਨੂੰ ਸੰਗੀਤ ਵਿਚ ਗੁੰਨਿਆ ਮਾਨਵਤਾ ਦਾ ਗੀਤ ਗਾਇਆ। ਭਾਸ਼ਨ ਉਪਰੰਤ ਪ੍ਰੋ. ਮੋਹਨ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਮੰਚ ਸੰਚਾਲਨ ਦੀ ਜ਼ਿੰਮੇਂਵਾਰੀ ਕਵੀ ਦਰਬਾਰ ਦੇ ਕਨਵੀਨਰ ਤ੍ਰੈਲੋਚਨ ਲੋਚੀ ਨੇ ਨਿਭਾਈ। ਕਵੀ ਦਰਬਾਰ ਵਿਚ ਸੁਰਜੀਤ ਜੱਜ, ਡਾ ਗੁਰਮਿੰਦਰ ਕੌਰ ਸਿੱਧੂ, ਡਾ. ਗੁਰਚਰਨ ਕੌਰ ਕੋਚਰ, ਸੁਸ਼ੀਲ
ਦੋਸਾਂਝ, ਅਰਤਿੰਦਰ ਸੰਧੂ, ਵਿਸ਼ਾਲ, ਡਾ ਰਾਮ ਮੂਰਤੀ, ਜਸਬੀਰ ਝੱਜ, ਡਾ ਰਵਿੰਦਰ ਬਟਾਲਾ, ਕਰਮਜੀਤ ਗਰੇਵਾਲ, ਜਸਵੰਤ ਜ਼ਫ਼ਰ, ਸਵਰਨਜੀਤ ਸਵੀ, ਰਾਜਦੀਪ ਸਿੰਘ ਤੂਰ, ਕਮਲਜੀਤ ਨੀਲੋਂ, ਰਾਜਦੀਪ ਸਿੰਘ ਤੂਰ, ਦਲਜਿੰਦਰ ਰਹਿਲ ਇਟਲੀ,ਪ੍ਰਭਜੋਤ ਸਿੰਘ ਸੋਹੀ, ਕੋਮਲਦੀਪ ਕੌਰ ਤੇ ਬਲਵਿੰਦਰ ਸੰਧੂ ਸ਼ਾਮਲ ਹੋਏ।
ਸਮਾਗਮ ਵਿਚ ਸ਼ਾਮਲ ਇੱਕੀ ਕਵੀਆਂ ਦਾ ਸਨਮਾਨ ਵੀ ਕੀਤਾ ਗਿਆ।
ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ ਲਖਵਿੰਦਰ ਸਿੰਘ ਜੌਹਲ ਹੋਰਾਂ ਆਖਿਆ ਅੱਜ ਪ੍ਰੋ. ਮੋਹਨ ਸਿੰਘ ਦਾ ਜਨਮ ਉਤਸਵ ਅਕਾਡਮੀ ਲਈ ਮਾਣ ਦੀ ਗੱਲ ਹੈ। ਉਨ੍ਹਾਂ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਲੇਖਕਾਂ ਦੇ ਜਨਮ ਦਿਵਸ ਮਨਾਏ ਜਾਣੇ ਚਾਹੀਦੇ ਹਨ। ਮੁੱਖ ਮਹਿਮਾਨ ਡਾ. ਸੁਰਜੀਤ ਪਾਤਰ ਹੋਰਾਂ ਨੇ ਕਿਹਾ ਕਿ ਪ੍ਰੋ. ਮੋਹਨ ਸਿੰਘ ਸਾਡਾ ਯੁੱਗ ਕਵੀ ਹੈ। ਉਨ੍ਹਾਂ ਕਿਹਾ ਕਿ ਮੈਂ ਪ੍ਰੋ. ਮੋਹਨ ਸਿੰਘ ਜੀ ਦੀ ਸੰਗਤ ਕਰਨ ਕਰਕੇ ਹੀ ਸੁਰਜੀਤ ਪਾਤਰ ਹਾਂ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਚ ਸ਼ਬਦਾਂ ਦਾ ਚਿਤਰਪਟ ਬੇਮਿਸਾਲ ਹੈ ਅਤੇ ਭਾਸ਼ਾ ਦਾ ਤੇਵਰ ਵੀ ਕਮਾਲ ਦਾ ਹੈ।ਪ੍ਰਧਾਨਗੀ ਭਾਸ਼ਨ ਵਿਚ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪ੍ਰੋ. ਮੋਹਨ ਸਿੰਘ ਦਾ ਜਨਮ ਉਤਸਵ ਮਨਾ ਕੇ ਅਕਾਡਮੀ ਨੇ ਆਪਣਾ ਫ਼ਰਜ਼ ਨਿਭਾਇਆ। ਉਹ 6 ਸਾਲ ਅਕਾਡਮੀ ਦੇ ਜਨਰਲ ਸਕੱਤਰ ਰਹੇ ਤੇ ਅਕਾਡਮੀ ਦੀ ਮੌਜੂਦਾ ਬਿਲਡਿੰਗ ਉਨ੍ਹਾਂ ਦੀ ਨਿਗਰਾਨੀ 'ਚ ਹੀ ਬਣੀ ਜਦ ਡਾਃ ਮ ਸ ਰੰਧਾਵਾ ਜੀ ਪ੍ਰਧਾਨ ਸਨ। ਪ੍ਰੋ. ਮੋਹਨ ਸਿੰਘ ਦਾ ਪ੍ਰਤਾਪ ਹੀ ਹੈ ਕਿ ਡਾ. ਸੁਰਜੀਤ ਪਾਤਰ ਸਮੇਤ ਸਾਡੇ ਅਜੋਕੇ ਅਨੇਕਾਂ ਕਵੀ ਉਨ੍ਹਾਂ ਦੀ ਸੰਗਤ ਕਾਰਨ ਲੁਧਿਆਣਾ ਚ ਪ੍ਰਵਾਨ ਚੜ੍ਹੇ ਹਨ। ਉਨ੍ਹਾਂ ਦਾ ਜਨਮ ਦਿਨ ਮਨਾ ਕੇ ਅਸੀਂ ਰਿਣ ਮੁਕਤ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ। ਰਵੀਦੀਪ ਰਵੀ ਵੱਲੋਂ ਪ੍ਰੋਃ ਮੋਹਨ ਸਿੰਘ ਦਾ ਜਨਮ ਦਿਨ ਕੇਕ ਕੱਟਿਆ ਗਿਆ। ਵਰਨਣਯੋਗ ਗੱਲ ਇਹ ਹੈ ਕਿ ਅੱਜ ਹੀ ਪੰਜਾਬੀ ਕਵੀ ਸਵਰਨਜੀਤ ਸਵੀ ਦਾ ਵੀ ਜਨਮ ਦਿਨ ਸੀ। ਉਨ੍ਹਾਂ ਨੇ ਵੀ ਕੇਕ ਕੱਟ ਕੇ ਸਭ ਕਵੀਆਂ ਦਾ ਮੂੰਹ ਮਿੱਠਾ ਕਰਵ-ਾਇਆ।
ਮੰਚ ਸੰਚਾਲਨ ਅਤੇ ਧੰਨਵਾਦੀ ਸ਼ਬਦ ਕਹਿੰਦਿਆਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਕਿਹਾ ਕਿ ਸਾਡੀ ਪੀੜ੍ਹੀ ਪ੍ਰੋ. ਮੋਹਨ ਸਿੰਘ ਨੂੰ ਪੜ੍ਹਦਿਆਂ ਜਵਾਨ ਹੋਈ ਤੇ ਉਨ੍ਹਾਂ ਦੀ ਕਵਿਤਾ ਦੇ ਅੰਗ ਸੰਗ ਹੁਣ ਵੀ ਰਹਿ ਰਹੀ ਹੈ। ਉਨ੍ਹਾਂ ਅਕਾਡਮੀ ਦੇ ਸੱਦੇ 'ਤੇ ਪਹੁੰਚੇ ਕਵੀਆਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਸਾਰਿਆਂ ਦਾ ਸ਼ੁਕਰੀਆ ਅਦਾ ਕੀਤਾ। ਅਕਾਡਮੀ ਦੇ ਸਕੱਤਰ ਸ੍ਰੀ ਬਲਦੇਵ ਸਿੰਘ ਝੱਜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਹਾਜ਼ਰ ਕਵੀਆਂ ਨੂੰ ਗੁਰਪ੍ਰੀਤ ਸਿੰਘ ਤੂਰ ਦੀ ਪੁਸਤਕ ਦਫ਼ਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਃ ਨਵਦੀਪ ਸਿੰਘ ਖ਼ਹਿਰਾ,ਪਿਰਥੀਪਾਲ ਸਿੰਘ ਹੇਅਰ ਐੱਸ ਪੀ ਗੁਰਦਾਸਪੁਰ,ਜਗਦੀਸ਼ਪਾਲ ਸਿੰਘ ਸਰਪੰਚ ਦਾਦ, ਡਾਃ ਨਿਰਮਲ ਜੌੜਾ, ਸ੍ਰੀ ਸੁਖਜੀਤ, ਪਰਮਜੀਤ ਸਿੰਘ ਬਰਨਾਲਾ, ਕੇ. ਸਾਧੂ ਸਿੰਘ, ਸੂਬਾ ਹਰਿਭਜਨ ਸਿੰਘ ਨਾਮਧਾਰੀ, ਸੂਬਾ ਬਲਵਿੰਦਰ ਸਿੰਘ ਝੱਲ, ਡਾ. ਬਲਦੇਵ ਸਿੰਘ ਖਹਿਰਾ, ਇੰਜ. ਡੀ. ਐਮ. ਸਿੰਘ, ਅਮਰਜੀਤ ਸ਼ੇਰਪੁਰੀ, ਹਰਪਾਲ ਸਿੰਘ ਮਾਂਗਟ, ਸਤਿਨਾਮ ਸਿੰਘ ਕੋਮਲ, ਇੰਦਰਜੀਤਪਾਲ ਕੌਰ ਭਿੰਡਰ,ਪਰਮਜੀਤ ਕੌਰ ਮਹਿਕ, ਸੁਰਿੰਦਰ ਦੀਪ,ਨਵਦੀਪ ਕੌਰ ਢਿੱਲੋਂ, ਕੁਲਵਿੰਦਰ ਕਿਰਨ, ਸੁਮਿਤ ਗੁਲਾਟੀ, ਨਰਿੰਦਰ ਸਿੰਘ ਫੁੱਲ, ਡਾ. ਜਸਵੰਤ ਸਿੰਘ ਹਰਿਆਣਾ,ਸਰਬਜੀਤ ਸਿੰਘ ਵਿਰਦੀ, ਕੁਮਾਰੀ ਨੀਤੂ, ਤਰਨ ਸਿੰਘ ਬੱਲ, ਰਵੀ ਰਵਿੰਦਰ, ਕਰਨਜੀਤ ਸਿੰਘ, ਕਮਲ ਦੁਸਾਂਝ, ਨੀਤੂ, ਸਰਬਜੀਤ ਸਿੰਘ, ਨਿਰਮਲ ਸਿੰਘ ਭੱਟੀ, ਸਮੇਤ ਕਾਫ਼ੀ ਗਿਣਤੀ ਵਿਚ ਲੇਖਕ ਅਤੇ ਸਰੋਤੇ ਹਾਜ਼ਰ ਸਨ।

# ਪੁਲਿਸ ਨੇ ਬੰਦ ਘਰਾਂ 'ਚ ਚੋਰੀਆਂ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼



ਮੋਹਾਲੀ, 27 ਅਕਤੂਬਰ (ਪੋਸਟ ਬਿਊਰੋ): ਸੀਨੀਅਰ ਕਪਤਾਨ ਪੁਲਿਸ, ਸ੍ਰੀ ਵਿਵੇਕਸ਼ੀਲ ਸੋਨੀ ਆਈ.ਪੀ.ਐੱਸ ਜਿਲ੍ਹਾ ਐੱਸ.ਏ.ਐੱਸ.ਨਗਰ ਦੇ ਅਦੇਸ਼ਾਂ ਅਨੁਸਾਰ, ਕਪਤਾਨ ਪੁਲਿਸ, ਸ਼ਹਿਰੀ, ਸ੍ਰੀ ਅਕਾਸ਼ਦੀਪ ਸਿੰਘ ਔਲਖ, ਉੱਪ ਕਪਤਾਨ ਪੁਲਿਸ ਸ਼ਹਿਰੀ-1, ਸ੍ਰੀ ਹਰਿੰਦਰ ਸਿੰਘ ਮਾਨ, ਇੰਸਪੈਕਟਰ ਨਵੀਨਪਾਲ ਸਿੰਘ ਮੁੱਖ ਅਫਸਰ ਥਾਣਾ ਮਟੌਰ, ਇੰਸਪੈਕਟਰ ਗੱਬਰ ਸਿੰਘ ਮੁੱਖ ਅਫਸਰ ਥਾਣਾ ਏਅਰਪੋਰਟ ਅਤੇ ਹੌਲਦਾਰ ਲਖਵਿੰਦਰ ਸਿੰਘ ਥਾਣਾ ਮਟੌਰ ਟੀਮ ਬਣਾ ਕੇ ਮੁਕੱਦਮਾ ਨੰਬਰ 91 ਮਿਤੀ 20-08-2022 ਅ/ਧ 457, 380 ਹਿੰ:ਦੰ: ਥਾਣਾ ਮਟੌਰ ਦੀ ਚੋਰੀ ਸਬੰਧੀ ਤਫਤੀਸ਼ ਸ਼ੁਰੂ ਕੀਤੀ ਗਈ। ਜੋ ਟੈਕਨੀਕਲੀ ਇੰਨਪੁਟਸ, ਸੀ.ਸੀ.ਟੀ.ਵੀ ਕੈਮਰੇ ਦੀ ਫੂਟੇਜ ਤੋਂ ਦੋਸ਼ੀਆਂ ਦੀ ਸ਼ਨਾਖਤ ਕੀਤੀ ਅਤੇ ਹਿਉਮਨ ਇੰਟੈਲੀਜੈਂਸ ਦੀ ਮਦਦ ਨਾਲ ਦੋਸ਼ੀਆਂ ਨੂੰ ਟਰੇਸ ਕਰਕੇ ਕਾਬੂ ਕੀਤਾ। ਜੋ 03 ਬੰਦ ਘਰਾਂ ਦੀਆਂ ਚੋਰੀਆਂ ਅਤੇ ਇੱਕ ਨਾ ਕਾਮਯਾਬ ਕੋਸ਼ਿਸ਼ ਨੂੰ ਟਰੇਸ ਕੀਤਾ ਅਤੇ ਚੋਰੀ ਹੋਇਆ ਸਮਾਨ ਬ੍ਰਾਮਦ ਕਰਵਾਇਆ।

ਸ਼ਿਆਮ ਮੰਡਲ ਪੁੱਤਰ ਕਿਸ਼ਨ ਮੰਡਲ ਪਿੰਡ ਤੇ ਡਾਕ ਧੋਈ, ਥਾਣਾ ਸਦਰ ਦਰਬੰਗਾ, ਜਿਲ੍ਹਾ ਦਰਬੰਗਾ, ਬਿਹਾਰ, ਹਾਲ ਵਾਸੀ ਮਕਾਨ ਨੰਬਰ-102, ਆਜਾਦ ਨਗਰ, ਬਲੌਂਗੀ, ਜਿਲ੍ਹਾ ਐੱਸ.ਏ.ਐੱਸ ਨਗਰ। ਅਮਿਤ ਕੁਮਾਰ ਦੂਬੇ ਪੁੱਤਰ ਰਾਜਵਿੰਦਰ ਦੂਬੇ ਵਾਸੀ ਪਿੰਡ ਹਰਪੁਰ ਠੇਂਗਰਾਹੀ, ਥਾਣਾ ਮੁਹੰਮਦਪੁਰ, ਜਿਲ੍ਹਾ ਗੋਪਾਲਗੰਜ, ਬਿਹਾਰ ਹਾਲ ਵਾਸੀ ਮਕਾਨ ਨੰ:102, ਆਜਾਦ ਨਗਰ, ਬਲੌਂਗੀ, ਜਿਲ੍ਹਾ ਐੱਸ.ਏ.ਐੱਸ ਨਗਰ।

ਚੋਰੀ ਦਾ ਸਮਾਨ ਖਰੀਦਣ ਵਾਲਿਆਂ ਵਿਚ ਸੰਤੋਸ਼ ਕੁਮਾਰ ਪੁੱਤਰ ਜੋਗਿੰਦਰ ਸ਼ਾਹ ਵਾਸੀ ਮੁਹੱਲਾ ਸੁੰਦਰਨਗਰ, ਬਾਪੂ ਚੌਂਕ, ਨੇੜੇ ਖੜਗਾ ਮੰਦਿਰ, ਦਰਬੰਗਾ, ਬਿਹਾਰ। ਲੱਲਨ ਪ੍ਰਸ਼ਾਦ ਪੁੱਤਰ ਸ਼ਿਵ ਸ਼ੰਕਰ ਸ਼ਾਹ ਵਾਸੀ ਮੁਹੱਲਾ ਸੁੰਦਰਨ-ਗਰ, ਬਾਪੂ ਚੌਂਕ, ਨੇੜੇ ਖੜਗਾ ਮੰਦਿਰ, ਦਰਬੰਗਾ, ਬਿਹਾਰ।ਅਜੈ ਮਾਹੀਪਾਲ ਪੁੱਤਰ ਸੱਤਨਰਾਇਣ ਮਹੀਪਾਲ ਵਾਸੀ ਰਾਜਕੁਮਾਰ ਗੰਜ, ਜਿਲ੍ਹਾ ਦਰਬੰਗਾ, ਬਿਹਾਰ।

ਜੋ ਦੋਸ਼ੀ ਦਿਨ ਸਮੇਂ ਮੁਹਾਲੀ ਦੇ ਏਰੀਆ ਵਿੱਚ ਘੁੰਮਦੇ ਹੋਏ ਬੰਦ ਪਏ ਘਰ ਜਿੰਨਾ ਪਰ ਸੀ.ਸੀ.ਟੀ.ਵੀ ਕੈਮਰਾ ਨਹੀਂ ਹੁੰਦਾ ਸੀ, ਦੀ ਰੈਕੀ ਕਰਦੇ ਸੀ ਅਤੇ ਰਾਤ ਸਮੇਂ ਬੰਦ ਪਏ ਘਰਾਂ ਨੂੰ ਟਾਰਗੇਟ ਕਰਦੇ ਸੀ ਅਤੇ ਚੋਰੀ ਨੂੰ ਅੰਜਾਮ ਦਿੰਦੇ ਸੀ। ਤਿੰਨ ਚਾਰ ਵਾਰਦਾਤਾਂ ਕਰਨ ਤੋਂ ਬਾਅਦ ਦੋਸ਼ੀ ਆਪਣੇ ਸਟੇਟ ਬਿਹਾਰ ਵਾਪਿਸ ਚਲੇ ਜਾਂਦੇ ਸਨ ਤਾਂ ਜੋ ਟਰੇਸ ਨਾ ਹੋ ਸਕਣ।

ਬ੍ਰਾਮਦਗੀ (ਕਰੀਬ 80 ਲੱਖ ਰੁਪਏ) ਹੋਈ ਹੈ।ਪਿਓਰ ਸੋਨਾ, ਸੋਨੇ ਅਤੇ ਡਾਇਮੰਡ ਦੇ ਗਹਿਣੇ ਵਜਨ 767.73 ਗ੍ਰਾਮ। (ਕਰੀਬ 76 ਤੋਲੇ ਸੋਨਾ ਅਤੇ ਡਾਇਮੰਡ) ਚਾਂਦੀ ਦੇ ਗਹਿਣੇ 661 ਗ੍ਰਾਮ, 1 ਲੱਖ ਰੁਪਏ ਕੈਸ਼, 6000 ਅਮਰੀਕੀ ਡਾਲਰ, ੱਕ ਰਿਵਾਲਵਰ ਸਮੇਤ ਚਾਰ ਜਿੰਦਾ ਰੌਂਦ, 03 ਘੜੀਆਂ, ਮੋਟਰ ਸਾਇਕਲ ਨੰਬਰੀ,ਪੀਬੀ-65-ਏਬੀ-5853 ਰੰਗ ਲਾਲ, ਮਾਰਕਾ ਬਜਾਜ ਸੀ.ਟੀ-100, ਐੱਲ ਨੁਮਾ ਰਾੜ ਲੋਹਾ, ਇੱਕ ਪੇਚਕਸ਼, ਇੱਕ ਪਲਾਸ, ਪਿੱਠੂ ਬੈੱਗ ਰੰਗ ਕਾਲਾ, ਇੱਕ ਛੋਟੀ ਤੱਕੜੀ ਸਮੇਤ ਵੱਟੇ ਬਰਾਮਦ ਕੀਤੇ ਗਏ ਹਨ।

# ਬਹੁਜਨ ਸਮਾਜ ਦੇ ਅਧਿਕਾਰ ਖੋਹਣ ਖਿਲਾਫ ਮਜ਼ਬੂਤੀ ਨਾਲ ਸੰਘਰਸ਼ ਕਰੇਗੀ ਬਸਪਾ : ਗੜ੍ਹੀ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕੱਚੇ ਕਰਮਚਾਰੀਆਂ ਨੂੰ ਪੱਕੇ ਕਰਨ ਲਈ ਤਿਆਰ ਕੀਤੇ ਗਏ ਸਪੈਸ਼ਲ ਕੈਡਰ ਪਾਲਿਸੀ ਵਿੱਚ ਰਾਖਵਾਂਕਰਨ ਨੂੰ ਖਤਮ ਕਰਨ ਦੀ ਬਹੁਜਨ ਸਮਾਜ ਪਾਰਟੀ ਨੇ ਸਖਤ ਨਿਖੇਧੀ ਕੀਤੀ ਹੈ। ਜਾਰੀ ਬਿਆਨ ਵਿੱਚ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਦਲਿਤ ਵਿਰੋਧੀ ਚੇਹਰਾ ਸਾਹਮਣੇ ਆ ਚੁੱਕਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ 7 ਮਹੀਨਿਆਂ ਦੇ ਕਾਰਜਕਾਲ ਵਿੱਚ ਦੂਜੀ ਵਾਰ ਰਾਖਵਾਂਕਰਨ ਉਤੇ ਹਮਲਾ ਬੋਲਿਆ ਗਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਸਪੈਸ਼ਲ ਕੈਡਰ ਦੀ ਲਿਆਂਦੀ ਗਈ ਪਾਲਿਸੀ ਵਿੱਚ ਰਾਖਵਾਂਕਰਨ ਨੂੰ ਸਰਕਾਰ ਨੇ ਜਾਣਬੁੱਝ ਕੇ ਖਤਮ ਕਰਕੇ ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਵੱਖ ਵੱਖ ਕੈਟਾਗਿਰੀਆਂ ਦੇ ਅਧਿਕਾਰਾਂ ਵੱਡਾ ਹਮਲਾ ਕੀਤਾ ਹੈ। ਗੜ੍ਹੀ ਨੇ ਕਿਹਾ ਕਿ 'ਆਪ' ਸਰਕਾਰ ਨੇ ਪਹਿਲਾਂ ਐਡਵੋਕੈਟ ਜਨਰਲ ਦੇ ਦਫ਼ਤਰ ਵਿਚੋਂ ਦਲਿਤ ਤੇ ਪਿਛੜੀਆਂ ਸ੍ਰੇਣੀਆਂ ਨੂੰ ਨਜ਼ਰਅੰਦਾਜ਼ ਕੀਤਾ, ਹੁਣ ਸੰਵਿਧਾਨ ਦੇ ਬਿਲਕੁਲ ਉਲਟ ਜਾਕੇ ਸਪੈਸ਼ਲ ਕੈਡਰ ਦੀ ਨੀਤੀ ਤਹਿਤ ਰਾਖਵਾਂਕਰਨ ਹੀ ਖਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਸਾਹਿਬ ਵੱਲੋਂ ਸੰਵਿਧਾਨ ਵਿੱਚ ਦਿੱਤੇ ਗਏ ਰਾਖਵਾਂਕਰਨ ਨੂੰ ਖਤਮ ਕਰਨ ਲਈ ਆਮ ਆਦਮੀ ਪਾਰਟੀ ਦੇ ਮਨਸੂਬਿਆਂ ਨੂੰ ਕਦੇ ਵੀ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦਲਿਤ ਭਾਈਚਾਰੇ, ਪਛੜੀਆਂ ਸ਼੍ਰੇਣੀਆਂ ਤੇ ਹੋਰ ਸਮੂਹ ਪੰਜਾਬੀਆਂ ਨੂੰ ਲਾਮਬੰਦ ਕਰਕੇ 'ਆਪ' ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਲੜੇਗੀ ਨੂੰ ਮਜ਼ਬੂਤ ਤਰੀਕੇ ਨਾਲ ਲੜੇਗੀ।

# ਸਾਕਾ ਸ੍ਰੀ ਪੰਜਾ ਸਾਹਿਬ ਦਾ 100 ਸਾਲਾ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਜ਼ਜਬੇ ਨਾਲ ਮਨਾਇਆ ਗਿਆ

## ਸਰਕਾਰਾਂ ਕਦੇ ਵੀ ਸਿੱਖ ਕੌਮ ਦੀਆਂ ਹਿਤੈਸ਼ੀ ਨਹੀਂ ਰਹੀਆਂ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ * ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਾਮਲਿਆਂ ਸਬੰਧੀ ਪਿੰਡ ਪੱਧਰ ਤੱਕ ਲਹਿਰ ਸਿਰਜੀ ਜਾਵੇਗੀ : ਐਡਵੋਕੇਟ ਧਾਮੀ

### ਸਰਕਾਰਾਂ ਦੇ ਇਸ਼ਾਰੇ 'ਤੇ ਕੌਮ ਦੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੇ ਲੋਕਾਂ ਤੋਂ ਸਾਵਧਾਨ ਰਹਿਣ ਦੀ ਲੋੜ : ਸੁਖਬੀਰ ਸਿੰਘ ਬਾਦਲ









ਅੰਮ੍ਰਿਤਸਰ, 27 ਅਕਤੂਬਰ(ਗਿਆਨ ਸਿੰਘ): ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ 100 ਸਾਲਾ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਦੀਵਾਨ ਹਾਲ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਕੀਤੇ ਗਏ ਵਿਸ਼ਾਲ ਸਮਾਗਮ ਦੌਰਾਨ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੰਥਕ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਸ਼ਤਾਬਦੀ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਪੰਥਕ ਸੰਸਥਾਵਾਂ ਦੀ ਮਜਬੂਤੀ ਲਈ ਸਾਰੀਆਂ ਧਿਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਗਵਾਈ ਵਿਚ ਇਕੱਠੇ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸਿੱਖ ਜਥੇਬੰਦੀਆਂ ਦੇ ਆਗੂ ਮੌਜੂਦ ਸਨ। ਸ਼ਤਾਬਦੀ ਸਮਾਗਮ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਨੇ ਸਾਕਾ ਸ੍ਰੀ ਪੰਜਾ ਸਾਹਿਬ ਇਤਿਹਾਸ ਬਾਰੇ ਵਿਸਥਾਰ ਪੂਰਵਕ ਵਿਚਾਰ ਸਾਂਝੇ ਕੀਤੇ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸ਼ਹੀਦੀ ਸਾਕੇ ਦੇ ਸਮੂਹ ਸ਼ਹੀਦਾਂ ਸਬੰਧੀ ਅਰਦਾਸ ਕੀਤੀ ਗਈ।

ਸਮਾਗਮ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਇਸ ਦੀਆਂ ਸੰਸਥਾਵਾਂ ਗੁਰੂ ਸਾਹਿਬਾਨ ਨੇ ਆਪ ਸਥਾਪਤ ਕੀਤੀਆਂ। ਉਨ੍ਹਾਂ ਆਖਿਆ ਕਿ ਗੁਰਦੁਆਰਾ, ਸੰਗਤ, ਪੰਗਤ ਅਤੇ ਸਿੱਖਾਂ ਨੂੰ ਕੇਂਦਰੀ ਧੁਰੇ ਨਾਲ ਜੋੜਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਿੱਖ ਇਤਿਹਾਸ ਦਾ ਹਾਸਲ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕੁਝ ਸੰਸਥਾਵਾਂ ਖਾਲਸਾ ਪੰਥ ਨੇ ਬਣਾਈਆਂ ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਅਹਿਮ ਹੈ, ਜਿਸ ਦੀ ਸਥਾਪਨਾ ਲਈ 500 ਤੋਂ ਵੱਧ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਸ੍ਰੀ ਪੰਜਾ ਸਾਹਿਬ ਸਾਕੇ ਦੇ ਸ਼ਹੀਦ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਦੀਆਂ ਸ਼ਹਾਦਤਾਂ ਵੀ ਸ਼੍ਰੋਮਣੀ ਕਮੇਟੀ ਦੀ ਕਾਇਮੀ ਤੇ ਮਜਬੂਤੀ ਲਈ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਇਨ੍ਹਾਂ ਸੰਸਥਾਵਾਂ ਨੂੰ ਸਰਕਾਰੀ ਸ਼ਹਿ 'ਤੇ ਚੁਣੌਤੀ ਦਿੱਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਮੁਗਲ ਜਾਂ ਅੰਗਰੇਜ਼ ਸਰਕਾਰਾਂ ਹੋਣ ਜਾਂ ਮੌਜੂਦਾ ਸਰਕਾਰਾਂ ਹੋਣ, ਇਹ ਕਦੇ ਵੀ ਪੰਥ ਹਿਤੈਸ਼ੀ ਨਹੀਂ ਰਹੀਆਂ। ਇਸ ਲਈ ਸਿੱਖ ਕੌਮ ਨੂੰ ਆਪਣੀਆਂ ਸੰਸਥਾਵਾਂ ਮਜਬੂਤ ਕਰਨ ਲਈ ਆਪ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸ਼੍ਰੋਮਣੀ ਕਮੇਟੀ ਤੇ ਹੋਰ ਸੰਸਥਾਵਾਂ ਨੂੰ ਅਜ਼ਾਦ ਕਰਵਾਉਣ ਦੀ ਗੱਲ ਕਰ ਰਹੇ ਹਨ ਕੀ ਉਹ ਦੱਸ ਸਕਦੇ ਹਨ ਕਿ ਸਰਕਾਰੀ ਦਖਲ ਨਾਲ ਲਿਆ ਪ੍ਰਬੰਧ ਉਨ੍ਹਾਂ ਪਾਸ ਰਹੇਗਾ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਕਿਧਰੇ ਸੰਸਥਾਵਾਂ ਨੂੰ ਆਜ਼ਾਦ ਕਰਵਾਉਣ ਦੇ ਨਾਅਰੇ ਹੇਠ ਇਨ੍ਹਾਂ ਦਾ ਪ੍ਰਬੰਧ ਸਰਕਾਰੀ ਹੱਥਾਂ ਵਿਚ ਨਾ ਚਲਾ ਜਾਵੇ। ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਸ੍ਰੀ ਪਟਨਾ ਸਾਹਿਬ ਕਮੇਟੀ ਅਤੇ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਹਵਾਲਾ ਦਿੱਤਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਖਿਆ ਕਿ ਅੱਜ ਪੰਥ ਨੂੰ ਆਪਣੀਆਂ ਸੰਸਥਾਵਾਂ ਬਾਰੇ ਸੰਜੀਦਾ ਪਹੁੰਚ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਪੰਥ ਦਾ ਸਰਵਉੱਚ ਸਥਾਨ ਹੈ ਜਿਸ ਦੀ ਮਜਬੂਤੀ ਲਈ ਹਰ ਸਿੱਖ ਅੱਗੇ ਆਵੇ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਵੀ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਸਿੱਖ ਸੰਸਥਾਵਾਂ ਨੂੰ ਮਜਬੂਤ ਕਰਨ ਲਈ ਕਾਰਜ ਕਰਨ। ਉਨ੍ਹਾਂ ਆਖਿਆ ਕਿ ਪੰਥਕ ਸੇਵਾ ਲਈ ਸਿੱਖੀ ਜ਼ਜਬਾ ਬੇਹੱਦ ਲਾਜਮੀ ਹੈ ਅਤੇ ਪੰਥਕ ਜਥੇਬੰਦੀਆਂ ਦੇ ਹਰ ਆਗੂ ਅੰਦਰ ਟ੍ਰੇਨਿੰਗ ਕੈਂਪਾਂ ਰਾਹੀਂ ਅੰਦਰ ਪੰਥਕ ਜ਼ਜਬਾ ਪ੍ਰਚੰਡ ਕੀਤਾ ਜਾਵੇ। ਉਨ੍ਹਾਂ ਸਿੱਖ ਸੰਗਤ ਨੂੰ ਵੀ ਪੰਥ ਵਿਰੋਧੀ ਸ਼ਕਤੀਆਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਿੱਖ ਇਤਿਹਾਸ ਦੇ ਸਾਕੇ ਅਤੇ ਮੋਰਚੇ ਸਿੱਖੀ ਪ੍ਰਤੀ ਦ੍ਰਿੜ੍ਹਤਾ ਲਈ ਪ੍ਰੇਰਨਾ ਸਰੋਤ ਹਨ ਅਤੇ ਇਨ੍ਹਾਂ ਵਿਚ ਸ੍ਰੀ ਪੰਜਾ ਸਾਹਿਬ ਦਾ ਸਾਕਾ ਅਤਿ ਅਹਿਮ ਹੈ। ਉਨ੍ਹਾਂ ਕਿਹਾ ਕਿ ਪੁਰਾਤਨ ਸਿੱਖਾਂ ਨੇ ਇਨ੍ਹਾਂ ਸਾਕਿਆਂ ਦੌਰਾਨ ਗੁਰਬਾਣੀ ਦੀ ਸ਼ਕਤੀ ਨਾਲ ਜ਼ੁਲਮ ਦਾ ਟਾਕਰਾ ਕੀਤਾ ਅਤੇ ਨਵੀਂ ਪੀੜ੍ਹੀ ਲਈ ਪੂਰਨੇ ਪਾਏ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸੁੱਖ ਸੁਵਿਧਾਵਾਂ ਦੀ ਦੌੜ ਵਿਚ ਅਸੀਂ ਗੁਰਬਾਣੀ ਅਤੇ ਇਤਿਹਾਸ ਦੂਰ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਆਪਣੇ ਇਤਿਹਾਸ ਤੋਂ ਸੇਧ ਲੈ ਕੇ ਪੰਥਕ ਅਤੇ ਸਿੱਖ ਸਭਿਆਚਾਰ ਦੀ ਮਜਬੂਤੀ ਲਈ ਇਕਜੁੱਟਤਾ ਨਾਲ ਕਾਰਜ ਕਰਨੇ ਅਤਿ ਜ਼ਰੂਰੀ ਹਨ। ਉਨ੍ਹਾਂ ਮੌਜੂਦਾ ਸਮੇਂ ਕੌਮ ਨੂੰ ਦਰਪੇਸ਼ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਸਰਕਾਰਾਂ ਸਿੱਖਾਂ ਨੂੰ ਨਿਆਂ ਨਹੀਂ ਦੇ ਰਹੀਆਂ। ਬੰਦੀ ਸਿੰਘਾਂ ਅਤੇ ਵੱਖਰੀ ਹਰਿਆਣਾ ਕਮੇਟੀ ਦੇ ਮਾਮਲੇ ਜਾਣਬੁਝ ਕੇ ਉਲਝਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ਸਬੰਧੀ ਜਲਦੀ ਹੀ ਸ਼੍ਰੋਮਣੀ ਕਮੇਟੀ ਵੱਲੋਂ ਪਿੰਡ ਪੱਧਰ ਤਕ ਲਹਿਰ ਸਿਰਜੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਪ੍ਰੰਪਰਾਵਾਂ ਦੀ ਰੋਸ਼ਨੀ ਵਿਚ ਪੰਥਕ ਕਾਰਜਾਂ ਲਈ ਨਿਰੰਤਰ ਕਾਰਜਸ਼ੀਲ ਹੈ ਅਤੇ ਇਸ ਦੀ ਲਗਾਤਾਰਤਾ ਵਿਚ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਸ਼ਤਾਬਦੀ ਸਮਾਗਮਾਂ ਦੌਰਾਨ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

ਸਮਾਗਮ ਸਮੇਂ ਆਪਣੇ ਸੰਬੋਧਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਕੌਮ ਨੂੰ ਸਿਮਰਨ, ਸੇਵਾ ਅਤੇ ਸ਼ਹਾਦਤ ਨਾਲ ਪਹਿਚਾਣਿਆ ਜਾਂਦਾ ਹੈ ਅਤੇ ਦੁਨੀਆਂ ਵਿਚ ਕਿਤੇ ਵੀ ਔਕੜ ਆਉਣ 'ਤੇ ਸਿੱਖ ਸਭ ਤੋਂ ਪਹਿਲਾਂ ਸੇਵਾ ਕਰਨ ਲਈ ਪਹੁੰਚਦੇ ਹਨ। ਸਾਕਾ ਸ੍ਰੀ ਪੰਜਾ ਸਾਹਿਬ ਨਾਲ ਸਬੰਧਤ ਸ਼ਹੀਦ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਨੇ ਵੀ ਲੰਗਰ ਲਈ ਸੇਵਾ ਕਰਦਿਆਂ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਅਤੀਤ ਵਿਚ ਮਹੰਤਾਂ ਵੱਲੋਂ ਗੁਰੂ ਘਰਾਂ ਵਿਚ ਮਰਯਾਦਾ ਦੇ ਉਲਟ ਕੰਮ ਕੀਤੇ ਗਏ ਜਿਸ ਕਰਕੇ ਸਾਡੇ ਪੁਰਖਿਆਂ ਨੇ ਵੱਡੀਆਂ ਸ਼ਹਾਦਤਾਂ ਦੇ ਕੇ ਸ਼੍ਰੋਮਣੀ ਕਮੇਟੀ ਸਥਾਪਤ ਕੀਤੀ ਅਤੇ ਸਿੱਖ ਰਾਜਸੀ ਸ਼ਕਤੀ ਲਈ ਸ਼੍ਰੋਮਣੀ ਅਕਾਲੀ ਦਲ ਬਣਾਇਆ। ਅੱਜ ਲਗਾਤਾਰ 100 ਸਾਲ ਤੋਂ ਇਹ ਦੋਵੇਂ ਪੰਥਕ ਸੰਸਥਾਵਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਲੋਕਤੰਤਰੀ ਤਰੀਕੇ ਨਾਲ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਅਖੌਤੀ ਪੰਥਕ ਲੋਕਾਂ ਤੋਂ ਸਾਵਧਾਨ ਹੋਣ ਦੀ ਲੋੜ ਹੈ ਜੋ ਸਰਕਾਰਾਂ ਦੀਆਂ ਤਾਕਤਾਂ ਅਤੇ ਏਜੰਸੀਆਂ ਦੇ ਇਸ਼ਾਰੇ ਉੱਤੇ ਕੌਮ ਦੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ ਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਵੱਲੋਂ ਵੱਖਰੀ ਹਰਿਆਣਾ ਕਮੇਟੀ ਦੀ ਸਥਾਪਨਾ ਜਰੀਏ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੇ ਮਨਸੂਬੇ ਤਿਆਰ ਕੀਤੇ ਗਏ ਹਨ। ਬਾਦਲ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਸਾਰੀਆਂ ਧਿਰਾਂ ਨੂੰ ਇਕੱਠਿਆਂ ਕਰਕੇ ਸਿੱਖ ਵਿਰੋਧੀ ਹਮਲਿਆਂ ਦਾ ਮੁਕਾਬਲਾ ਕਰਨ ਲਈ ਅਗਵਾਈ ਕਰਨ। ਇਸ ਮੌਕੇ ਉਨ੍ਹਾਂ ਵਚਨਬੱਧਤਾ ਪ੍ਰਗਟਾਈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਪੰਥ ਵੱਲੋਂ ਜੋ ਵੀ ਪ੍ਰੋਗਰਾਮ ਉਲੀਕੇ ਜਾਣਗੇ ਉਨ੍ਹਾਂ ਦਾ ਅਕਾਲੀ ਦਲ ਵੱਲੋਂ ਪੂਰਨ ਸਹਿਯੋਗ ਕੀਤਾ ਜਾਵੇਗਾ। ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ 'ਤੇ ਗੱਲ ਕਰਦਿਆਂ ਬਾਦਲ ਨੇ ਕਿਹਾ ਕਿ ਦੇਸ਼ ਅੰਦਰ ਜ਼ਬਰ-ਜਨਾਹ ਅਤੇ ਪ੍ਰਧਾਨ ਮੰਤਰੀ ਦੇ ਕਤਲ ਦੇ ਦੋਸ਼ੀਆਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ ਜਦਕਿ ਬੰਦੀ ਸਿੰਘਾਂ ਨੂੰ ਲੰਮੇ ਸਮੇਂ ਤੋਂ ਜੇਲ੍ਹਾਂ ਅੰਦਰ ਰੱਖਣਾ ਸਿੱਖ ਕੌਮ ਨਾਲ ਅਨਿਆਂ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਨਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਨੂੰ ਨੌਜੁਆਨ ਪੀੜ੍ਹੀ ਲਈ ਸੇਧਮਈ ਕਰਾਰ ਦਿੱਤਾ।

ਸ਼ਤਾਬਦੀ ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਪੰਥ ਅਕਾਲੀ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਦਲ ਬਾਬਾ ਬਿਧੀਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ ਤੇ ਸੀਨੀਅਰ ਅਕਾਲੀ ਆਗੂ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਆਖਿਆ ਕਿ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦਾ ਇਤਿਹਾਸ ਸਿੱਖ ਪੰਥ ਲਈ ਦ੍ਰਿੜ ਹੋ ਕੇ ਸੇਵਾਵਾਂ ਦੇਣ ਦਾ ਅਹਿਦ ਹੈ, ਜਿਸ ਦੀ ਸੇਧ ਵਿਚ ਸਮੁੱਚੀ ਸਿੱਖ ਕੌਮ ਨੂੰ ਏਕੇ ਨਾਲ ਪੰਥ ਦੀ ਚੜ੍ਹਦੀ ਕਲਾ ਵਾਸਤੇ ਵਚਨਬੱਧ ਹੋਣਾ ਚਾਹੀਦਾ ਹੈ। ਸਮਾਗਮ ਸਮੇਂ ਸਟੇਜ ਦੀ ਸੇਵਾ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਨਿਭਾਈ। ਇਸ ਮੌਕੇ ਸਾਰੇ ਬੁਲਾਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਜ ਮਨਾਏ ਜਾ ਰਹੇ ਗੁਰਤਾਗੱਦੀ ਦਿਵਸ ਦੀ ਸੰਗਤ ਨੂੰ ਵਧਾਈ ਵੀ ਦਿੱਤੀ। ਇਸੇ ਦੌਰਾਨ ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਤਿਆਰ ਕੀਤੀ ਗਈ ਸ੍ਰੀ ਪੰਜਾ ਸਾਹਿਬ ਸਾਕੇ ਦੇ ਇਤਿਹਾਸ ਬਾਰੇ ਪੁਸਤਕ ਜਾਰੀ ਕੀਤੀ ਗਈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਗਿਆਨੀ ਮਲਕੀਤ ਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਵੱਲੋਂ ਬਾਬਾ ਨਾਗਰ ਸਿੰਘ, ਬਾਬਾ ਜਗਤਾਰ ਸਿੰਘ ਕਾਰਸੇਵਾ ਤਰਨਤਾਰਨ, ਭਾਈ ਈਸ਼ਰ ਸਿੰਘ ਭਿੰਡਰਾਂਵਾਲੇ, ਬਾਬਾ ਅਮੀਰ ਸਿੰਘ ਜਵੱਦੀ ਟਕਸਾਲ, ਬਾਬਾ ਗੁਰਦੇਵ ਸਿੰਘ ਕੁਲੀ ਵਾਲੇ, ਬਾਬਾ ਸੁਰਿੰਦਰ ਸਿੰਘ ਮਿੱਠੇ ਟਿਵਾਣੇ ਵਾਲੇ, ਬਾਬਾ ਗੱਜਣ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਧਰਮ ਸਿੰਘ ਅਮਰੀਕਾ, ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਡਾ. ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਗੁਲਜਾਰ ਸਿੰਘ ਰਣੀਕੇ, ਵਿਰਸਾ ਸਿੰਘ ਵਲਟੋਹਾ, ਰਵੀਕਰਨ ਸਿੰਘ ਕਾਹਲੋਂ, ਹਰਵਿੰਦਰ ਸਿੰਘ ਚੰਦੂਮਾਜਰਾ, ਕੰਵਲਜੀਤ ਸਿੰਘ ਰੋਜੀਬਰਕੰਦੀ, ਤਲਬੀਰ ਸਿੰਘ ਗਿੱਲ, ਰਾਣਾ ਰਣਬੀਰ ਸਿੰਘ ਲੋਪੋਕੇ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਲਵਿੰਦਰਪਾਲ ਸਿੰਘ ਪੱਖੋਕੇ, ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਅੰਤ੍ਰਿੰਗ ਕਮੇਟੀ ਮੈਂਬਰ ਸਰਵਨ ਸਿੰਘ ਕੁਲਾਰ, ਗੁਰਿੰਦਰਪਾਲ ਸਿੰਘ ਗੋਰਾ, ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਅਮਰਜੀਤ ਸਿੰਘ ਬੰਡਾਲਾ, ਜੋਧ ਸਿੰਘ ਸਮਰਾ, ਗੁਰਪ੍ਰੀਤ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਮਨਜੀਤ ਸਿੰਘ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਕੇਵਲ ਸਿੰਘ ਬਾਦਲ, ਗੁਰਬਚਨ ਸਿੰਘ ਕਰਮੂਵਾਲਾ, ਕਿਰਨਜੋਤ ਕੌਰ, ਜਰਨੈਲ ਸਿੰਘ ਕਰਤਾਰਪੁਰ, ਬਾਵਾ ਸਿੰਘ ਗੁਮਾਨਪੁਰਾ, ਅਜਮੇਰ ਸਿੰਘ ਖੇੜਾ, ਗੁਰਮੀਤ ਸਿੰਘ ਬੂਹ, ਭਾਈ ਅਜਾਇਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਅਵਤਾਰ ਸਿੰਘ ਰੀਆ, ਬਲਜੀਤ ਸਿੰਘ ਜਲਾਲਉਸਮਾ, ਨਵਤੇਜ ਸਿੰਘ ਕਾਉਣੀ, ਬਲਦੇਵ ਸਿੰਘ ਕਲਿਆਣ, ਮੰਗਵਿੰਦਰ ਸਿੰਘ ਖਾਪੜਖੇੜੀ, ਭਾਈ ਰਾਮ ਸਿੰਘ, ਖੁਸ਼ਵਿੰਦਰ ਸਿੰਘ ਭਾਟੀਆ, ਸਤਪਾਲ ਸਿੰਘ ਤਲਵੰਡੀ ਭਾਈ, ਹਰਭਜਨ ਸਿੰਘ ਮਸਾਣਾ, ਸੁਰਜੀਤ ਸਿੰਘ ਤੁਗਲਵਾਲ, ਅਮਰਜੀਤ ਸਿੰਘ ਭਲਾਈਪੁਰ, ਗੁਰਿੰਦਰਪਾਲ ਸਿੰਘ ਰਣੀਕੇ, ਦੀਵਾਨ ਸਿੰਘ, ਕੌਰ ਸਿੰਘ, ਕੁਲਵੰਤ ਸਿੰਘ ਮੰਨਣ, ਅਮਰੀਕ ਸਿੰਘ ਵਿਛੋਆ, ਜਸਮੇਲ ਸਿੰਘ ਲਾਛੜੂ, ਗੁਰਨਾਮ ਸਿੰਘ ਜੱਸਲ, ਪਰਮਜੀਤ ਸਿੰਘ ਖਾਲਸਾ, ਹਰਪਾਲ ਸਿੰਘ ਜੱਲ੍ਹਾ, ਜੋਗਿੰਦਰ ਕੌਰ ਬਠਿੰਡਾ, ਜਸਬੀਰ ਕੌਰ ਜਫ਼ਰਵਾਲ, ਹਰਜਿੰਦਰ ਕੌਰ, ਜੋਗਿੰਦਰ ਕੌਰ ਧਰਮਕੋਟ, ਜਥੇਦਾਰ ਗੁਰਪਾਲ ਸਿੰਘ, ਕੁਲਦੀਪ ਸਿੰਘ ਤੇੜਾ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾਂਵਾਲੇ, ਬਾਬਾ ਸੁੱਚਾ ਸਿੰਘ, ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਜਸਵਿੰਦਰ ਸਿੰਘ ਡਾਡੀਆਂ, ਬਾਬਾ ਦਿਲਬਾਗ ਸਿੰਘ, ਬਾਬਾ ਸੁਰਿੰਦਰ ਸਿੰਘ ਸੇਵਾਪੰਥੀ, ਬਾਬਾ ਪਰਮਜੀਤ ਸਿੰਘ, ਬਾਬਾ ਅਮੀਰ ਸਿੰਘ ਜਵੱਦੀ ਕਲਾ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਬਾਬਾ ਸਰਵਨ ਸਿੰਘ ਮਲਕਪੁਰ, ਬਾਬਾ ਹਰਦੇਵ ਸਿੰਘ ਤਲਵੰਡੀ, ਬਾਬਾ ਕੁਲਵੰਤ ਸਿੰਘ, ਬਾਬਾ ਅਨਹਦ ਰਾਜ ਸਿੰਘ ਨਾਨਕਸਰ, ਬਾਬਾ ਦਲਜੀਤ ਸਿੰਘ, ਬਾਬਾ ਮੌਜ ਦਾਸ ਮਾੜੀ ਕੰਬੋਕੇ, ਬਾਬਾ ਮੇਜਰ ਸਿੰਘ, ਬਾਬਾ ਸਤਨਾਮ ਸਿੰਘ ਨਾਨਕਸਰ, ਬਾਬਾ ਸਤਨਾਮ ਸਿੰਘ ਵਲੀਆਂ, ਬਾਬਾ ਹਰੀ ਸਿੰਘ ਨਾਨਕਸਰ ਕਲੇਰਾਂ, ਬਾਬਾ ਕੁਲਵੰਰਨ ਸਿੰਘ ਬੋਪਾਲੀਆ, ਬਾਬਾ ਕੇਵਲ ਸਿੰਘ ਗੁਰਦੁਆਰਾ ਖੁਰਾਲਗੜ੍ਹ ਸਾਹਿਬ, ਬਾਬਾ ਸੁਖਦੇਵ ਸਿੰਘ ਦਮਦਮੀ ਟਕਸਾਲ, ਬਾਬਾ ਕੁਲਵੰਤ ਰਾਮ ਸਿੰਘ, ਬਾਬਾ ਮੇਲਾ ਦਾਸ, ਬਾਬਾ ਅਵਤਾਰ ਸਿੰਘ ਸੇਵਾਦਾਰ ਗੁਰਦੁਆਰਾ ਬਾਬਾ ਮੱਲ ਜੀ, ਸਰਬਜੀਤ ਕੌਰ ਗੁਰਦੁਆਰਾ ਛਾਬੜੀ ਸਾਹਿਬ, ਬਾਬਾ ਸਾਹਿਬ ਸਿੰਘ, ਬਾਬਾ ਹਰਦੇਵ ਸਿੰਘ ਹੁਸ਼ਿਆਰਪੁਰ, ਡਾ. ਧਰਮਵੀਰ ਸਿੰਘ ਕਾਰਸੇਵਾ ਗੁ: ਹੰਸਲੀ ਸਾਹਿਬ, ਬਾਬਾ ਅਨਹਦ ਰਾਜ ਸਿੰਘ ਨਾਨਕਸਰ ਲੁਧਿਆਣਾ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਸ਼ਿਵਰਾਜ ਸਿੰਘ ਮੋਗਾ, ਬਾਬਾ ਹਰਬੰਸ ਸਿੰਘ ਸਿੱਧਵਾ, ਜਸਬੀਰ ਸਿੰਘ ਘੁੰਮਣ, ਇੰਦਰਜੀਤ ਸਿੰਘ ਗੋਗੋਆਣੀ, ਸੁਖਦੇਵ ਸਿੰਘ ਭੂਰਾਕੋਹਨਾ, ਬਲਵਿੰਦਰ ਸਿੰਘ ਜੋੜਾਸਿੰਘਾ, ਦਿਲਜੀਤ ਸਿੰਘ ਬੇਦੀ, ਇੰਦਰਪਾਲ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਤਲਵਿੰਦਰ ਸਿੰਘ ਬੁੱਟਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਹਰਜੀਤ ਸਿੰਘ ਲਾਲੂਘੁੰਮਣ, ਗੁਰਮੀਤ ਸਿੰਘ ਬੁੱਟਰ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਹੈੱਡ ਪ੍ਰਚਾਰਕ ਭਾਈ ਜਸਵਿੰਦਰ ਸਿੰਘ ਸ਼ਹੂਰ, ਭਾਈ ਸਰਬਜੀਤ ਸਿੰਘ ਢੋਟੀਆਂ ਅਤੇ ਭਾਈ ਵਰਿਆਮ ਸਿੰਘ ਆਦਿ ਮੌਜੂਦ ਸਨ।

### ਸ਼ਤਾਬਦੀ ਸਮਾਗਮ ਦੌਰਾਨ ਪਾਸ ਕੀਤੇ ਗਏ ਚਾਰ ਅਹਿਮ ਮਤੇ

ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਚਾਰ ਅਹਿਮ ਮਤੇ ਪਾਸ ਕੀਤੇ ਗਏ, ਇਹ ਮਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਅਜਮੇਰ ਸਿੰਘ ਖੇੜਾ, ਗੁਰਮੀਤ ਸਿੰਘ ਬੂਹ ਤੇ ਗੁਰਪ੍ਰੀਤ ਕੌਰ ਨੇ ਪੇਸ਼ ਕੀਤੇ ਜਿਨ੍ਹਾਂ ਨੂੰ ਹਾਜ਼ਰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨ ਕੀਤਾ। ਪਹਿਲੇ ਮਤੇ ਵਿਚ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਤਿਹਾਸ ਤੇ ਪ੍ਰੰਪਰਾਵਾਂ ਦੀ ਸੇਧ ਵਿਚ ਕਾਰਜਸ਼ੀਲ ਰਹਿਣ ਦੀ ਵਚਨਬੱਧਤਾ ਪ੍ਰਗਟਾਈ ਗਈ। ਦੂਸਰੇ ਮਤੇ ਵਿਚ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਤੇ ਸਰਕਾਰਾਂ ਦੇ ਪੱਖਪਾਤੀ ਰਵੱਈਏ ਵਾਲੀ ਨੀਤੀ ਦੀ ਕਰੜੀ ਅਲੋਚਨਾ ਕਰਦਿਆਂ ਇਸ ਸਬੰਧੀ ਪਿੰਡ ਪੱਧਰ ਤੱਕ ਲਹਿਰ ਸਿਰਜਣ ਦਾ ਐਲਾਨ ਕੀਤਾ ਗਿਆ। ਮਤੇ ਰਾਹੀਂ ਕਿਹਾ ਗਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਰਗਰਮ ਗਤੀਵਿਧੀਆਂ ਜਾਰੀ ਰੱਖਦਿਆਂ ਵੱਡੀ ਗਿਣਤੀ ਵਿਚ ਲੋਕਾਂ ਪਾਸੋਂ ਫਾਰਮ ਭਰਵਾ ਕੇ ਸੰਘਰਸ਼ ਨੂੰ ਸੰਗਠਿਤ ਕੀਤਾ ਜਾਵੇਗਾ ਅਤੇ ਇਹ ਪ੍ਰੋਫਾਰਮੇ ਗਵਰਨਰ ਪੰਜਾਬ ਨੂੰ ਪੇਸ਼ ਕੀਤੇ ਜਾਣਗੇ। ਇਸ ਦੇ ਨਾਲ ਹੀ ਚੰਡੀਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਮੈਂਬਰਾਂ ਸਮੇਤ ਪੰਥਕ ਲੋਕਾਂ ਦਾ ਇਕ ਵੱਡਾ ਇਕੱਠ ਸੱਦਿਆ ਜਾਵੇਗਾ।

ਤੀਸਰੇ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਤੋੜਣ ਵਾਲੀਆਂ ਚਾਲਾਂ ਦਾ ਵਿਰੋਧ ਕਰਦਿਆਂ ਵੱਖਰੀ ਹਰਿਆਣਾ ਗੁਰਦੁਆਰਾ ਕਮੇਟੀ ਖਿਲਾਫ ਭਾਰਤ ਸਰਕਾਰ ਪਾਸੋਂ ਸੰਸਦ ਵਿਚ ਬਿੱਲ ਪਾਸ ਕਰਨ ਦੀ ਮੰਗ ਕੀਤੀ ਗਈ। ਆਖਿਆ ਗਿਆ ਕਿ ਸਿੱਖ ਗੁਰਦੁਆਰਾ ਐਕਟ 1925 ਕਾਇਮ ਹੈ, ਇਸ ਲਈ ਸਰਕਾਰ ਹਰਿਆਣਾ ਕਮੇਟੀ ਐਕਟ ਨੂੰ ਰੱਦ ਕਰੇ ਅਤੇ ਐਕਟ 1925 ਤਹਿਤ ਚੱਲ ਰਿਹਾ ਪ੍ਰਬੰਧ ਬਰਕਰਾਰ ਰੱਖਿਆ ਜਾਵੇ। ਇਕ ਹੋਰ ਮਤੇ ਰਾਹੀਂ ਹਰਿਆਣਾ ਕਮੇਟੀ ਨੂੰ ਗੈਰ ਸੰਵਿਧਾਨਕ ਅਤੇ ਗੈਰ ਕਾਨੂੰਨੀ ਆਖਦਿਆਂ ਇਸ ਵਿਰੁੱਧ ਰੋਸ ਲਹਿਰ ਪ੍ਰਚੰਡ ਕਰਨ ਦੇ ਨਾਲ-ਨਾਲ ਕੌਮੀ ਏਕਤਾ ਤੇ ਸੰਘਰਸ਼ ਦੀ ਚੜ੍ਹਦੀ ਕਲਾ ਲਈ ਜ਼ਿਲ੍ਹਾ ਪੱਧਰ 'ਤੇ ਸ੍ਰੀ ਅਖੰਡ ਪਾਠ ਸਾਹਿਬ ਕਰਨ ਅਤੇ ਵੱਡੇ ਇਕੱਠ ਸੱਦਣ ਦਾ ਐਲਾਨ ਕੀਤਾ ਗਿਆ।

# ਵਿਜੀਲੈਂਸ ਵੱਲੋਂ ਦਾਣਾ ਮੰਡੀਆਂ ਵਿਚ ਲੇਬਰ ਤੇ ਢੋਆ-ਢੁਆਈ ਦੇ ਟੈਂਡਰਾਂ ਵਿਚ ਇਕ ਹੋਰ ਘਪਲੇ ਦਾ ਪਰਦਾਫਾਸ਼

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਫਿਰੋਜ਼ਪੁਰ ਜ਼ਿਲੇ ਵਿੱਚ ਮਿਲੀਭੁਗਤ ਨਾਲ ਠੇਕੇਦਾਰਾਂ ਵੱਲੋਂ ਅਨਾਜ ਮੰਡੀਆਂ ਵਿੱਚ ਕਣਕ ਦੀ ਢੋਆ-ਢੁਆਈ ਲਈ ਲੇਬਰ ਕਾਰਟੇਜ ਅਤੇ ਟਰਾਂਸਪੋਰਟ ਟੈਂਡਰਾਂ ਵਿੱਚ ਧੋਖਾਧੜੀ ਦੇ ਇੱਕ ਹੋਰ ਘਪਲੇ ਦਾ ਪਰਦਾਫਾਸ਼ ਕੀਤਾ ਹੈ।

ਇਸ ਸਬੰਧੀ ਤਿੰਨ ਠੇਕੇਦਾਰਾਂ/ਟੈਂਡਰਕਾਰਾਂ ਦਵਿੰਦਰ ਸਿੰਘ ਵਾਸੀ ਫਰੀਦਕੋਟ, ਤਲਵੰਡੀ ਭਾਈ ਦੇ ਵਾਸੀ ਦਵਿੰਦਰਪਾਲ ਅਤੇ ਗੁਰੂਸ਼ਕਤੀ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਧੋਖਾਧੜੀ ਅਤੇ ਗਬਨ ਕਰਕੇ ਸਰਕਾਰੀ ਖਜਾਨੇ ਨੂੰ ਭਾਰੀ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਨੇ ਠੇਕੇਦਾਰ ਦਵਿੰਦਰ ਸਿੰਘ ਵਾਸੀ ਨੰਦੇਆਣਾ ਗੇਟ, ਫ਼ਰੀਦਕੋਟ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਫਿਰੋਜਪੁਰ ਅਤੇ ਮਮਦੋਟ ਦੀਆਂ ਅਨਾਜ ਮੰਡੀਆਂ ਵਿੱਚ ਹੋਈ ਇਸ ਧੋਖਾਧੜੀ ਦੀ ਜਾਂਚ ਕਰਨ ਉਪਰੰਤ ਉਕਤ ਮੁਲਜਮ ਠੇਕੇਦਾਰਾਂ ਖਿਲਾਫ ਥਾਣਾ ਵਿਜੀਲੈਂਸ, ਫਿਰੋਜ਼ਪੁਰ ਵਿਖੇ ਧਾਰਾ 420, 409, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) ਅਤੇ (2) ਤਹਿਤ ਐਫ.ਆਈ.ਆਰ. 24 ਮਿਤੀ 27-10-2022 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਚਾਲੂ ਵਿਤੀ ਵਰ੍ਹੇ 2022-2023 ਦੌਰਾਨ ਉਪਰੋਕਤ ਦਾਣਾ ਮੰਡੀਆਂ ਵਿੱਚ ਕਣਕ/ਸਟਾਕ ਬਾਰੇ ਲੇਬਰ ਕਾਰਟੇਜ ਅਤੇ ਢੋਆ-ਢੁਆਈ ਦੇ ਟੈਂਡਰਾਂ ਦੌਰਾਨ ਉਪਰੋਕਤ ਠੇਕੇਦਾਰਾਂ ਨੇ ਮਾਲ ਦੀ ਢੋਆ-ਢੁਆਈ ਲਈ ਵਾਹਨਾਂ ਦੇ ਰਜਿਸਟ੍ਰੇਸ਼ਨ ਨੰਬਰਾਂ ਬਾਰੇ ਟੈਂਡਰ ਭਰਨ ਸਮੇਂ ਸੂਚੀਆਂ ਨੱਥੀ ਕੀਤੀਆਂ ਸਨ, ਜਿਹਨਾਂ ਦੀ ਵਿਜੀਲੈਂਸ ਬਿਊਰੋ ਦੁਆਰਾ ਸਬੰਧਤ ਜ਼ਿਲ੍ਹਾ ਟਰਾਂਸਪੋਰਟ ਅਥਾਰਟੀਆਂ ਤੋਂ ਤਸਦੀਕ ਕਰਵਾਈ ਗਈ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਨ੍ਹਾਂ ਸੂਚੀਆਂ ਵਿੱਚ ਮੋਟਰ ਸਾਈਕਲਾਂ, ਜੀਪਾਂ, ਟਰੈਕਟਰਾਂ ਆਦਿ ਕਈ ਗੈਰ-ਪ੍ਰਮਾਣਿਤ ਵਹੀਕਲਾਂ ਦੇ ਰਜਿਸਟ੍ਰੇਸਨ ਨੰਬਰ ਨੱਥੀ ਕੀਤੇ ਗਏ ਸਨ ਜਦਕਿ ਅਜਿਹੇ ਵਾਹਨਾਂ 'ਤੇ ਅਨਾਜ ਦੀ ਢੋਆ-ਢੁਆਈ ਨਹੀਂ ਕੀਤੀ ਜਾ ਸਕਦੀ ਸੀ।

ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦੋਸੀ ਠੇਕੇਦਾਰਾਂ ਵੱਲੋਂ ਗੇਟ ਪਾਸਾਂ ਵਿੱਚ ਦਰਸਾਏ ਜਾਅਲੀ ਵਾਹਨਾਂ ਦੇ ਰਜਿਸਟ੍ਰੇਸਨ ਨੰਬਰਾਂ ਅਤੇ ਅਨਾਜ ਦੀ ਮਾਤਰਾ ਦੇ ਵੇਰਵਿਆਂ ਕਰਕੇ ਇਹ ਮਾਮਲਾ ਪਹਿਲੀ ਨਜ਼ਰੀਏ ਇਨ੍ਹਾਂ ਗੇਟ ਪਾਸਾਂ ਵਿੱਚ ਦਰਸਾਈਆਂ ਗਈਆਂ ਜਾਅਲੀ ਰਿਪੋਰਟਾਂ ਅਤੇ ਗਬਨ ਦਾ ਜਾਪਦਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਦੇ ਸਬੰਧਤ ਕਰਮਚਾਰੀਆਂ ਨੇ ਉਕਤ ਠੇਕੇਦਾਰਾਂ ਨੂੰ ਇਨ੍ਹਾਂ ਜਾਅਲੀ ਗੇਟ ਪਾਸਾਂ ਦੀ ਤਸਦੀਕ ਕੀਤੇ ਬਿਨਾਂ ਉਹਨਾਂ ਵੱਲੋਂ ਕੀਤੇ ਕੰਮਾਂ ਦੀ ਅਦਾਇਗੀ ਵੀ ਕਰ ਦਿੱਤੀ।

ਉਨ੍ਹਾਂ ਅੱਗੇ ਦੱਸਿਆ ਕਿ ਉਪਰੋਕਤ ਤੱਥਾਂ ਅਨੁਸਾਰ ਇੱਕ ਦੂਜੇ ਦੀ ਮਿਲੀਭੁਗਤ ਨਾਲ ਇਨ੍ਹਾਂ ਅਨਾਜ ਮੰਡੀਆਂ ਵਿੱਚ ਅਨਾਜ ਦੀ ਢੋਆ-ਢੁਆਈ ਲਈ ਲੇਬਰ ਕਾਰਟੇਜ ਅਤੇ ਟਰਾਂਸਪੋਰਟ ਟੈਂਡਰਾਂ ਵਿੱਚ ਇਹ ਧੋਖਾਧੜੀ ਕੀਤੀ ਗਈ, ਜਿਸ ਦੇ ਆਧਾਰ 'ਤੇ ਉਕਤ ਮੁਲਜਮਾਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ।

# ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਦੂਰ ਕੀਤੀ : ਜਿੰਪਾ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ): ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਦੋਨਾ ਨਾਨਕਾ, ਤੇਜਾ ਰੁਹੇਲਾ ਅਤੇ ਚੱਕ ਰੁਹੇਲਾ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਦੂਰ ਕਰ ਦਿੱਤੀ ਗਈ ਹੈ। ਇਨ੍ਹਾਂ ਪਿੰਡਾਂ ਵਿਚ ਪੀਣ ਵਾਲੇ ਸਾਫ ਪਾਣੀ ਦੀ ਕਾਫੀ ਦਿੱਕਤ ਸੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੂੰ ਇਨ੍ਹਾਂ ਪਿੰਡਾਂ ਦਾ ਦੌਰਾ ਕਰਕੇ ਜਲਦ ਹੱਲ ਕੱਢਣ ਦੇ ਨਿਰਦੇਸ਼ ਦਿੱਤੇ ਸਨ। ਬ੍ਰਮ ਸ਼ੰਕਰ ਜਿੰਪਾ ਨੇ ਜੁਲਾਈ ਮਹੀਨੇ ਦੇ ਆਖਰੀ ਹਫਤੇ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ ਸੀ ਅਤੇ ਪਿੰਡ ਵਾਸੀਆਂ ਵੱਲੋਂ ਦੱਸੀਆਂ ਮੁਸ਼ਕਿਲਾਂ ਦਾ ਹੱਲ ਕਰਦਿਆਂ ਹੁਣ ਇਨ੍ਹਾਂ ਪਿੰਡਾਂ ਵਿਚ ਸਾਫ ਪਾਣੀ ਦੀ ਸਪਲਾਈ ਹੋ ਰਹੀ ਹੈ। ਜ਼ਿਆਦਾ ਜਾਣਕਾਰੀ ਦਿੰਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਦੋਨਾ ਨਾਨਕਾ, ਤੇਜਾ ਰੁਹੇਲਾ ਅਤੇ ਚੱਕ ਰੁਹੇਲਾ ਪਿੰਡਾਂ ਦੇ ਵਾਸੀਆਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਬਹੁਤ ਜ਼ਿਆਦਾ ਸਮੱਸਿਆ ਆ ਰਹੀ ਸੀ। ਉਨ੍ਹਾਂ ਮੁੱਖ ਮੰਤਰੀ ਵੱਲੋਂ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ ਅਤੇ ਸਾਫ ਪਾਣੀ ਦੀ ਸਪਲਾਈ ਲਈ ਇਨ੍ਹਾਂ ਪਿੰਡਾਂ ਵਿਚ ਆਰ.ਓ. ਪਲਾਂਟ ਸਥਾਪਤ ਕਰਨ ਲਈ ਵਿਭਾਗ ਨੂੰ ਹਦਾਇਤਾਂ ਜਾਰੀ ਕੀਤੀਆਂ। ਹੁਣ ਇਨ੍ਹਾਂ ਪਿੰਡਾਂ ਵਿਚ ਆਰ.ਓ. ਸਥਾਪਤ ਕਰ ਦਿੱਤੇ ਗਏ ਹਨ ਅਤੇ ਵਾਟਰ ਵਰਕਸ ਤੋਂ ਵੀ ਪਾਣੀ ਦੀ ਲੋੜੀਂਦੀ ਸਪਲਾਈ ਕੀਤੀ ਜਾ ਰਹੀ ਹੈ।

ਪਿੰਡ ਦੋਨਾ ਨਾਨਕਾ ਦੀ ਸਰਪੰਚ ਦਿਆਲੋ ਬਾਈ, ਤੇਜਾ ਰੁਹੇਲਾ ਦੇ ਸਰਪੰਚ ਬੱਗੂ ਸਿੰਘ ਅਤੇ ਚੱਕ ਰੁਹੇਲਾ ਦੇ ਸਰਪੰਚ ਜੰਗੀਰ ਸਿੰਘ ਨੇ ਆਪੋ-ਆਪਣੇ ਪਿੰਡਾਂ ਦੀਆਂ ਪੰਚਾਇਤਾਂ ਦੀ ਤਰਫੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਧੰਨਵਾਦ ਕੀਤਾ ਹੈ। ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਭਗਵੰਤ ਮਾਨ ਦੀ ਅਗਵਾਈ ਵਿਚ ਹਰੇਕ ਪੰਜਾਬ ਵਾਸੀ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਭਰਪੂਰ ਯਤਨ ਕੀਤੇ ਜਾ ਰਹੇ ਹਨ।

# ਮੋਗੇ ਦੇ ਗੁਨਤਾਸ ਸਿੰਘ ਨੂੰ ਮਿਲਿਆ ਆਈਆਈਟੀ ਵਿੱਚ ਦਾਖਲਾ

ਮੋਗਾ, 27 ਅਕਤੂਬਰ (ਗਿਆਨ ਸਿੰਘ) - ਮੋਗੇ ਜਿਲ੍ਹੇ ਦੇ ਇੱਕੋ ਇੱਕ ਵਿਦਿਆਰਥੀ ਗੁਨਤਾਸ ਸਿੰਘ ਸਰਾਂ ਵਾਸੀ ਦੁਸਾਂਝ ਰੋਡ ਨੇ ਜੇ ਈ ਐਡਵਾਸ ਵਿਚੋਂ ਦੇਸ਼ ਵਿੱਚੋਂ 1297 ਰੈਂਕ ਪ੍ਰਾਪਤ ਕਰਕੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ ਆਈ ਟੀ) ਗਾਂਧੀ ਨਗਰ ਵਿੱਚ ਕੰਪਿਊਟਰ ਸਾਇੰਸ ਇੰਜਨੀਰਿੰਗ ਵਿੱਚ ਦਾਖਲਾ ਪ੍ਰਾਪਤ ਕਰਕੇ ਮੋਗੇ ਜਿਲ੍ਹੇ ਦਾ ਨਾਂ ਰੋਸ਼ਨ ਕੀਤਾ ਹੈ। ਜੇ ਈ ਐਡਵਾਂਸ ਇੰਜਨੀਰਿੰਗ ਵਾਸਤੇ ਇੱਕੋ ਇੱਕ ਵਕਾਰੀ ਪ੍ਰੀਖਿਆ ਹੈ, ਜਿਸ ਵਿੱਚੋ ਚੰਗਾ ਰੈਂਕ ਪ੍ਰਾਪਤ ਕਰਕੇ ਆਈ ਆਈ ਟੀ ਵਿੱਚ ਦਾਖਲਾ ਪ੍ਰਾਪਤ ਕੀਤਾ ਜਾਂਦਾ ਹੈ। ਗੁਨਤਾਸ ਨੇ 1297 ਰੈਂਕ ਪ੍ਰਾਪਤ ਕਰਕੇ ਸਭ ਤੋਂ ਉੱਤਮ ਬ੍ਰਾਂਚ ਪ੍ਰਾਪਤ ਕੀਤੀ ਹੈ। ਇਸ ਵਿਦਿਆਰਥੀ ਨੇ ਜੇ ਈ ਮੇਨ ਵਿੱਚ ਦੇਸ਼ ਵਿੱਚੋਂ 598 ਰੈਂਕ ਪ੍ਰਾਪਤ ਕਰਕੇ ਜੇ ਈ ਐਡਵਾਂਸ ਵਿੱਚ ਪ੍ਰਵੇਸ ਪਾਇਆ ਸੀ।



ਗੁਨਤਾਸ ਸਿੰਘ ਸਰਾਂ ਖੁਸ਼ੀ ਦੇ ਪਲਾਂ ਦੌਰਾਨ ਆਪਣੇ ਮਾਤਾ ਪਿਤਾ ਨਾਲ

ਇਸ ਤੋਂ ਪਹਿਲਾਂ ਗੁਨਤਾਸ ਨੇ ਸੀ਼ ਬੀ਼ ਐਸ ਈ 10+2 ਸਾਲ 2022 ਵਿਚ 500 ਵਿਚੋਂ 497 ਨੰਬਰ ਲੈ ਕੇ 99.4% ਨਾਲ ਨਾਨ ਮੈਡੀਕਲ ਵਿਚੋਂ ਦੇਸ਼ ਵਿੱਚੋਂ ਚੌਥੇ ਤੇ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਨਤਾਸ ਨੇ ਸਾਲ 2020 ਵਿੱਚ ਦਸਵੀਂ ਵਿੱਚੋ ਆਈ ਸੀ ਆਈ ਬੋਰਡ ਵਿਚੋਂ 98.4% ਨੰਬਰ ਲੈ ਕੇ ਜਿਲ੍ਹੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਗੁਨਤਾਸ ਐਨ ਟੀ ਐਸ ਈ, ਕੇ ਵੀ ਪੀ ਵਾਈ ਤੇ ਉਲੰਪੀਐਡ ਵਿੱਚ ਵੀ ਸਕਾਲਰਸ਼ਿਪ ਲਈ ਹੈ। ਗੁਨਤਾਸ ਦੇ ਪਿਤਾ ਪਰਮਿੰਦਰ ਸਿੰਘ ਸਰਾਂ ਸਾਬਕਾ ਡੀ ਈ ਟੀ (ਬੀ ਐਸ ਐਨ ਐਲ) ਰਹੇ ਹਨ ਤੇ ਮਾਤਾ ਰਜਿੰ-ਦਰ ਕੌਰ ਸਸਸਸ (ਕੰ) ਡਾਲਾ ਵਿੱਖੇ ਲੈਕਚਰਾਰ ਹਨ। ਇਸ ਤੋਂ ਪਹਿਲਾਂ ਗੁਨਤਾਸ ਦੀ ਵੱਡੀ ਭੈਣ ਡਾਕਟਰ ਸਿਮਰਪ੍ਰੀ ਕੌਰ ਸਰਾਂ ਐਮ ਬੀ ਬੀ ਐਸ ਕਰਕੇ ਐਮ ਐਸ (ਈ ਐਨ ਟੀ) ਕਰ ਰਹੀ ਹੈ। ਗੁਨਤਾਸ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਆਪਣੀ ਖ਼ੁਦ ਦੀ ਮਿਹਨਤ ਤੇ ਆਪਣੇ ਮਾਤਾ ਪਿਤਾ ਦੇ ਸਹਿਯੋਗ ਨੂੰ ਦਿੰਦਾ ਹੈ, ਜਿਸ ਕਰਕੇ ਇਹ ਮੁਕਾਮ ਤੇ ਪਹੁੰਚਿਆ ਹੈ। ਗੁਨਤਾਸ ਦੇ ਮਾਤਾ ਪਿਤਾ ਨੂੰ ਯਾਰਾਂ ਦੋਸਤਾਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ।

# ਪਰਕਸ ਵੱਲੋਂ ਅਦਾਲਤੀ ਕੰਮ ਕਾਜ ਪੰਜਾਬੀ ਵਿੱਚ ਕਰਨ ਦੀ ਮੰਗ

ਅੰਮ੍ਰਿਤਸਰ 27 ਅਕਤੂਬਰ (ਪੋਸਟ ਬਿਊਰੋ)- ਪੰਜਾਬੀ ਰਾਈਟਰਜ਼ ਕੋਆਪਰੇ-ਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ਅੰਮ੍ਰਿਤਸਰ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਕੱਤਰ ਗੁਰਮੀਤ ਪਲਾਹੀ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਇੱਕ ਈ-ਮੇਲ ਭੇਜ ਕੇ ਉਨ੍ਹਾਂ ਦਾ ਧਿਆਨ ਇਸ ਗੱਲ ਦੁਆਇਆ ਹੈ ਕਿ ਜੋ ਮਾਣ ਤੇ ਸਤਿਕਾਰ ਮਾਂ ਬੋਲੀ ਪੰਜਾਬੀ ਨੂੰ ਮਿਲਣਾ ਚਾਹੀਦਾ ਹੈ ਉਹ ਅਜੇ ਤੀਕ ਨਹੀਂ ਮਿ-ਲਆ। ਬੜੇ ਸੰਘਰਸ਼ ਤੇ ਕੁਰਬਾਨੀਆਂ ਪਿੱਛੋਂ ਭਾਸ਼ਾ ਦੇ ਆਧਾਰ 'ਤੇ ਬਣੇ ਸੂਬੇ ਵਿਚ ਸਭ ਤੋਂ ਪਹਿਲੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਸਾਂਝੇ ਮੁਹਾਜ ਦੀ ਬਣੀ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਨਾਉਣ ਲਈ ਕੋਈ ਉਪਰਾਲਾ ਨਹੀਂ ਸੀ ਕੀਤਾ । ਇਹ ਮਾਣ ਸ. ਲਛਮਣ ਸਿੰਘ ਗਿੱਲ ਦੀ ਅਗਵਾਈ ਵਿਚ ਬਣੀ ਸਰਕਾਰ ਨੂੰ ਜਾਂਦਾ ਹੈ, ਜਿਨ੍ਹਾਂ ਨੇ 1967 ਵਿੱਚ ਰਾਜ ਭਾਸ਼ਾ ਐਕਟ ( ਦਾ ਪੰਜਾਬ ਔਫ਼ਿਸ਼ਲ ਲੈਂਗੂਏਜ਼ਜ ਐਕਟ 1967) ਬਣਾਇਆ ਸੀ। ਉਹ ਜੇ ਕੋਈ ਨੋਟਿੰਗ ਅੰਗਰੇਜ਼ੀ ਵਿਚ ਲਿਆਉਂਦਾ ਸੀ ਤਾਂ ਫਾਇਲ ਪਰੇ ਮਾਰਦੇ ਸਨ ਤੇ ਕਹਿੰਦੇ ਸਨ ਕਿ ਪੰਜਾਬੀ ਵਿਚ ਲਿਖ ਕੇ ਲਿਆਉ। ਇਸ ਲਈ ਜਿਨ੍ਹਾਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਨਹੀਂ ਸੀ ਆਉਂਦੀ ਉਨ੍ਹਾਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਪਈ। ਉਨ੍ਹਾਂ ਤੋਂ ਪਿੱਛੋਂ ਕਿਸੇ ਵੀ ਸਰਕਾਰ ਨੇ ਪੰਜਾਬੀ ਦੀ ਸਾਰ ਨਹੀਂ ਲਈ।

ਇਸ ਕਾਨੂੰਨ ਬਣੇ ਨੂੰ 55 ਸਾਲ ਹੋ ਗਏ ਹਨ ਪਰ ਅਦਾਲਤੀ ਕੰਮ ਕਾਜ ਸਾਰਾ ਅਜੇ ਵੀ ਅੰਗਰੇਜ਼ੀ ਵਿੱਚ ਹੋ ਰਿਹਾ ਹੈ। ਅਦਾਲਤ ਵਿੱਚ ਵਕੀਲ ਅੰਗਰੇਜ਼ੀ ਬੋਲਦੇ ਹਨ ਜਿਸ ਨੂੰ ਆਮ ਆਦਮੀ ਸਮਝ ਨਹੀਂ ਸਕਦਾ। ਫ਼ੈਸਲੇ ਵੀ ਅੰਗਰੇਜ਼ੀ ਵਿੱਚ ਦਿੱਤੇ ਜਾਂਦੇ ਹਨ ਜਿਸ ਨੂੰ ਆਮ ਪੰਜਾਬੀ ਪੜ੍ਹ ਨਹੀਂ ਸਕਦਾ। ਸੁਸਾਇਟੀ ਦੇ ਆਗੂਆਂ ਵੱਲੋਂ ਮੰਗ ਕੀਤੀ ਹੈ ਸਰਕਾਰ ਫੌਰੀ ਤੌਰ 'ਤੇ ਹੇਠਲੀਆਂ ਅਦਾਲਤਾਂ ਤੋਂ ਲੈ ਕੇ ਹਾਈਕੋਰਟ ਤੀਕ ਸਾਰਾ ਕੰਮਕਾਜ ਪੰਜਾਬੀ ਵਿਚ ਕਰਨ ਦਾ ਪ੍ਰਬੰਧ ਕਰੇ।

# ਬੰਗਲਾਦੇਸ਼ ’ਚ ਚੱਕਰਵਾਤੀ ਤੂਫਾਨ ‘ਸਿਤਰੰਗ’ ਨੇ 35 ਲੋਕਾਂ ਦੀ ਜਾਨ ਲਈ

ਢਾਕਾ, 27 ਅਕਤੂਬਰ (ਪੋਸਟ ਬਿਊਰੋ)- ਚੱਕਰਵਾਤੀ ਤੂਫ਼ਾਨ 'ਸਿਤਰਾਂਗ' ਨੇ ਘੱਟੋ-ਘੱਟ 35 ਲੋਕਾਂ ਦੀ ਜਾਨ ਲੈ ਲਈ ਹੈ ਅਤੇ ਬੰਗਲਾਦੇਸ਼ ਦੇ ਦੱਖਣੀ ਤੱਟ ਅਤੇ ਮੱਧ ਹਿੱਸਿਆਂ ਦੇ ਨਾਲ-ਨਾਲ ਕਈ ਘਰ ਤਬਾਹ ਕਰ ਦਿੱਤੇ ਹਨ। ਇਹ ਜਾਣਕਾਰੀ ਮੰਗਲਵਾਰ ਨੂੰ ਅਧਿਕਾਰੀਆਂ ਅਤੇ ਮੀਡੀਆ ਰਿਪੋਰਟਾਂ ਤੋਂ ਮਿਲੀ। ਚੱਕਰਵਾਤੀ ਤੂਫਾਨ 'ਸਿਤਰੰਗ' ਨੇ ਮੰਗਲਵਾਰ ਤੜਕੇ ਬੰਗਲਾਦੇਸ਼ ਦੇ ਤੱਟਵਰਤੀ ਖੇਤਰ 'ਚ ਲੈਂਡਫਾਲ ਕੀਤਾ ਅਤੇ ਬਾਅਦ 'ਚ ਕਮਜ਼ੋਰ ਹੋ ਗਿਆ। ਅਣਅਧਿਕਾਰਤ ਗਿਣਤੀ ਦੇ ਅਨੁਸਾਰ, ਚੱਕਰਵਾਤ ਕਾਰਨ ਘੱਟੋ ਘੱਟ 35 ਲੋਕਾਂ ਦੀ ਮੌਤ ਹੋ ਗਈ ਹੈ।

ਚੱਕਰਵਾਤ ਕਾਰਨ ਕਈ ਘਰ ਢਹਿ ਗਏ। ਇਸ ਤੋਂ ਇਲਾਵਾ ਕਈ ਦਰੱਖਤ ਉਖੜ ਗਏ, ਸੜਕੀ ਸੰਪਰਕ ਅਤੇ ਬਿਜਲੀ ਸਪਲਾਈ ਵਿੱਚ ਵਿਘਨ ਪਿਆ। ਮੰਗਲਵਾਰ ਨੂੰ ਤੱਟਵਰਤੀ ਖੇਤਰ ਦੇ ਨਾਲ ਲੱਗਦੇ ਜ਼ਿਲਿਆਂ ਦੇ ਕਰੀਬ ਇਕ ਕਰੋੜ ਲੋਕਾਂ ਨੂੰ ਬਿਜਲੀ ਨਹੀਂ ਮਿਲ ਸਕੀ।





ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਉਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT MY SOLUTION

BOOKKEEPER WANTED
GROVER CPA PROFESSIONAL CORPORATION IS LOOKING FOR A BOOKKEEPER FOR THE FOLLOWING RESPONSIBILITIES AND QUALIFICATIONS
Responsibilities:
1. Maintain and balance various accounts for clients using Computerized bookkeeping systems.
2. Prepare trial balance and Financial Statements using excel, and software.
3. Prepare payroll for various clients and prepare payroll journal entries and enter in books.
4. Preparing and entering various adjusting entries to close the books and financial statements.
5. Prepare bank and various reconciliations of client's books.
6. Other bookkeeping duties as assigned.
7. Analysis of Tax Accounts to reconcile with CRA balances.
8. Preparing GST/HST returns and making journal entries in books for tax payments and refunds.
Qualifications:
The candidate must have experience using accounting principles and use of book keeping, payroll, and other software.Excellent knowledge of Excel, Word, Outlook etc. Must have a College Diploma in Accounting/ Finance and good communication and presentation skills. Knowledge of Hindi, Punjabi & Urdu will be an asset.
Please apply with confidence with cover letter and resume at info@grovercpa.ca

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

We are looking for:
* General Labours
* Forklift Operators
* Window assemblers
* Production Line Workers
* Machine Operators
* AZ Driver, Shippers/Receivers Packagers
WE ARE HIRING
Only Full Time Position Available
Must be eligible to work in Canada & communication in English
Please call us: 416-514-0733

ਕੇਅਰ ਗਿਵਰ ਦੀ ਲੋੜ
ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


# ਪ੍ਰੀਮੀਅਰ ਡੱਗ ਫੋਰਡ ਨੇ ਸਿੱਖ ਸਪਿਰਚੁਅਲ ਸੈਂਟਰ ਅਤੇ ਸਵਾਮੀ ਨਰਾਇਣ ਮੰਦਰ ਵਿਚ ਮਨਾਈ ਦੀਵਾਲੀ






ਪ੍ਰੀਮੀਅਰ ਡੱਗ ਫੋਰਵ ਵਲੋਂ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਦੀਵਾਲੀ ਮਨਾਈ ਗਈ ਅਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।







ਪ੍ਰੀਮੀਅਰ ਡੱਗ ਫੋਰਵ ਵਲੋਂ ਸ੍ਰੀ ਸਵਾਮੀਨਰਾਇਣ ਮੰਦਰ ਵਿਚ ਦੀਵਾਲੀ ਮਨਾਏ ਜਾਣ ਦੇ ਦ੍ਰਿਸ਼।

## ਨੇਤਾ ਜੀ ਦੇ ਬੋਲ

-ਪ੍ਰਭਾਤ ਗੋਸਵਾਮੀ

ਜਦੋਂ ਤੋਂ ਅਜੂਬਾ ਟੀ ਵੀ ਦੇ ਸਮਾਚਾਰ ਸੰਪਾਦਕ ਨੇ ਆਪਣੇ ਰਿਪੋਰਟਰ ਨੂੰ ਕੁਝ ਅਜੂਬਾ ਰਿਪੋਰਟਿੰਗ ਕਰਨ ਲਈ ਨਿਰਦੇਸ਼ ਦਿੱਤਾ ਹੈ, ਉਦੋਂ ਤੋਂ ਇਧਰ-ਉਧਰ ਭਟਕ ਰਿਹਾ ਹੈ। ਟੀ ਵੀ ਦੀ ਟੀ ਆਰ ਪੀ ਵਧਾਉਣ ਦੇ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਕੋਤਾਹੀ ਨਾ ਵਰਤਣ ਦੇ ਨਿਰਦੇਸ਼ ਨਾਲ ਉਸ ਦੀ ਰਾਤਾਂ ਦੀ ਨੀਂਦ ਅਤੇ ਦਿਨ ਦਾ ਚੈਨ ਲੁੱਟਿਆ ਪਿਆ ਹੈ। ਸੱਪ-ਸਪੇਰੇ, ਭੂਤ-ਪ੍ਰੇਤ, ਸੱਸ-ਨੂੰਹ ਅਤੇ ਨੇਤਾ-ਅਭਿਨੇਤਾ ਸਾਰਿਆਂਦੀ ਰਿਪੋਰਟਿੰਗ ਹੋ ਚੁੱਕੀ ਹੈ।ਦੁਨੀਆ ਦੇ ਸੱਤ ਅਜੂਬਿਆਂ ਉੱਤੇ ਵੀ ਖੂਬ ਕੈਮਰੇ ਚੱਲ ਚੁੱਕੇ। ਫਿਰ ਨਵਾਂ ਅਜੂਬਾ ਕੀ ਹੋ ਸਕਦਾ ਹੈ? ਉਹ ਇਹ ਸੋਚ ਹੀ ਰਿਹਾ ਸੀ ਕਿ ਸਾਹਮਣੇ ਤੋਂ ਇੱਕ ਤਜਰਬੇਕਾਰ ਨੇਤਾ ਜੀ ਦੀ ਅਰਥੀ ਆਉਂਦੀ ਦਿਖਾਈ ਦਿੱਤੀ। ਰਿਪੋਰਟਰ ਨੇ ਸਿਰ ਖੁਰਕਿਆਂ ਤਾਂ ਇੱਕ ਆਈਡੀਆ ਉਸ ਦੇ ਦਿਮਾਗ ਵਿੱਚ ਖਲਬਲਾਇਆ। ਕਿਉਂ ਨਾ ਅੱਜ ਮੁਰਦੇ ਨਾਲ ਗੱਲ ਕੀਤੀ ਜਾਵੇ।

ਉਹ ਮਾਈਕ ਲੈ ਕੇ ਕੈਮਰਾਮੈਨ ਨਾਲ ਭੀੜ ਵਿੱਚ ਵੜ ਗਿਆ। ਅਰਥੀ ਅੱਗੇ ਕੈਮਰਾਮੈਨ ਨੇ ਮੋਢਾ ਲਾਉਂਦੇ ਪੁੱਤਰਾਂ ਨੂੰ ਫੋਕਸ ਕੀਤਾ, ਉਹ ਮੁਸਕਰਾਉਣ ਲੱਗੇ। ਕੈਮਰਾ ਤੇ ਲਾਈਵ ਪ੍ਰਸਾਰਨ ਦੌਰਾਨ ਰਿਪੋਰਟਰ ਨੇ ਮ੍ਰਿਤਕ ਕੋਲੋਂ ਪੁੱਛਿਆ, ''ਸ੍ਰੀਮਾਨ, ਮਰਨ ਤੋਂ ਬਾਅਦ ਕਿਹੋ ਜਿਹਾ ਫੀਲ ਹੋ ਰਿਹਾ ਹੈ? ਖੁੱਲ੍ਹ ਕੇ ਬੋਲੋ, ਸਾਡੇ ਚੈਨਲ ਉੱਤੇ ਤੁਹਾਡੀ ਸ਼ਵ-ਯਾਤਰਾ ਦਾ ਲਾਈਵ ਪ੍ਰਸਾਰਨ ਹੋ ਰਿਹਾ ਹੈ।''

ਅਰਥੀ ਪਿੱਛੇ ਜਾਂਦੇ ਲੋਕਾਂ ਨੂੰ ਇਸ ਉੱਤੇ ਬਹੁਤ ਹੈਰਾਨੀ ਹੋ ਰਹੀ ਸੀ, ਪਰ ਕਿਸੇ ਅਜੂਬੇ ਦੀ ਤਰ੍ਹਾਂ ਲੰਬੇ ਸਮੇਂ ਤੋਂ ਸੁੱਤੇ ਹੋਏ ਨੇਤਾ ਜੀ ਨੇ ਅੱਖਾਂ ਖੋਲ੍ਹੀਆ। ਸ਼ਮਸ਼ਾਨ ਪਹੁੰਚਣ ਵਿੱਚ ਅਜੇ ਵੀਹ ਮਿੰਟ ਬਾਕੀ ਸਨ। ਇਹ ਸਮਾਂ ਨੇਤਾ ਜੀ ਲਈ ਵਿਸ਼ੇਸ਼ ਸੀ। ਉਨ੍ਹਾਂ ਦੇ ਕਿਸੇ ਵੀ ਪ੍ਰੋਗਰਾਮ ਦਾ ਕਦੇ ਲਾਈਵ ਪ੍ਰਸਾਰਨ ਨਹੀਂ ਹੋਇਆ ਸੀ। 'ਲਾਈਵ' ਨਾਂਅ ਸੁਣਦੇ ਹੀ ਨਿਰਜੀਵ ਸਰੀਰ ਹਿੱਲਣ-ਡੁੱਲਣ ਲੱਗਾ ਅਤੇ ਨੇਤਾ ਜੀ ਬੋਲ ਪਏ, ''ਕੀ ਦੱਸਾਂ ਭਾਈ, ਇਸ ਨਾਸ਼ਵਾਨ ਜਗਤ ਵਿੱਚ ਸਭ ਕੁਝ ਖਤਮ ਹੋ ਜਾਣ ਵਾਲਾ ਹੈ, ਸਿਵਾਏ ਲਾਈਵ ਪ੍ਰਸਾਰਨ ਦੇ। ਇਹ ਮਹਾਂਭਾਰਤ ਦੀ ਰਣਭੂਮੀ ਤੋਂ ਅੱਜ ਤੱਕ ਚੱਲ ਰਿਹਾ ਹੈ। ਬਹੁਤ ਵਧੀਆ ਲੱਗਦਾ ਹੈ, ਜੋ ਬੇਟੇ ਮੇਰੇ ਦਲ ਦੇ ਵਿਰੋਧੀਆਂ ਦੁਆਰਾ ਮੇਰੀ ਰਾਜਨੀਤਕ ਹੱਤਿਆ ਕਰਨ ਤੋਂ ਬਾਅਦ ਮੇਰੇ ਦਿਲ ਤੋਂ ਦੂਰੇ ਚਲੇ ਗਏ ਸਨ, ਅੱਜ ਸਮਾਜ ਨੂੰ ਦਿਖਾਉਣ ਲਈ ਹੀ ਸਹੀ, ਮੈਨੂੰ ਮੋਢਾ ਦੇ ਰਹੇ ਹਨ।ਮੇਰੀ ਵਿਰਾਸਤ ਦੀ ਵੰਡ ਦੀ ਖੁਸ਼ੀ ਨਾਲ ਬੇਟਿਆਂ ਨੂੰ ਪੂਰੇ ਜੋਸ਼ ਨਾਲ 'ਰਾਮ ਨਾਮ ਸਤਯ' ਬੋਲਣ ਵਿੱਚ ਕਿੰਨਾ ਆਨੰਦ ਆ ਰਿਹਾ ਹੈ। ਜਿਸ ਪਾਰਟੀ ਨੇ ਮੇਰਾ ਟਿਕਟ ਕੱਟਿਆ ਸੀ, ਮੈਨੂੰ ਸੰਨਿਆਸ ਲੈਣ ਨੂੰ ਮਜਬੂਰ ਕੀਤਾ ਸੀ, ਉਸ ਦੇ ਮੁਖੀ ਨੇ ਘਰ ਆ ਕੇ ਫੁੱਲਾਂ ਦੀ ਸ਼ਰਧਾਂਜਲੀ ਦਿੰਦੇ ਹੋਏ ਦੋ ਅੱਥਰੂ ਟਪਕਾਏ। ਜਿਨ੍ਹਾਂ ਲੋਕਾਂ ਨੇ ਮੈਨੂੰ ਵੋਟ ਨਹੀਂ ਦਿੱਤੇ, ਉਹ ਵੀ ਮੇਰੀ ਜੈ-ਜੈ ਕਾਰ ਕਰ ਰਹੇ ਹਨ। ਰਿਸ਼ਤੇਦਾਰਾਂ ਵਿੱਚ ਸਿਰ ਮੁੰਨਵਾਉਣ ਦੀ ਦੌੜ ਲੱਗੀ ਹੋਈ ਹੈ। ਦੁਨੀਆ ਨੂੰ ਅਲਵਿਦਾ ਕਹਿੰਦੇ ਹੋਏ ਅਜਿਹੇ ਦ੍ਰਿਸ਼ ਦੇਖ ਕੇ ਮਰਨਾ ਕਿੰਨਾ ਸਾਰਥਕ ਹੋ ਗਿਆ।''

''ਸਰ, ਪੰਜ ਤੱਤਾਂ ਵਿੱਚ ਵਿਲੀਨ ਹੋਣ ਤੋਂ ਪਹਿਲਾਂ ਜਨਤਾ ਨੂੰ ਕੀ ਸੰਦੇਸ਼ ਦੇਣਾ ਚਾਹੋਗੇ?''

''ਕੀ ਸੰਦੇਸ਼ ਦੇਵਾਂ? ਮੇਰੀ ਕਿਸੇ ਨੇ ਉਦੋਂ ਨਾ ਸਣੀ, ਨਾ ਅੱਜ ਸੁਣੇਗਾ। ਕਿਹਨੂੰ-ਕਿਹਨੂੰ ਯਾਦ ਕਰੀਏ/ਕਿਹਨੂੰ-ਕਿਹਨੂੰ ਰੋਈਏ/ਆਰਾਮ ਵੱਡੀ ਚੀਜ਼ ਹੈ, ਮੂੰਹ ਢੱਕ ਕੇ ਸੋਈਏ।''

ਇਹ ਕਹਿ ਕੇ ਨੇਤਾ ਜੀ ਨੇ ਆਪਣਾ ਮੂੰਹ ਫਿਰ ਕੱਫਨ ਨਾਲ ਢੱਕ ਲਿਆ ਅਤੇ ਫਿਰ ਲੰਬੇ ਸਮੇਂ ਲਈ ਸੌਂ ਗਏ।

''ਮਿਲ ਗਿਆ, ਮਿਲ ਗਿਆ ਅਜੂਬਾ ਸਰ, ਆਪਣੇ ਚੈਨਲ ਦੀ ਟੀ ਆਰ ਪੀ ਸੱਤਵੇਂ ਅਸਮਾਨ ਉੱਤੇ ਹੋਵੇਗੀ।'' ਰਿਪੋਰਟਰ ਨੇ ਬੜੀ ਸ਼ੇਖੀ ਨਾਲ ਆਪਣੇ ਸੰਪਾਦਕ ਨੂੰ ਫੋਨ ਕਰ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

ਅਚਾਨਕ ਉਸ ਦੀ ਨੀਂਦ ਖੁੱਲ੍ਹ ਗਈ ਅਤੇ ਉਹ ਧੜੱਮ ਕਰ ਕੇ ਬੈੱਡ ਤੋਂ ਜ਼ਮੀਨ ਉੱਤੇ ਡਿੱਗ ਪਿਆ। ਇਸ ਪਿੱਛੋਂ ਉਸ ਨੂੰ ਆਪਣੀ ਟੀ ਆਰ ਪੀ ਗਰਕ ਵਿੱਚ ਜਾਂਦੀ ਦਿਖਾਈ ਦੇ ਰਹੀ ਸੀ।

ਅਵਾਹੁ ਸਜਣਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA
Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

## ਕਹਾਣੀ: ਹਿਕ ਉੱਤੇ ਬਲਦਾ ਦੀਵਾ

ਜਗਦੀਸ਼ ਕੌਰ ਮਾਨ

''ਤੂੰ ਤਾਂ ਯਾਰ! ਉਂ ਈਂ ਬੁੜ੍ਹੀਆਂ ਵਾਂਗੂ ਬੂਹਕਣ ਡਹਿ ਪਿਐਂ, ਕੋਈ ਬੰਦਿਆਂ ਵਾਲੀ ਗੱਲ ਕਰ।'' ਚਾਚੇ ਦੇ ਗਲ ਲੱਗ ਕੇ ਰੋਂਦੇ ਸੁੱਚੇ ਨੂੰ ਨਾਲ ਆਏ ਬੰਦਿਆਂ ਵਿੱਚੋਂ ਇੱਕ ਜਣੇ ਨੇ ਬੜੀ ਮੁਸ਼ਕਲ ਨਾਲ ਫੜ ਕੇ ਅਲੱਗ ਕੀਤਾ।

ਆਪਣੀਆਂ ਅੱਖਾਂ ਵਿੱਚ ਆਏ ਅੱਥਰੂ ਪੂੰਝਦਾ ਹੋਇਆ ਉਹ ਘਗਿਆਈ ਆਵਾਜ਼ ਵਿੱਚ ਕਹਿਣ ਲੱਗਾ, ''ਲੈ! ਐਂ ਕਿੱਥੇ ਜਰਿਆ ਜਾਂਦੈ, ਕਿਤੇ ਖੇਡ ਐ ਆਪਣਿਆਂ ਨੂੰ ਇਉਂ ਰੁਲਦੇ ਦੇਖਣਾ, ਹਾਏ! ਓਏ ਚਾਚਾ! ਤੂੰ ਮੈਨੂੰ ਉਡੀਕ ਲੈਂਦਾ, ਤੈਨੂੰ ਚੰਗਾ ਭਲਾ ਪਤਾ ਸੀ ਬਈ ਮੈਂ ਸਹੁਰਿਆਂ ਨੂੰ ਗਿਆ ਹੋਇਆ ਸੀ ਕਈ ਦਿਨਾਂ ਦਾ, ਮੈਨੂੰ ਕਿਸੇ ਗੱਲ ਦਾ ਵੀ ਨ੍ਹੀਂ ਪਤਾ, ਤੁਸੀਂ ਮੇਰੇ ਪਿੱਛੋਂ ਆਹ ਕੀ ਨਵਾਂ ਏ ਚੰਦ ਚਾੜ੍ਹ 'ਤਾ, ਬਹੁਤ ਮਾੜਾ ਕੰਮ ਕੀਤਾ ਤੁਸੀਂ ਸਾਰਿਆਂ ਨੇ ਰਲ ਮਿਲ ਕੇ, ਘਰਾਂ ਵਿੱਚ ਤਾਂ ਵੀਹ ਵਾਰੀ ਲੜਾਈ ਝਗੜੇ ਹੁੰਦੇ ਨੇ, ਇਉਂ ਕਿਤੇ ਸੱਚੀਉਂ ਈਂ ਘਰ ਛੱਡ ਕੇ ਭੱਜ ਆਈਦਾ ਹੰਦਾ?'' ਉਹ ਸਿਰ ਮਾਰਦਾ ਹੋਇਆ ਬੋਲੀ ਜਾ ਰਿਹਾ ਸੀ। ''ਬੱਸ ਮੈਨੂੰ ਨ੍ਹੀਂ ਪਤਾ, ਮੈਂ ਨ੍ਹੀਂ ਸੁਣਨੀ ਤੇਰੀ ਕੋਈ ਗੱਲ, ਮੈਂ ਤਾਂ ਆਇਆਂ ਥੋਨੂੰ ਲੈਣ ਵਾਸਤੇ, ਜਿਵੇਂ ਪਿੰਡੋਂ ਸਾਮਾਨ ਲੈ ਕੇ ਆਇਆ ਸੀ ਨਾ, ਉਵੇਂ ਈਂ ਪਾ ਗੱਡੇ ਵਿੱਚ ਸਾਮਾਨ ਤੇ ਤੁਰ ਪਾ ਮੇਰੇ ਨਾਲ ਭਲਾਮਾਣਸ ਬਣ ਕੇ। ਅਸੀਂ ਦੇਖ ਏਧਰ, ਏਨੇ ਬੰਦੇ ਤੈਨੂੰ ਲੈਣ ਆਏ ਆਂ, ਰੱਬ ਦੇ ਵਾਸਤੇ ਨਾਂਹ ਨਾ ਕਰੀਂ, ਮੇਰੀ ਇੱਜ਼ਤ ਦਾ ਸਵਾਲ ਐ।" ਹੱਥ ਜੋੜਦਿਆਂ ਉਸ ਨੇ ਨਾਲ ਆਏ ਬੰਦਿਆਂ ਵੱਲ ਇਸ਼ਾਰਾ ਕਰ ਕੇ ਕਿਹਾ।

ਥਾਲੀ ਵਿੱਚ ਪਾਣੀ ਦੇ ਚਾਰ ਪੰਜ ਗਲਾਸ ਰੱਖ ਕੇ ਪਾਲਾ ਸਿੰਘ ਦੇ ਘਰਵਾਲੀ ਇੰਦਰ ਕੁਰ ਵੀ ਰਸੋਈ ਵਿੱਚੋਂ ਬਾਹਰ ਆ ਗਈ ਸੀ।''ਚਾਚੀ ਮੱਥਾ ਟੇਕਦਾਂ।'' ਸੁੱਚੇ ਨੇ ਮਾੜਾ ਜਿਹਾ ਝੁਕ ਕੇ ਚਾਚੀ ਨੂੰ ਪੈਰੀਂ ਪੈਣਾ ਕੀਤਾ, ਜਿਸ ਵਿੱਚ ਸਤਿਕਾਰ ਘੱਟ ਤੇ ਵਿਖਾਵਾ ਬਹੁਤਾ ਸੀ।

''ਦੇਖ ਲੈ ਚਾਚੀ! ਚਾਚੇ ਨੇ ਕੀ ਕਰ 'ਤਾ! ਨਾ ਤੂੰ ਤਾਂ ਏਨੀ ਸਿਆਣੀ, ਦਾਨੀ ਸਾਨੀ ਬੁੜ੍ਹੀ, ਤੂੰ ਕਾਹਤੋਂ ਨਾ ਹਟਾਇਆ ਇਹਨੂੰ? ਤੁਸੀਂ ਸਾਰੇ ਈ ਕਮਲੇ ਹੋ 'ਗੇ ਸੀ?'' ਸੁੱਚੇ ਨੇ ਮੇਰ ਜਿਹੀ ਦਿਖਾਉਂਦਿਆਂ ਚਾਚੀ ਨੂੰ ਉਲਾਂਭਾ ਦਿੱਤਾ।

''ਸੁੱਚਿਆ! ਤੂੰ ਕਿਹੜਾ ਨਿਆਣਾ ਏਂ, ਵਿਆਹਿਆ ਵਰਿਆ ਏਂ, ਤਿੰਨ ਨਿਆਣਿਆਂ ਦਾ ਪਿਉ ਏਂ, ਤੂੰ ਕਦੇ ਦੇਖਿਆ ਈ ਹੋਊ ਜਦੋਂ ਆਪਾਂ ਘਰ ਦੀ ਸਫਾਈ ਕਰਨ ਲੱਗੇ ਚਾਰ ਕੁ ਤੀਲੇ ਜੋੜ ਕੇ ਬਣਾਇਆ ਚਿੜੀ ਦਾ ਆਲ੍ਹਣਾ ਡੇਗ ਦੇਈਏ ਉਹ ਕਿਮੇਂ ਚੀਕ ਚਿਹਾੜਾ ਪਾਉਂਦੀਐ, ਕੁਰਲਾਹਟ ਪਾਉਂਦੀ ਛੱਤਣ ਸਿਰ ਉੱਤੇ ਚੁੱਕ ਲੈਂਦੀ ਐ, ਸਰਫੇ ਕਰ ਕਰ ਬੰਨ੍ਹੇ ਉਸਾਰੇ ਘਰ ਛੱਡਣੇ ਕਿਤੇ ਖੇਲ ਪਏ ਨੇ! ਅੱਕਿਆ ਬੰਦਾ ਉਦੋਂ ਈ ਕੌੜਾ ਅੱਕ ਚੱਬਦੈ ਜਦੋਂ ਪਾਣੀ ਜਮ੍ਹਾਂ ਈ ਸਿਰ ਤੋਂ ਲੰਘ ਜਾਵੇ, ਜਦੋਂ ਬਰਦਾਸ਼ਤ ਕਰਨ ਦੀ ਸ਼ਕਤੀ ਜਮ੍ਹਾ ਈਂ ਜਵਾਬ ਦੇ ਜਾਵੇ, ਨਾਲੇ ਤੈਨੂੰ ਕਿਹੜਾ ਭੁੱਲੀ ਹੋਈ ਆਂ, ਤੂੰ ਤੇ ਤੇਰੇ ਘਰਵਾਲੀ ਤਾਂ ਸਾਡੇ ਨਾਲ ਹੁੰਦੇ ਲੜਾਈ ਝਗੜੇ ਵਿੱਚ ਖੁਦ ਮੋਹਰੀ ਹੁੰਦੇ ਸੀ, ਤੂੰ ਆ ਗਿਆਂ ਸੱਚਾ ਹੋਣ।''

ਪਿੰਡ ਦੇ ਬੰਦਿਆਂ ਸਾਹਮਣੇ ਇੰਦਰ ਕੁਰ ਨੇ ਉਸ ਦੇ ਕੰਘੇ ਵਾਲੀ ਥਾਂ ਉੱਤੇ ਟਿਕਾ ਦਿੱਤੀਆਂ। ਇਸ ਲਾਹ ਪਾਹ ਦੀ ਉਸ ਨੂੰ ਆਸ ਨਹੀਂ ਸੀ। ਉਹ ਖਿਝ ਕੇ ਬੋਲਿਆ, ''ਤੂੰ ਚਾਚੀ! ਚੱਲ ਅੰਦਰ, ਸਾਨੂੰ ਬੰਦਿਆਂ ਨੂੰ ਗੱਲ ਕਰ ਲੈਣ ਦੇ।''

ਹਰਨਾਮ ਸਿੰਘ ਹੋਰੀਂ ਤਿੰਨ ਭਰਾ ਸਨ। ਹਰਨਾਮਾ ਸਭ ਤੋਂ ਵੱਡਾ ਸੀ। ਪਾਲਾ ਸਿੰਘ ਵਿਚਕਾਰਲਾ ਤੇ ਸਭ ਤੋਂ ਛੋਟਾ ਠਾਕਰ ਸਿੰਘ। ਪਾਲਾ ਸਿੰਘ ਤੇ ਠਾਕਰ ਸਿੰਘ ਜਿੰਨੇ ਸਾਊ ਸਨ, ਵੱਡਾ ਭਰਾ ਹਰਨਾਮਾ ਓਨਾ ਹੀ ਖਾਂਟ ਬੰਦਾ ਸੀ। ਬਿਨਾਂ ਗੱਲ ਤੋਂ ਹੀ ਦੂਜੇ ਦੇ ਟੁੱਟ ਕੇ ਗਲ ਪੈਣ ਵਾਲਾ ਅਤੇ ਉਸ ਦੇ ਘਰਵਾਲੀ ਕਰਮੋ ਉਸ ਤੋਂ ਵੀ ਚਾਰ ਰੱਤੀਆਂ ਉੱਤੋਂ ਦੀ ਸੀ। ਲੜਨ ਲੱਗੀ ਤਾਂ ਉਹ ਭਰਿੰਡਾਂ ਦੀ ਖੱਖਰ ਨੂੰ ਮਾਤ ਪਾਉਂਦੀ ਸੀ। ਪਾਲਾ ਸਿੰਘ ਦੇ ਘਰਵਾਲੀ ਇੰਦਰ ਕੁਰ ਤਾਂ ਸ਼ੁਰੂ ਤੋਂ ਹੀ ਉਸ ਦੀ ਅੱਖ ਦਾ ਕਸੀਰ ਸੀ, ਕਿਉਂਕਿ ਉਨ੍ਹਾਂ ਦੇ ਘਰ ਮੁੰਡਾ ਨਹੀਂ ਸੀ ਹੋਇਆ। ਤਿੰਨ ਕੁੜੀਆਂ ਹੀ ਸਨ। ਉਹ ਆਨੀਂ ਬਹਾਨੀ ਇੰਦਰ ਕੁਰ ਨਾਲ ਆਢਾ ਲਾਈ ਰੱਖਦੀ। ਧੀ ਦੀ ਗਾਲ ਕੱਢਣ ਲੱਗੀ ਉਹ ਮਿੰਟ ਨਾ ਲਾਉਂਦੀ। ਕੁੜੀਆਂ ਦੇ ਮਿਹਣੇ ਦਿੰਦੀ ਉਹ ਵਿਚਾਰੀਆਂ ਜਵਾਕੜੀਆਂ ਦੇ ਚਾਲ ਚੱਲਣ ਬਾਰੇ ਕਿੰਨਾ ਕੁਝ ਮੰਦਾ ਚੰਗਾ ਬੋਲ ਜਾਂਦੀ। ਕਦੇ ਉਨ੍ਹਾਂ ਦੇ ਪਾਣੀ ਵਾਲੇ ਘੜੇ ਭੰਨ ਦਿੰਦੀ, ਕਦੇ ਦਾਲ ਵਾਲੀ ਤੌੜੀ ਰੋੜਾ ਮਾਰ ਕੇ ਤੋੜ ਦਿੰਦੀ। ਤਾਰ ਉੱਤੇ ਸੁੱਕਣੇ ਪਾਏ ਲੀੜੇ ਚੋਰੀ ਲਾਹ ਕੇ ਲੈ ਜਾਂਦੀ। ਉਸ ਦਾ ਮਕਸਦ ਚੱਤੋਂ ਪਹਿਰ ਕੰਗ ਖੜ੍ਹੀ ਰੱਖਣਾ ਸੀ ਤਾਂ ਕਿ ਉਹ ਅੱਕੇ ਹੋਏ ਘਰ ਛੱਡ ਕੇ ਕਿਤੇ ਚਲੇ ਜਾਣ ਤੇ ਸ਼ਰੀਕਾਂ ਨੂੰ ਉਜਾੜ ਕੇ ਵਿਹੜਾ ਮੋਕਲਾ ਹੋ ਜਾਵੇ। ਇੰਦਰ ਕੁਰ ਉਸ ਤੋਂ ਡਰ-ਡਰ ਕੇ ਰਹਿੰਦੀ ਸੀ ਕਿ ਤਾਈ ਇਨ੍ਹਾਂ ਦੀ ਕੋਈ ਗੱਲ ਨਾ ਬਣਾ ਦੇਵੇ। ਇੱਕ ਦਿਨ ਤਾਂ ਉਸ ਨੇ ਅੱਤ ਹੀ ਚੁੱਕ ਲਈ ਅਖੇ, ''ਲੈ! ਵਿਆਹ ਮੰਗਣੇ ਇਨ੍ਹਾਂ ਦੇ ਮੈਂ ਵੀ ਨ੍ਹੀਂ ਕਿਤੇ ਹੋਣ ਦੇਣੇ, ਤੂੰ ਲਾ ਲਵੀਂ ਜਿੰਨਾ ਜ਼ੋਰ ਮਰਜ਼ੀ।''

ਉਸ ਦਿਨ ਇੰਦਰ ਕੁਰ ਬਹੁਤਾ ਹੀ ਡਰ ਗਈ। ਉਸ ਦੇ ਘਰਵਾਲਾ ਪਾਲਾ ਸਿੰਘ ਸ਼ਹਿਰ ਦੁਕਾਨ ਵਾਸਤੇ ਸੌਦਾ ਲੈਣ ਗਿਆ ਹੋਇਆ ਸੀ। ਉਸ ਨੂੰ ਦਿਨ ਨਹੀਂ ਸੀ ਨਿੱਬੜ ਰਿਹਾ ਕਿ ਕਦੋਂ ਘਰਵਾਲਾ ਘਰੇ ਆਵੇ ਤੇ ਕਦੋਂ ਉਹ ਇੱਥੋਂ ਤੁਰ ਜਾਣ ਦੀ ਵਿਉਂਤ ਬਣਾਉਣ। ਨਿੱਤ ਦੇ ਕਲੇਸ਼ ਤੋਂ ਉਹ ਅੱਕੀ ਪਈ ਸੀ। ਉਨ੍ਹਾਂ ਨੇ ਆਪਣੇ ਵੱਲੋਂ ਪਿੰਡ ਛੱਡਣ ਦੀ ਕਿਸੇ ਨੂੰ ਭਾਫ ਵੀ ਨਹੀਂ ਸੀ ਲੱਗਣ ਦਿੱਤੀ, ਫੇਰ ਵੀ ਪਤਾ ਨਹੀਂ ਕਿਵੇਂ ਉਨ੍ਹਾਂ ਦੀ ਇਹ ਗੁਪਤ ਸਕੀਮ ਘਰ ਦੀਆਂ ਕੰਧਾਂ ਟੱਪ ਕੇ ਬਾਹਰ ਨਿਕਲ ਗਈ ਸੀ। ਸੁੱਚਾ ਜਾਣਬੁੱਝ ਕੇ ਬਹੂ ਨੂੰ ਲੈ ਕੇ ਸਹੁਰਿਆਂ ਦੇ ਖਿਸਕ ਗਿਆ। ਉਹ ਕਈ ਦਿਨ ਨਹੀਂ ਸੀ ਮੁੜਿਆ। ਪਾਲਾ ਸਿੰਘ ਮੂੰਹ ਹਨੇਰੇ ਕਿਰਾਏ ਦਾ ਮਕਾਨ ਲੱਭਣ ਵਾਸਤੇ ਘਰੋਂ ਨਿਕਲ ਜਾਂਦਾ ਕਿ ਸ਼ਹਿਰ ਕੋਈ ਖਾਲੀ ਮਕਾਨ ਸਸਤੇ ਜਿਹੇ ਕਿਰਾਏ ਉੱਤੇ ਮਿਲ ਜਾਵੇ। ਅਖੀਰ ਉਸ ਨੂੰ ਸੰਘਣੀ ਆਬਾਦੀ ਵਾਲੇ ਇੱਕ ਮੁਹੱਲੇ ਵਿਚ ਮਕਾਨ ਮਿਲ ਗਿਆ। ਮਕਾਨ ਭਾਵੇਂ ਛੋਟਾ ਸੀ ਫਿਰ ਵੀ ਉਨ੍ਹਾਂ ਦੀ ਛੋਟੀ ਜਿਹੀ ਟੱਬਰੀ ਦੇ ਗੁਜ਼ਾਰੇ ਜੋਗਾ ਬਹੁਤ ਸੀ।

ਸੁੱਚੇ ਦੀ ਮਾਂ ਕਰਮੋ ਨੇ ਕਿਸੇ ਹੱਥ ਸੁਨੇਹਾ ਭੇਜ ਕੇ ਉਨ੍ਹਾਂ ਦੇ ਚਲੇ ਜਾਣ ਦੀ ਸੂਚਨਾ ਉਸ ਤਾਈਂ ਸਹੁਰੀਂ ਪੁੱਜਦੀ ਕਰ ਦਿੱਤੀ ਤੇ ਉਹ ਪਤਾ ਲੱਗਣ ਸਾਰ ਉਦੋਂ ਹੀ ਪਿੰਡ ਪਹੁੰਚ ਗਿਆ। ਉਸ ਨੇ ਆਉਂਦੇ ਨੇ ਲੋਕ ਦਿਖਾਵੇ ਵਾਸਤੇ ਮਾਂ ਨਾਲ ਝੂਠੀ ਮੂਠੀ ਲੜਨਾ ਸ਼ੁਰੂ ਕਰ ਦਿੱਤਾ ਕਿ ਤੂੰ ਉਨ੍ਹਾਂ ਨਾਲ ਲੜਦੀ ਸੀ ਤਾਹੀਓਂ ਉਹ ਅੱਕੇ ਹੋਏ ਘਰ ਛੱਡ ਕੇ ਚਲੇ ਗਏ। ਉਹਨੇ ਉੱਚੀ-ਉੱਚੀ ਬੋਲ ਕੇ ਸਾਰਾ ਗਲੀ ਗੁਆਂਢ ਇਕੱਠਾ ਕਰ ਲਿਆ ਕਿ ਮੈਂ ਚੱਲਿਐਂ ਉਨ੍ਹਾਂ ਨੂੰ ਪਿੰਡ ਵਾਪਸ ਲਿਆਉਣ ਵਾਸਤੇ ਸਗੋਂ ਉਸ ਨੇ ਆਪਣੀ ਜੁੰਡਲੀ ਦੇ ਦੋ ਚਾਰ ਬੰਦੇ ਵੀ ਨਾਲ ਲੈ ਲਏ ਜਿਨ੍ਹਾਂ ਨੂੰ ਉਸ ਦੀ ਸ਼ੋਸ਼ੇਬਾਜ਼ੀ ਦਾ ਪਹਿਲਾਂ ਭੇਤ ਸੀ।

ਸ਼ਹਿਰ ਭਾਵੇਂ ਛੋਟਾ ਹੋਵੇ, ਪਰ ਬਿਨਾਂ ਸਿਰਨਾਵੇਂ ਤੋਂ ਸ਼ਹਿਰ ਵਿੱਚ ਕਿਸੇ ਦਾ ਘਰ ਲੱਭਣਾ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਦੁਪਹਿਰ ਤੱਕ ਉਹ ਐਵੇਂ ਕਮਲਿਆਂ ਵਾਂਗ ਗਲੀ ਗਲੀ ਘੁੰਮਦੇ ਰਹੇ ਤੇ ਅਖੀਰ ਇੱਕ ਘਰ ਦੇ ਖੁੱਲ੍ਹੇ ਬੂਹੇਤੋਂ ਅੰਦਰ ਝਾਕਿਆ, ਉਨ੍ਹਾਂ ਨੂੰ ਇੱਕ ਬਜ਼ੁਰਗ ਮੰਜੇ ਉੱਤੇ ਬੈਠਾ ਕੇਸ ਵਾਹੁੰਦਾ ਦਿੱਸ ਪਿਆ। ਮਾੜਾ ਜਿਹਾ ਪੈਰ ਮਲਦਿਆਂ ਸੁੱਚੇ ਨੇ ਗਹੁ ਨਾਲ ਤੱਕਿਆ ਤਾਂ ਉਹ ਪਾਲਾ ਸਿੰਘ ਸੀ। ''ਲੈ! ਔਹ ਬੈਠਾ ਚਾਚਾ! ਲੋੜ ਤੋਂ ਵੱਧ ਹੇਜ ਦਿਖਾਉਂਦਾ ਸੁੱਚਾ ਦਬਾ ਦਬ ਅੰਦਰ ਲੰਘ ਗਿਆ ਤੇ ਚਾਚੇ ਦੇ ਗਲ ਲੱਗ ਕੇ ਬੱਚਿਆਂ ਵਾਂਗ ਉੱਚੀ-ਉੱਚੀ ਰੋਣ ਲੱਗ ਪਿਆ। ਉਸ ਨੂੰ ਚੇਤਾ ਭੁੱਲ ਗਿਆ ਕਿ ਉਸ ਦੇ ਨਾਲ ਹੋਰ ਬੰਦੇ ਵੀ ਆਏ ਹਨ। ਉਹ ਕੱਚੇ ਜਿਹੇ ਹੁੰਦੇ ਆਪੇ ਅੰਦਰ ਲੰਘ ਆਏ। ਸੁੱਚੇ ਨੇ ਇੱਕੋ ਹੀ ਰਟ ਲਾਈ ਰੱਖੀ ਕਿ ਅਸੀਂ ਤੁਹਾਨੂੰ ਵਾਪਸ ਲੈਣ ਵਾਸਤੇ ਆਏ ਹਾਂ। ਪਾਲਾ ਸਿੰਘ ਬੈਠਾ ਸੋਚੀ ਜਾ ਰਿਹਾ ਸੀ ਕਿ ਆਹ ਬੰਦੇ ਜਿਹੜੇ ਇਹਦੇ ਨਾਲ ਆਏ ਨੇ, ਇਹ ਕਿਉਂ ਨਹੀਂ ਕੁਸ਼ ਬੋਲਦੇ? ਇਹ ਕਾਹਤੋਂ ਗੂੰਗੇ ਜਿਹੇ ਬਣੇ ਬੈਠੇ ਹਨ?''

ਚਾਚੇ ਭਤੀਜੇ ਵਿੱਚ ਕਿੰਨਾ ਚਿਰ ਬਹਿਸ ਹੁੰਦੀ ਰਹੀ। ਪਾਲਾ ਸਿੰਘ ਦਾ ਮਨ ਏਨਾ ਖੱਟਾ ਹੋ ਚੁੱਕਾ ਸੀ ਕਿ ਉਸ ਦਾ ਤਾਂ ਪਿੰਡ ਦਾ ਨਾਂਅ ਸੁਣਨ ਨੂੰ ਜੀਅ ਨਹੀਂ ਸੀ ਕਰਦਾ। ਫਿਰ ਉਸ ਨੇ ਦੋ ਟੁੱਕ ਫੈਸਲਾ ਸੁਣਾ ਦਿੱਤਾ, ''ਨਹੀਂ ਬਈ ਕਾਕਾ! ਜਦੋਂ ਦੁੱਧ ਫਟ ਕੇ ਕੇਰਾਂ ਉਹਦੇ ਫੁੱਟ ਬਣ ਜਾਣ ਨਾ, ਫੇਰ ਨ੍ਹੀਂ ਉਹ ਮੁੜ ਕੇ ਦੁੱਧ ਬਣਦਾ ਹੁੰਦਾ ਤੇ ਇਹੀ ਗੱਲ ਮਨ ਉੱਤੇ ਵੀ ਢੁੱਕਦੀ ਏ। ਵਾਪਸ ਪਿੰਡ ਜਾਣ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।''

''ਚੰਗਾ ਚਾਚਾ!'' ਸੁੱਚੇ ਨੇ ਇੱਕ ਮੋਮਠਗਣਾ ਹਉਕਾ ਭਰਿਆ, ''ਮੈਂ ਬੜੇ ਮਾਣ ਨਾਲ ਪੰਚੈਤ ਲੈ ਕੇ ਆਇਆ ਸੀ ਤੈਨੂੰ ਲੈਣ, ਚੱਲ ਜੇ ਤੂੰ ਇਉਂ ਈਂ ਮਿਥ ਲਿਐ ਬਈ ਪਿੰਡ ਵਾਪਸ ਨਹੀਂ ਜਾਣਾ ਤਾਂ ਆਪਾਂ ਕੋਈ ਹੋਰ ਸਕੀਮ ਸੋਚ ਲੈਨੇ ਆਂ, ਫੇਰ ਜੇ ਤੂੰ ਬੁਰਾ ਨਾ ਮੰਨਾਵੇ ਤਾਂ ਆਪਾਂ ਇਉਂ ਕਰ ਲੈਨੇ ਆਂ ਬਈ ਤੇਰੇ ਵਾਲਾ ਘਰ ਮੈਂ ਖਰੀਦ ਲੈਂਦਾ ਹਾਂ, ਬੋਲ ਗੱਲ ਕਰ ਕਿੰਨੇ ਵਿੱਚ ਸੌਦਾ ਕਰਨਾ ਏ?'' ਗੱਲ ਪੂਰੀ ਕਰ ਕੇ ਉਹ ਚਾਚੇ ਦੇ ਚਿਹਰੇ ਦੇ ਹਾਵ-ਭਾਵ ਪੜ੍ਹਨ ਲੱਗ ਪਿਆ ਸੀ।

ਨਾਲ ਆਏ ਬੰਦਿਆਂ ਦੇ ਬੁੱਲ੍ਹਾਂ ਉੱਤੇ ਲੱਗਿਆ ਕਰਫਿਊ ਵੀ ਖੁੱਲ੍ਹ ਗਿਆ। ''ਆਹੋ ਜੀ! ਗੱਲ ਤਾਂ ਮੁੰਡੇ ਦੀ ਠੀਕ ਐ, ਸੁੰਨੇ ਪਏ ਘਰ ਤਾਂ ਊਂ ਈਂ ਉਧਰ ਜਾਂਦੇ ਆ, ਘਰ ਵੱਸਦੇ-ਰਸਦੇ ਈ ਸੋਹਣੇ ਲੱਗਦੇ ਨੇ, ਫੇਰ ਊਵੇਂ ਈਂ ਕਰ ਲੋ ਜਿਵੇਂ ਇਹ ਕਹਿੰਦੈ।'' ਬਾਘੇ ਕੇ ਮੱਘਰ ਨੇ ਸੁੱਚੇ ਦਾ ਪੱਖ ਪੂਰਨ ਵਾਲੀ ਗੱਲ ਕੀਤੀ।

''ਆਹੋ ਕਰ ਲੋ ਫੇਰ ਅੱਜ ਈ ਜਿਵੇਂ ਕਰਨੈ, ਨਿੱਤ-ਨਿੱਤ ਕਿੱਥੇ 'ਕੱਠੇ ਹੋਇਆ ਜਾਂਦੈ, ਸਬੱਬ ਨਾਲ ਆਪਾਂ ਸਾਰੇ ਈ ਹਾਜ਼ਰ ਆਂ।'' ਨਘੋਚੀਆਂ ਦੇ ਰੁਲਦੂ ਨੇ ਵੀ ਧਾਈ 'ਤੇ ਧਾਈ ਪਾ ਦਿੱਤੀ ਸੀ, ਪਰ ਚੰਨਣ ਅਮਲੀ ਚੁੱਪ ਬੈਠਾ ਰਿਹਾ।

ਪਾਲਾ ਸਿੰਘ ਨੂੰ ਸਾਰੀ ਚਲਿੱਤਰਬਾਜ਼ੀ ਸਮਝ ਆ ਗਈ। ਉਹਲੇ ਛਿਪੇ ਵਾਲੀ ਕੋਈ ਗੱਲ ਰਹਿ ਨਹੀਂ ਗਈ। ਪਹਿਲਾਂ ਤਾਂ ਨਿੰਮੋਝੂਣਾ ਜਿਹਾ ਹੋ ਕੇ ਬੈਠਾ ਸੋਚਦਾ ਰਿਹਾ ਬਈ ਇਹ ਕਰੀ ਕੀ ਜਾਂਦੇ ਨੇ, ਦੂਜੇ ਨੂੰ ਇਹ ਬੰਦਾ ਈ ਨ੍ਹੀਂ ਸਮਝਦੇ ਵੱਡੇ ਚਤਰੇ, ਫਿਰ ਉਸ ਵਿੱਚ ਪਤਾ ਨਹੀਂ ਕਿੱਥੋਂ ਏਨਾ ਜੇਰਾ ਤੇ ਜੋਸ਼ ਆ ਗਿਆ। ਉਹ ਉਚੀ-ਉਚੀ ਬੋਲਣ ਲੱਗ ਪਿਆ, ''ਅੱਛਾ! ਸੁੱਚਿਆ!! ਫੇਰ ਤੂੰ ਏਸ ਕੰਮ ਆਇਆ ਸੀ ਮੇਰੇ ਕੋਲ, ਮੈਨੂੰ ਨ੍ਹੀਂ ਸੀ ਪਤਾ ਵਿਚਲੀ ਗੱਲ ਦਾ, ਨਾ ਤੂੰ ਇਉਂ ਦੱਸ ਫੇਰ! ਬਈ ਆਹ ਮਗਰਮੱਛ ਵਾਲੇ ਹੰਝੂ ਵਹਾ ਕੇ ਐਡਾ ਡਰਾਮਾ ਕਰਨ ਦੀ ਕੀ ਜ਼ਰੂਰਤ ਸੀ? ਤੂੰ ਮੈਨੂੰ ਸਿੱਧਾ ਈ ਦੱਸ ਦਿੰਦਾ ਬਈ ਮੈਂ ਤਾਂ ਭਾਈ ਚਾਚਾ! ਤੇਰੇ ਕੋਲ ਸ਼ਰੀਕ ਵਪਾਰੀ ਬਣ ਕੇ ਆਇਆਂ, ਸ਼ਾਬਾਸ਼ੇ ਤੇਰੇ ਸੁੱਚਿਆ! ਤੂੰ ਮੇਰੀਆਂ ਧੀਆਂ ਨੂੰ ਕੁੜੀਆਂ ਕਿਮੇਂ ਸਮਝ ਲਿਆ? ਊਏ! ਮੇਰੇ ਇਹ ਪੁੱਤ ਨੇ ਪੁੱਤ! ਜਦੋਂ ਮੈਂ ਇਨ੍ਹਾਂ ਨੂੰ ਵਿਆਹੂੰਗਾ, ਉਦੋਂ ਮੈਂ ਤਿੰਨ ਪੁੱਤਾਂ ਵਾਲਾ ਬਣ ਜਾਊਂਗਾ, ਤੂੰ ਮੈਨੂੰ ਔਂਤ ਕਿਸ ਪਾਸਿਓਂ ਸਮਝ ਲਿਆ ਉਏ? ਲੈ ਸੁਣ ਲੈ, ਤੂੰ ਵੀ ਕੰਨ ਖੋਲ੍ਹ ਕੇ, ਤਿੰਨਾਂ ਵਿੱਚੋਂ ਇੱਕ ਨੂੰ ਘਰ ਜਵਾਈ ਰੱਖ ਕੇ ਉਥੇ ਈ ਥੋਡੀ ਹਿੱਕ ਉੱਤੇ ਦੀਵਾ ਬਾਲੂੰ, ਵੱਡਾ ਆਇਐ ਸੇਠ, ਮੇਰਾ ਮਕਾਨ ਖਰੀਦਣ ਵਾਲਾ, ਹੇਖਾਂ ਹੈ ਇਹਨੂੰ ਸ਼ਰਮ ਦਾ ਘਾਟਾ!''

ਸੁੱਚੇ ਹੋਰੀਂ ਤਾਂ ਉਥੋਂ ਕਦੋਂ ਦੇ ਖਿਸਕ ਗਏ ਸਨ, ਪਰ ਜੋਸ਼ ਵਿੱਚ ਆਇਆ ਪਾਲਾ ਸਿਹੁੰ ਅਜੇ ਵੀ ਉਚੀ-ਉਚੀ ਬੋਲੀ ਜਾ ਰਿਹਾ ਸੀ।




# ਮੈਡੀਕਲ ਅਫਸਰਾਂ ਦੀਆਂ 634 ਅਸਾਮੀਆਂ ਲਈ 9 ਅਤੇ 10 ਨਵੰਬਰ ਨੂੰ ਹੋਵੇਗੀ ਵਾਕ-ਇਨ ਇੰਟਰਵਿਊ

### * ਪੰਜਾਬ ਸਰਕਾਰ ਵੱਲੋਂ 634 ਸਪੈਸ਼ਲਿਸਟ ਡਾਕਟਰਾਂ ਦੀ ਭਰਤੀ ਜਲਦ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਸਿਹਤ ਸੰਭਾਲ ਸਹੂਲਤਾਂ ਵਿੱਚ ਸੁਧਾਰ ਕਰਨ ਵੱਲ ਵੱਡੀ ਪੁਲਾਂਘ ਪੱਟਦਿਆਂ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿਹਤ ਵਿਭਾਗ ਵਿੱਚ ਸਪੈਸ਼ਲਿਸਟ ਡਾਕਟਰਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਡਾਇਰੈਕਟੋਰੇਟ ਸਿਹਤ ਅਤੇ ਪਰਿਵਾਰ ਭਲਾਈ ਨੇ 634 (ਅਹੁਦਿਆਂ ਦੀ ਗਿਣਤੀ ਵਧ ਜਾਂ ਘਟ ਸਕਦੀ ਹੈ) ਮੈਡੀਕਲ ਅਫਸਰਾਂ (ਸਪੈਸ਼ਲਿਸਟ) ਦੀ ਭਰਤੀ ਲਈ ਵਾਕ-ਇਨ ਇੰਟਰਵਿਊ ਲਈ ਜਨਤਕ ਨੋਟਿਸ ਜਾਰੀ ਕੀਤਾ ਹੈ।

ਇਹ ਇੰਟਰਵਿਊ 9 ਅਤੇ 10 ਨਵੰਬਰ ਨੂੰ ਸਵੇਰੇ 10:00 ਵਜੇ ਤੋਂ ਡਾਇਰੈਕਟੋਰੇਟ ਸਿਹਤ ਅਤੇ ਪਰਿਵਾਰ ਭਲਾਈ ਪੰਜਾਬ, ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ ਵਿਖੇ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਜਦੋਂ ਤੋਂ ਉਨ੍ਹਾਂ ਨੇ ਸਿਹਤ ਵਿਭਾਗ ਦਾ ਚਾਰਜ ਸੰਭਾਲਿਆ ਹੈ, ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਪੇਂਡੂ ਖੇਤਰਾਂ ਵਿੱਚ ਡਾਕਟਰਾਂ ਵਿਸ਼ੇਸ਼ ਤੌਰ 'ਤੇ ਮਾਹਿਰ ਡਾਕਟਰਾਂ ਦੀ ਘਾਟ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੀਆਂ ਜਨਤਕ ਸਿਹਤ ਸੰਸਥਾਵਾਂ ਵਿੱਚ ਦੇਖਭਾਲ ਸਹੂਲਤਾਂ ਦੇ ਸੁਧਾਰ ਵੱਲ ਕੋਈ ਧਿਆਨ ਨਹੀਂ ਦਿੱਤਾ।

ਸਿਹਤ ਵਿਭਾਗ ਵਿੱਚ ਇਸ ਵਿਆਪਕ ਭਰਤੀ ਮੁਹਿੰਮ ਬਾਰੇ ਹੋਰ ਜਾਣਕਾਰੀ ਦਿੰਦਿਆਂ ਸ. ਜੌੜਾਮਾਜਰਾ ਨੇ ਦੱਸਿਆ ਕਿ ਇਨ੍ਹਾਂ 634 ਅਸਾਮੀਆਂ ਵਿੱਚ ਵੱਖ-ਵੱਖ ਮਾਹਰ ਸ਼ਾਮਲ ਹਨ ਜਿਵੇਂ ਕਿ ਮੈਡੀਸਨ ਨਾਲ ਸਬੰਧਤ 103, ਜਨਰਲ ਸਰਜਰੀ 78, ਗਾਇਨੀਕੋਲੋਜੀ 100, ਪੀਡੀਆਟ੍ਰਿਕਸ 122, ਅਨੈਸਥੀਸੀਆ 75, ਆਰਥੋ 113, ਰੇਡਿਓਲੋਜੀ 31, ਈ.ਐਨ.ਟੀ. 16, ਅੱਖਾਂ ਦੇ ਮਾਹਰ 16, ਸਕਿੱਨ ਐਂਡ ਵੀ.ਡੀ. 24, ਮਨੋਰੋਗ ਮਾਹਰ 10, ਛਾਤੀ ਅਤੇ ਟੀ.ਬੀ. ਦੇ ਮਾਹਰ 6, ਪੈਥੋਲੋਜੀ 12, ਮਾਈਕਰੋਬਾਇਓਲੋਜੀ 5, ਕਮਿਊਨਿਟੀ ਮੈਡੀਸਨ 4, ਬੀ.ਟੀ.ਓ. 9 ਅਤੇ ਫੋਰੈਂਸਿਕ ਮੈਡੀਸਨ 12 ਸ਼ਾਮਲ ਹਨ। ਸਪੈਸ਼ਲਿਟੀ ਅਨੁਸਾਰ ਬ੍ਰੇਕ-ਅੱਪ, ਐਪਲੀਕੇਸ਼ਨ ਫਾਰਮੈਟ ਅਤੇ ਹੋਰ ਵੇਰਵੇ ਵੈਬਸਾਈਟ 'ਤੇ ਦੇਖੇ ਜਾ ਸਕਦੇ ਹਨ। ਉਮੀਦਵਾਰਾਂ ਨੂੰ 01.11.2022 ਤੱਕ ਵੈਬਸਾਈਟ 'ਤੇ ਆਪਣਾ ਆਨਲਾਈਨ ਅਰਜ਼ੀ ਫਾਰਮ ਜਮ੍ਹਾਂ ਕਰਾਉਣ ਦੀ ਅਪੀਲ ਕੀਤੀ ਜਾਂਦੀ ਹੈ।







FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017